# ਕੈਨੇਡਾ ਦਰਪਣ

ਫਰਵਰੀ 17, 1984

**February 17, 1984**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

East Indian Community Newspaper

ਹਫ਼ਤੇਵਾਰ

ਕੀਮਤ 30¢

Out of Greater Vancouver
Price 40¢

Second Class Mail - Reg. No. 5991

# ਕੈਨੇਡਾ ਦਰਪਣ

P.O. BOX 67344 STN. 'O'
VANCOUVER, B.C. V5W 3T1

Vol. 3 No. 6 Weekending Feb. 17, 1984

Editor's Res. PHONE. (604)321-6360

The Canada Darpan
Punjabi Weekly Newspaper

## ਸੰਤ ਲੌਂਗੋਵਾਲ ਨੇ ਟੌਹੜਾ ਨੂੰ ਕਿਹਾ :

# ਭਿੰਡਰਾਂਵਾਲਾ ਦੇ ਬੋਲਣ ਤੇ ਪਾਬੰਦੀ ਲਾਓ

ਅੰਮ੍ਰਿਤਸਰ—(ਫੋਨ ਰਾਹੀਂ), ਸ਼ਰੋਮਣੀ ਅਕਾਲੀ ਦਲ ਦੇ ਮੋਰਚਾ ਡਿਕਟੇਟਰ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਸੱਦੇ ਤੇ ਅੱਠ ਫਰਵਰੀ ਨੂੰ ਪੰਜਾਬ ਬੰਦ ਰਿਹਾ। ਪੰਜਾਬ ਵਿਚ ਕੁਲ 35 ਗ੍ਰਿਫਤਾਰੀਆਂ ਹੋਈਆਂ ਅਤੇ ਵੱਖ ਵੱਖ ਥਾਵਾਂ ਤੇ ਪੁਲਸ ਅਤੇ ਮੁਜ਼ਾਹਰਾਕਾਰੀਆਂ ਵਿਚ ਝੜਪਾਂ ਦੀਆਂ ਖਬਰਾਂ ਵੀ ਮਿਲੀਆਂ ਹਨ। ਸਾਡੇ ਪੱਤਰ ਪ੍ਰੇਰਕ ਅਨੁਸਾਰ ਵੱਖ ਵੱਖ ਥਾਵਾਂ ਤੇ ਝੜਪਾਂ ਵਿਚ 6 ਵਿਅਕਤੀ ਜ਼ਖਮੀ ਹੋਏ ਹਨ। ਪਰ ਸਮੁੱਚੇ ਤੌਰ ਤੇ "ਪੰਜਾਬ ਬੰਦ" ਪੁਰ ਅਮਨ ਰਿਹਾ।

ਪੰਜਾਬ ਬੰਦ ਹੋਣ ਤੋਂ ਪਹਿਲਾਂ 7 ਫਰਵਰੀ ਨੂੰ ਸੰਤ ਲੌਂਗੋਵਾਲ ਨੇ ਇਹਨਾਂ ਖਬਰਾਂ ਦਾ ਖੰਡਨ ਕੀਤਾ ਕਿ ਸ਼ਰੋਮਣੀ ਅਕਾਲੀ ਦਲ ਦੇ ਸੀਨੀਅਰ ਨੇਤਾ ਭਾਰਤ ਦਾ ਸੰਵਿਧਾਨ ਪਾਰਲੀਮੈਂਟ ਦੇ ਸਾਹਮਣੇ ਸਾੜਨਗੇ। ਉਹਨਾਂ ਕਿਹਾ ਸਾਡਾ ਰੌਲਾ ਭਾਰਤ ਦੇ ਸਮੁੱਚੇ ਸੰਵਿਧਾਨ ਦੇ ਨਾਲ ਨਹੀਂ ਹੈ। "ਅਸੀਂ ਕੇਵਲ ਸੰਵਿਧਾਨ ਦੀ ਧਾਰਾ 25 ਦੇ ਵਿਰੋਧੀ ਹਾਂ। ਅਸੀਂ ਚਾਹੁੰਦੇ ਹਾਂ ਕਿ ਇਹ ਧਾਰਾ ਬਦਲ ਦਿੱਤੀ ਜਾਵੇ ਜਿਸ ਨਾਲ ਸਿੱਖਾਂ ਦੀ ਵੱਖਰੀ ਹੋਂਦ ਅਤੇ ਸ਼ਨਾਖਤ ਕਾਇਮ ਹੋਵੇਗੀ।"

ਸੰਤ ਲੌਂਗੋਵਾਲ ਨੇ ਕਿਹਾ ਕਿ ਸ਼ਰੋਮਣੀ ਅਕਾਲੀ ਦਲ ਭਾਰਤ ਦੇ ਸੰਵਿਧਾਨ ਦੇ ਜਮਹੂਰੀ ਹੋਣ ਦੀ ਹੋਂਦ ਨੂੰ ਮੰਨਦਾ ਹੈ। ਨਾਲ ਹੀ ਉਹਨਾਂ ਨੇ ਕਿਹਾ ਕਿ ਸਿਖ ਭਾਰਤ ਵਿਚ ਹੀ ਮਾਣ ਅਤੇ ਇਜ਼ਤ ਨਾਲ ਰਹਿਣਾ ਚਾਹੁੰਦੇ ਹਨ। "ਅਸੀਂ ਵੱਖਰੇ ਹੋਣ ਦੀ ਗੱਲ ਕਦੇ ਨਹੀਂ ਕੀਤੀ।" ਉਹਨਾਂ ਕਿਹਾ ਕਿ ਅਕਾਲੀ ਦਲ ਸ਼ਾਂਤੀ ਦਾ ਮੁਦੱਈ ਹੈ।

ਪੱਤਰਕਾਰਾਂ ਵਲੋਂ ਇਹ ਪੁੱਛੇ ਜਾਣ ਤੇ ਕਿ ਜਰਨੈਲ ਸਿੰਘ ਭਿੰਡਰਾਂਵਾਲੇ ਨੇ ਅਤਿਵਾਦੀਆਂ ਨੂੰ ਇਨਾਮ ਅਤੇ ਪਨਾਹ ਦੇਣ ਦੀ ਜੋ ਗੱਲ ਆਖੀ ਹੈ, ਸੰਤ ਲੌਂਗੋਵਾਲ ਨੇ ਜਵਾਬ ਵਿਚ ਕਿਹਾ ਕਿ ਭਿੰਡਰਾਂਵਾਲੇ ਦੇ ਅਜਿਹੇ ਬਿਆਨ ਹੀ ਪਰੇਸ਼ਾਨੀ ਪੈਦਾ ਕਰਦੇ ਹਨ। ਸੰਤ ਲੌਂਗੋਵਾਲ ਨੇ ਕਿਹਾ ਕਿ ਮੈਂ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ ਬੇਨਤੀ ਕੀਤੀ ਹੈ ਕਿ ਭਿੰਡਰਾਂਵਾਲੇ ਵਲੋਂ ਮੰਜੀ ਸਾਹਿਬ ਵਿਚ ਦਿੱਤੇ ਜਾਂਦੇ ਭਾਸ਼ਨਾ ਤੇ ਰੋਕ ਲਾਈ ਜਾਵੇ। ਉਹਨਾਂ ਕਿਹਾ ਕਿ ਭਿੰਡਰਾਂਵਾਲਾ ਅਜਿਹੇ ਬਿਆਨ ਦਿੰਦੇ ਹਨ ਜਿਸ ਨਾਲ ਸ਼ਰੋਮਣੀ ਅਕਾਲੀ ਦਲ ਦੀ ਤਾਕਤ ਕਮਜ਼ੋਰ ਹੁੰਦੀ ਹੈ।

ਸੰਤ ਲੌਂਗੋਵਾਲ ਨੇ ਕਿਹਾ ਕਿ ਸ਼ਰੋਮਣੀ ਅਕਾਲੀ ਦਲ ਵਿਚ ਫੈਸਲੇ ਬਹੁਮੱਤ ਨਾਲ ਹੁੰਦੇ ਹਨ। ਤਾਕਤ ਹਮੇਸ਼ਾਂ ਆਖਰੀ ਹਥਿਆਰ ਹੁੰਦੀ ਹੈ। ਫੈਸਲੇ ਜਮਹੂਰੀ ਢੰਗ ਨਾਲ ਹੁੰਦੇ ਹਨ।

## ਬੀਬੀ ਨਿਰਲੇਪ ਕੌਰ ਵਲੋਂ ਭਿੰਡਰਾਂਵਾਲੇ ਦੀ ਫਿਰ ਨਿਖੇਧੀ

ਬੀਬੀ ਨਿਰਲੇਪ ਕੌਰ ਨੇ ਭਿੰਡਰਾਂਵਾਲਾ ਤੇ ਦੋਸ਼ ਲਾਇਆ ਹੈ ਕਿ ਉਹ ਸ਼੍ਰੀ ਅਕਾਲ ਤਖਤ ਸਾਹਿਬ ਦੀ ਮਰਿਯਾਦਾ ਭੰਗ ਕਰ ਰਹੇ ਹਨ। ਇਥੋਂ ਤੱਕ ਕਿ ਸ਼੍ਰੀ ਅਕਾਲ ਤਖਤ ਸਾਹਿਬ ਦੀ ਛੱਤ ਤੇ ਗੰਦੇ ਕੱਪੜੇ ਧੋਤੇ ਜਾਂਦੇ ਹਨ ਅਤੇ ਸੁਕਾਏ ਜਾਂਦੇ ਹਨ। ਉਹਨਾਂ ਕਿਹਾ ਕਿ ਉਹ ਜਥੇਦਾਰ ਟੌਹੜਾ ਨੂੰ ਮਿਲਕੇ ਬੇਨਤੀ ਕਰਨਗੇ ਕਿ ਭਿੰਡਰਾਂਵਾਲੇ ਨੂੰ ਸ਼੍ਰੀ ਅਕਾਤ ਤਖਤ ਸਾਹਿਬ ਤੋਂ ਬਾਹਰ ਕੱਢਿਆ ਜਾਵੇ। ਉਹਨਾਂ ਕਿਹਾ ਕਿ ਜੇ ਜਥੇਦਾਰ ਟੌਹੜਾ ਨੇ ਕੋਈ ਕਾਰਵਾਈ ਨਾ ਕੀਤੀ ਤਾਂ ਉਹ ਸ਼੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬ ਨੂੰ ਹੁਕਮਨਾਮਾ ਜਾਰੀ ਕਰਨ ਲਈ ਬੇਨਤੀ ਕਰਨਗੇ ਕਿ ਸ਼੍ਰੀ ਅਕਾਲ ਤਖਤ ਸਾਹਿਬ ਦੀ ਪਵਿੱਤਰਤਾ ਕਾਇਮ ਰੱਖੀ ਜਾਵੇ।

## ਤਿੰਨ ਧਿਰੀ ਵਾਰਤਾ ਸ਼ੁਰੂ

ਸਾਡੇ ਪੱਤਰ ਪਰੇਰਕ ਅਨੁਸਾਰ ਨਵੀਂ ਦਿੱਲੀ ਵਿਚ ਵਿਰੋਧੀ ਪਾਰਟੀਆਂ ਅਤੇ ਸਰਕਾਰ ਵਿਚਕਾਰ ਪੰਜਾਬ ਦੇ ਮਸਲੇ ਨੂੰ ਹੱਲ ਕਰਨ ਲਈ ਗੱਲਬਾਤ ਸ਼ੁਰੂ ਹੋ ਗਈ ਹੈ। 6 ਫਰਵਰੀ ਨੂੰ ਹੋਈ ਮੀਟਿੰਗ ਵਿਚ ਸਰਕਾਰ ਵਲੋਂ ਗ੍ਰਹਿ ਮੰਤਰੀ ਪ੍ਰਕਾਸ਼ ਚੰਦ ਸੇਠੀ, ਪਰਨਾਵ ਮੁਕਰਜੀ, ਬੂਟਾ ਸਿੰਘ ਆਦਿ ਮੰਤਰੀ ਸ਼ਾਮਲ ਹੋਏ। ਜੰਤਾ ਪਾਰਟੀ ਵਲੋਂ ਚੰਦਰ ਸ਼ੇਖਰ ਅਤੇ ਬਿਜੂ ਪਟਨਾਇਕ ਅਤੇ ਕਮਿਊਨਿਸਟ ਪਾਰਟੀਆਂ ਵਲੋਂ ਇੰਦਰਜੀਤ ਗੁਪਤਾ ਅਤੇ ਇੰਦਰਜੀਤ ਸਿਨਹਾ ਸ਼ਾਮਲ ਸਨ। ਮੀਟਿੰਗ ਵਿਚ ਸ਼੍ਰੀਮਤੀ ਇੰਦਰਾ ਗਾਂਧੀ ਨੇ ਕਿਹਾ ਕਿ ਧਾਰਮਿਕ ਮੰਗਾਂ ਮੰਨਣ ਵਿਚ ਅਸੀਂ ਪਹਿਲ ਕੀਤੀ ਹੈ ਪਰ ਆਲ ਇੰਡੀਆ ਗੁਰਦੁਆਰਾ ਐਕਟ ਸਬੰਧੀ ਫੈਸਲਾ ਇਸ ਗੱਲ ਕਾਰਨ ਅੜਿਆ ਹੈ ਕਿ ਅਕਾਲੀ ਨੇਤਾ ਆਪਸ ਵਿਚ ਸਹਿਮਤ ਨਹੀਂ ਹਨ ਕਿ ਕਿਹੜੇ ਗੁਰਦੁਆਰੇ ਇਸ ਐਕਟ ਅਧੀਨ ਲਿਆਂਦੇ ਜਾਣ। ਜੇ ਅਕਾਲੀ ਨੇਤਾ ਇਨ੍ਹਾਂ ਬਾਰੇ ਆਪੋ ਵਿਚ ਫੈਸਲਾ ਕਰ ਲੈਣ ਤਾਂ ਕੇਂਦਰ ਸਰਕਾਰ ਨੂੰ ਆਲ ਇੰਡੀਆ ਗੁਰਦੁਆਰਾ ਐਕਟ ਬਣਾਉਣ ਵਿਚ ਕੋਈ ਹਿਚਕਚਾਹਟ ਨਹੀਂ। ਉਹਨਾਂ ਕਿਹਾ ਕਿ ਅਸੀਂ ਵਿਰੋਧੀ ਪਾਰਟੀਆਂ ਦੀ ਮੰਗ ਨਾਲ ਸਹਿਮਤ ਹਾਂ ਕਿ ਪਾਣੀਆਂ ਦਾ ਮਸਲਾ ਸੁਪਰੀਮ ਕੋਰਟ ਹਵਾਲੇ ਕਰ ਦਿੱਤਾ ਜਾਵੇ। ਚੰਡੀਗੜ੍ਹ ਸਬੰਧੀ 1971 ਦਾ ਐਵਾਰਡ ਲਾਗੂ ਕਰਨ ਲਈ ਅਸੀਂ ਵਚਨਬਧ ਹਾਂ। ਪਰ ਨਾਲ ਹੀ ਆਪਣੀ ਅੜੀ ਜਾਰੀ ਰੱਖਦਿਆਂ ਸ਼੍ਰੀਮਤੀ ਗਾਂਧੀ ਨੇ ਕਿਹਾ ਕਿ ਹਿੰਸਾ ਸਾਹਮਣੇ ਸਰਕਾਰ ਕਦੇ ਨਹੀਂ ਝੁਕੇਗੀ। ਉਹਨਾਂ ਕਿਹਾ ਕਿ ਬੁਨਿਆਦੀ ਦੋ ਸ਼ਰਤਾ ਹਨ। ਪਹਿਲਾ ਪੰਜਾਬ ਵਿਚ ਹਿੰਸਾ ਰੋਕੀ ਜਾਵੇ ਤੇ ਦੂਜਾ ਧਾਰਮਿਕ ਸਥਾਨਾਂ ਨੂੰ ਪਨਾਹ ਲਈ ਨਾ ਵਰਤਿਆ ਜਾਵੇ। ਉਹਨਾਂ ਕਿਹਾ ਕਿ ਸਿੱਖਾਂ ਦਾ ਵਿਤਕਰੇ ਦਾ ਦੋਸ਼ ਸਰਾਸਰ ਗਲਤ ਹੈ।

## ਬਾਦਲ ਤੇ ਟੌਹੜਾ ਰਾਜੀਵ ਨੂੰ ਮਿਲੇ

ਸਾਡੇ ਪੱਤਰ ਪ੍ਰੇਰਕ ਅਨੁਸਾਰ ਪੰਜਾਬ ਦੇ ਸਾਬਕਾ ਮੁਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਸ਼ਰੋਮਣੀ ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਦਿੱਲੀ ਵਿਚ ਕਾਂਗਰਸ ਦੇ ਜਨਰਲ ਸਕੱਤਰ ਰਾਜੀਵ ਗਾਂਧੀ ਨੂੰ ਮਿਲੇ। ਸਮਝਿਆ ਜਾਂਦਾ ਹੈ ਕਿ ਇਹ ਮੁਲਾਕਾਤ ਇਸ ਕਾਰਨ ਕੀਤੀ ਗਈ ਕਿ ਦੇਖਿਆ ਜਾਵੇ ਕਿ ਮੰਗਾਂ ਸਬੰਧੀ ਕਾਂਗਰਸ ਦਾ ਕੀ ਸਟੈਂਡ ਹੈ।

## ਪੰਜਾਬ ਵਿਚ ਹਿੰਸਾ ਜਾਰੀ

ਚੰਡੀਗੜ੍ਹ—(ਫੋਨ ਰਾਹੀਂ), ਸਾਰੇ ਪੰਜਾਬ ਵਿਚ ਅਤਿਵਾਦੀ ਕਾਰਵਾਈਆਂ ਅਜੇ ਉਸੇ ਤਰ੍ਹਾਂ ਜਾਰੀ ਹਨ ਅਤੇ ਸੰਤ ਭਿੰਡਰਾਂਵਾਲੇ ਦੇ ਹਰ ਰੋਜ਼ ਦਿੱਤੇ ਬਿਆਨ ਤੇ ਹੱਲਾ ਸ਼ੇਰੀਆਂ ਪੰਜਾਬ ਵਿਚ ਹਿੰਸਾਤਮਕ ਘਟਨਾਵਾਂ ਨੂੰ ਹੋਰ ਹਵਾ ਦੇ ਰਹੀਆਂ ਹਨ। ਸਾਡੇ ਪੱਤਰ ਪ੍ਰੇਰਕ ਅਨੁਸਾਰ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਅਜਿਹੇ ਬਿਆਨ ਦਾਗ ਰਹੇ ਹਨ ਜਿਸ ਨਾਲ ਸਮਾਜ ਵਿਰੋਧੀ ਅਨਸਰ ਸ਼ਹਿ ਪ੍ਰਾਪਤ ਕਰਕੇ ਅਜੇਹੀਆਂ ਕਾਰਵਾਈਆਂ ਜਾਰੀ ਰੱਖ ਰਿਹਾ ਹੈ।

## ਤਿੰਨ ਅਤਿਵਾਦੀ ਤੇ ਦੋ ਪੁਲਸੀਏ ਹਲਾਕ

### ਹੁਸ਼ਿਆਰਪੁਰ ਦੇ ਪਿੰਡ ਸਮੁੰਦਰਾਂ ਵਿਚ ਬੈਂਕ ਡਾਕਾ

ਜਲੰਧਰ—(ਫੋਨ ਰਾਹੀਂ), ਜ਼ਿਲਾ ਹੁਸ਼ਿਆਰਪੁਰ ਦੇ ਪਿੰਡ ਸਮੁੰਦਰਾਂ ਵਿਚ ਅਤਿਵਾਦੀਆਂ ਵਲੋਂ ਇਕ ਬੈਂਕ ਤੇ ਹਮਲਾ ਕਰਨ ਸਮੇਂ ਹੈਡ ਕਾਂਸਟੇਬਲ ਜਸਵੰਤ ਸਿੰਘ ਅਤੇ ਸਿਪਾਹੀ ਮਨਜੀਤ ਸਿੰਘ ਹਲਾਕ ਹੋ ਗਏ ਹਨ। ਪੁਲਸ ਦੀਆਂ ਗੋਲੀਆਂ ਨਾਲ ਤਿੰਨ ਅਤਿਵਾਦੀ ਵੀ ਗੋਲੀਆਂ ਦਾ ਸ਼ਿਕਾਰ ਹੋ ਗਏ।

ਪਰਸੋਂ ਜਦੋਂ, ਤਿੰਨ ਅਤਿਵਾਦੀਆਂ ਨੇ ਪਿੰਡ ਦੀ ਬੈਂਕ ਤੇ ਹਮਲਾ ਕੀਤਾ ਤਾਂ ਇਕ ਅਤਿਵਾਦੀ ਬੈਂਕ ਦੇ ਬਾਹਰ ਖੜ ਗਿਆ ਅਤੇ ਦੋ ਅੰਦਰ ਚਲੇ ਗਏ। ਬਾਹਰਲੇ ਅਤਿਵਾਦੀ ਨੇ ਜਦੋਂ ਹਵਾਈ ਫਾਇਰ ਕੀਤਾ ਤਾਂ ਹਰਮੇਲ ਸਿੰਘ ਕੈਸ਼ੀਅਰ ਨੇ ਬੈਂਕ ਦੀਆਂ ਚਾਬੀਆਂ ਅੰਦਰ ਵੜੇ ਦੋਹਾਂ ਅਤਿਵਾਦੀਆਂ ਦੇ ਸਾਹਮਣੇ ਸੁੱਟ ਦਿੱਤੀਆਂ। ਬੈਂਕ ਦੇ ਗੰਨ ਮੈਨ ਪ੍ਰੀਤਮ ਸਿੰਘ ਦੇ ਗੋਲੀ ਮਾਰੀ ਗਈ। ਬੈਂਕ ਦੇ ਦੂਜੇ ਕਰਮਚਾਰੀਆਂ ਨੇ ਬੈਂਕ ਦੇ ਸ਼ੱਟਰ ਬੰਦ ਕਰ ਦਿੱਤੇ। ਉਦੋਂ ਤੱਕ ਤੀਜਾ ਅਤਿਵਾਦੀ ਵੀ ਅੰਦਰ ਆ ਚੁੱਕਿਆ ਸੀ। ਇਸ ਤਰ੍ਹਾਂ ਕਰਮਚਾਰੀ ਵੀ ਅਤੇ ਤਿੰਨੇ ਅਤਿਵਾਦੀ ਵੀ ਬੈਂਕ ਦੇ ਅੰਦਰ ਘਿਰ ਗਏ।

ਪਿੰਡ ਦੇ ਲੋਕਾਂ ਵਲੋਂ ਪੁਲਸ ਨੂੰ ਸੂਚਨਾ ਦਿੱਤੀ ਗਈ। ਹੈਡ ਕਾਂਸਟੇਬਲ ਜਸਵੰਤ ਸਿੰਘ ਅਧੀਨ ਪੁਲਸ ਪਾਰਟੀ ਨੇ ਬਾਹਰੋਂ ਫਾਇਰ ਕੀਤੇ ਤਾਂ ਅੰਦਰੋਂ ਅਤਿਵਾਦੀਆਂ ਨੇ ਵੀ ਗੋਲੀ ਚਲਾਉਣੀ ਸ਼ੁਰੂ ਕਰ ਦਿੱਤੀ। ਅਤਿਵਾਦੀਆਂ ਦੀਆਂ ਗੋਲੀਆਂ ਨਾਲ ਹੈਡ ਕਾਂਸਟੇਬਲ ਜਸਵੰਤ ਸਿੰਘ ਅਤੇ ਸਿਪਾਹੀ ਮਨਜੀਤ ਸਿੰਘ ਮਾਰੇ ਗਏ। ਪੁਲਸ ਵਲੋਂ ਫਾਇਰਿੰਗ ਨਾਲ ਤਿੰਨੇ ਅਤਿਵਾਦੀ ਹਲਾਕ ਹੋ ਗਏ। ਤਾਜ਼ੀ ਸੂਚਨਾ ਅਨੁਸਾਰ ਬੈਂਕ ਦਾ ਇਕ ਹੋਰ ਕਰਮਚਾਰੀ ਵੀ ਇਸ ਦੌਰਾਨ ਮਾਰਿਆ ਗਿਆ ਅਤੇ ਦੋ ਕਰਮਚਾਰੀ ਜ਼ਖਮੀ ਹੋਏ। ਜਿੰਨਾਂ ਨੂੰ ਹਸਪਤਾਲ ਪਹੁੰਚਾ ਦਿੱਤਾ ਗਿਆ। ਕੱਲ੍ਹ ਦੋਵਾਂ ਪੁਲਸ ਵਾਲਿਆਂ ਦਾ ਦਾਹ ਸੰਸਕਾਰ ਹੋਇਆ। ਸਰਕਾਰ ਵਲੋਂ ਹੈਡ ਕਾਂਸਟੇਬਲ ਜਸਵੰਤ ਸਿੰਘ ਦੇ ਪਰਵਾਰ ਨੂੰ 40,000 ਅਤੇ ਸਿਪਾਹੀ ਮਨਜੀਤ ਸਿੰਘ ਦੇ ਪਰਵਾਰ ਨੂੰ 30,000 ਰੁਪਏ ਦੀ ਸਰਕਾਰੀ ਸਹਾਇਤਾ ਦਾ ਐਲਾਨ ਕੀਤਾ ਗਿਆ। ਦੋਵਾਂ ਨੂੰ ਪੰਦਰਾਂ ਪੰਦਰਾਂ ਹਜ਼ਾਰ ਐਕਸ ਗਰੇਸ਼ੀਆ ਗਰਾਂਟ ਵੀ ਮਿਲੇਗੀ।

**ਅੰਦਰ ਪੜ੍ਹੋ : ਪੰਜਾਬ ਬਾਰੇ ਵਿਸ਼ੇਸ਼**

## ਸਿਪਾਹੀ ਨੂੰ ਗੋਲੀ ਮਾਰੀ ਗਈ

ਅੰਮ੍ਰਿਤਸਰ ਵਿਚ ਤਰਲੋਕ ਚੰਦ ਨਾਂ ਦੇ ਸਿਪਾਹੀ ਨੂੰ ਗੋਲੀ ਮਾਰ ਦਿੱਤੇ ਜਾਣ ਦੀ ਖਬਰ ਹੈ। ਇਹ ਪਤਾ ਨਹੀਂ ਲੱਗ ਸਕਿਆ ਕਿ ਸਿਪਾਹੀ ਅਜੇ ਜਿੰਦਾ ਹੈ ਜਾਂ ਨਹੀਂ।

Autoplan
1984 INSURANCE & LICENCE

ਵੈਨਕੂਵਰ ਤੋਂ ਬਾਹਰ ਬੈਠੇ ਵੀਰਾਂ ਲਈ - ਤੁਸੀਂ ਆਪਣੇ I.C.B.C. ਤੋਂ ਆਏ ਹੋਏ ਇਨਸ਼ੋਰੈਂਸ ਦੇ ਪੇਪਰ ਡਾਕ ਰਾਹੀਂ ਭੇਜੋ ਅਤੇ ਆਪਣੇ ਮਨ ਪਸੰਦ ਦਾ ਤੋਹਫ਼ਾ - ਟੇਪਾਂ, ਪੈਨ ਜਾਂ ਘੜੀ ਹਾਸਲ ਕਰੋ

Discount Rates on Less Than 25 Yrs. Old Houses

FOR BEST - Automobile, House, Life, Sickness Insurance etc.

**Kummiker S. Rangi**
AND
**Gill Insurance Services Co. Ltd.**

Renew Your Autoplan & Get SIX FREE recorded tapes - Gazals, Qawalis, Film Song, of Hindi/Punjabi(Disco Dance) or religious songs(Muskin) watch pen or a watch.

Life Insurance
age 30 yrs.
$1 million Insurance
$650 Annual premium
For more Information Call Mr. Rangi

3905 B Knight St.(upstairs),
Vancouver, B.C. V5N 3L8

879-5522 876-7616 Res. 421-4672



President Director
K.S. RANGI

ਕੈਨੇਡਾ ਦਰਪਣ

## ਨਿਊਵੈਸਟਮਿਨਸਟਰ ਗੁਰਦੁਆਰੇ ਵਿਚ CFU ਵਲੋਂ ਸ਼ਾਨਦਾਰ ਜੋੜਮੇਲਾ

ਕਨੇਡੀਅਨ ਫਾਰਮਵਰਕਰਜ਼ ਯੂਨੀਅਨ(CFU) ਵਲੋਂ ਐਤਵਾਰ, 5 ਫਰਵਰੀ ਨੂੰ ਨਿਊਵੈਸਟਮਿਨਸਟਰ ਗੁਰਦੁਆਰੇ ਵਿਚ ਇਕ ਸ਼ਾਨਦਾਰ ਜੋੜਮੇਲਾ ਕੀਤਾ ਗਿਆ, ਜਿਸ ਵਿਚ ਕਰੀਬ 7-800 ਲੋਕਾਂ ਨੇ ਹਿਸਾ ਲਿਆ। ਇਹ ਪਹਿਲਾ ਮੌਕਾ ਹੈ ਕਿ ਯੂਨੀਅਨ ਨੇ ਇਹੋ ਜਿਹਾ ਪ੍ਰੋਗਰਾਮ ਕੀਤਾ ਹੈ।

ਯੂਨੀਅਨ ਦੇ ਪ੍ਰਧਾਨ ਰਾਜ ਚੌਹਾਨ ਨੇ ਆਪਦੀ ਤਕਰੀਰ ਵਿਚ ਖੇਤ ਮਜ਼ਦੂਰਾਂ ਨੂੰ ਯੂਨੀਅਨ ਵਿਚ ਸ਼ਾਮਲ ਹੋਣ ਅਤੇ ਇਸ ਨੂੰ ਹੋਰ ਮਜ਼ਬੂਤ ਕਰਨ ਲਈ ਪ੍ਰੇਰਿਆ। ਉਹਨਾਂ ਨੇ ਕਿਹਾ ਕਿ ਜਦ ਇਹ ਐਲਾਨ ਕੀਤਾ ਗਿਆ ਕਿ ਯੂਨੀਅਨ ਵਲੋਂ ਜੋੜਮੇਲਾ ਕਰਨਾ ਹੈ ਤਾਂ ਕੁਝ ਲੋਕਾਂ ਨੇ ਇਸ ਪ੍ਰਤੀ ਕਿੰਤੂ ਕੀਤਾ। ਰਾਜ ਚੌਹਾਨ ਨੇ ਕਿਹਾ ਕਿ ਇਹ ਯੂਨੀਅਨ ਕਿਸੇ ਦੀ ਪ੍ਰਾਈਵੇਟ ਪ੍ਰਾਪਰਟੀ ਨਹੀਂ ਹੈ ; ਸਗੋਂ ਖੇਤ ਮਜ਼ਦੂਰਾਂ ਦੀ ਯੂਨੀਅਨ ਹੈ ਅਤੇ ਖੇਤ ਮਜ਼ਦੂਰ ਗੁਰਦੁਆਰੇ ਵੀ ਜਾਂਦੇ ਹਨ ਅਤੇ ਇਹ ਜੋੜਮੇਲਾ ਵੀ ਫਾਰਮਵਰਕਰਾਂ ਦਾ ਹੀ ਹੈ।

ਉਹਨਾਂ ਕਿਹਾ ਕਿ ਸਾਡੀ ਜਦੋਜਹਿਦ ਵਿਚ ਇਹ ਇਕ ਇਤਿਹਾਸਕ ਤੇ ਮਹੱਤਵਪੂਰਨ ਮੌਕਾ ਹੈ। 1978-79 ਵਿਚ ਜਦ ਅਸੀਂ ਖੇਤ ਮਜ਼ਦੂਰਾਂ ਦੇ ਹੱਕਾਂ ਦੀ ਗੱਲ ਕਰਨੀ ਸ਼ੁਰੂ ਕੀਤੀ ਤਾਂ ਸ਼ੁਰੂ ਸ਼ੁਰੂ ਵਿਚ ਯੂਨੀਅਨ ਦੇ ਨੁਮਾਇੰਦਿਆਂ ਲਈ ਗੁਰਦੁਆਰਿਆਂ ਵਿਚ ਬੋਲਣ ਲਈ ਟਾਈਮ ਵੀ ਮੁਸ਼ਕਲ ਨਾਲ ਮਿਲਦਾ ਸੀ ਅਤੇ ਅਜ ਅਸੀਂ ਪੂਰੇ ਦਾ ਪੂਰੇ ਪ੍ਰੋਗਰਾਮ ਹੀ ਇਥੇ ਕਰ ਰਹੇ ਹਾਂ ਅਤੇ ਸਾਨੂੰ ਇਸ ਕੰਮ ਵਿਚ ਕਮਿਊਨਿਟੀ ਦੇ ਬਹੁਤ ਸਾਰੇ ਲੋਕਾਂ ਵਲੋਂ ਮੱਦਦ ਦਾ ਬਹੁਤ ਭਰਵਾਂ ਹੁੰਗਾਰਾ ਮਿਲਿਆ।

ਚੌਹਾਨ ਨੇ ਕਿਹਾ ਕਿ ਸੀਜ਼ਨ ਸ਼ੁਰੂ ਹੋਣ ਤੋਂ ਪਹਿਲਾਂ ਵਰਕਰ ਆਪਦੀ ਤਨਖਾਹ ਤੇ ਕੰਮ ਦੇ ਘੰਟੇ ਅਤੇ ਹੋਰ ਜ਼ਰੂਰੀ ਇਨਫਰਮੇਸ਼ਨ ਆਪਣੇ ਮਾਲਕ ਤੋਂ ਜ਼ਰੂਰ ਲੈ ਲੈਣ। ਨਹੀਂ ਤਾਂ ਹਰ ਸਾਲ ਦੀ ਤਰ੍ਹਾਂ ਫਿਰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇਗਾ। ਉਹਨਾਂ ਨੇ ਸਭ ਨੂੰ ਸਾਵਧਾਨ ਕੀਤਾ ਕਿ ਖੇਤਾਂ ਵਿਚ ਕੰਮ ਕਰਨ ਵੇਲੇ ਕੀੜੇ ਮਾਰ ਦਵਾਈਆਂ ਤੋਂ ਬਹੁਤ ਬਚਾਅ ਰੱਖਣ ਦੀ ਜ਼ਰੂਰਤ ਹੈ। ਇਹ ਦਵਾਈਆਂ ਕਈ ਵਾਰ ਬਹੁਤ ਮਾਰੂ ਅਸਰ ਕਰਦੀਆਂ ਹਨ

ਆਪਦੀ ਤਕਰੀਰ ਦੇ ਅਖੀਰ ਵਿਚ ਉਹਨਾਂ ਨੇ ਭਾਰਤੀ ਕਮਿਊਨਿਟੀ ਦੀਆਂ ਜਥੇਬੰਦੀਆਂ ਹੋਰ ਯੂਨੀਅਨਾਂ ਅਤੇ CFU ਦੇ ਮੱਦਦਗਾਰਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਕਮਿਊਨਿਟੀ ਦਾ ਨਾਮ ਉੱਚਾ ਕਰਨ ਲਈ ਸਾਨੂੰ ਸਭ ਨੂੰ ਆਪਾ ਭਾਵ (selfshness) ਮਾਰ ਕੇ ਚੰਗੇ ਕੰਮ ਕਰਨੇ ਚਾਹੀਦੇ ਹਨ ਤਾਂ ਹੀ ਅਸੀਂ ਇਸ ਜ਼ਿੰਦਗੀ ਵਿਚੋਂ ਕੁਝ ਖੱਟ ਸਕਦੇ ਹਾਂ ਤੇ ਉਨ੍ਹਾਂ ਨੇ ਬਾਣੀ ਦੀ ਇਕ ਤੁਕ ਪੜੀ :

ਜੇ ਕੋ ਨਾਉ ਧਰਾਏ ਵੱਡਾ
ਯਾਦ ਕਰ ਮਨਿ ਭਾਣੇਂ
ਖਸਮੈ ਨਦਰੀ ਕੀੜਾ ਆਵੈ
ਜੇਤੇ ਚੁਗੇਂ ਦਾਣੇਂ
ਮਰਿ ਮਰਿ ਜੀਵੈ ਤਾਂ ਕਿਛੁ ਪਾਏ
ਨਾਨਕ ਨਾਮ ਵਖਾਣੇਂ।

## ਐਸ. ਐਂਡ ਐਸ. ਇੰਨਸ਼ੋਰੈਂਸ ਦਾ ਇਕ ਹੋਰ ਧਮਾਕਾ

ਵੈਨਕੂਵਰ—ਐਸ. ਐਂਡ ਐਸ. ਇੰਨਸ਼ੋਰੈਂਸ ਦੇ ਮਾਲਕ ਸ: ਦਲਜੀਤ ਸਿੰਘ ਸਿੱਧੂ ਨੇ ਸੂਚਨਾ ਦਿਤੀ ਹੈ ਕਿ ਕੰਪਨੀ ਦਾ ਇਕ ਹੋਰ ਨਵਾਂ ਦਫਤਰ ਫਰੇਜ਼ਰ ਸਟਰੀਟ ਤੇ ਖੋਹਲ ਦਿਤਾ ਗਿਆ ਹੈ ਤਾਂ ਕਿ ਇੰਨਸ਼ੋਰੈਂਸ ਕਰਵਾਉਣ ਵਾਲਿਆਂ ਨੂੰ ਇਕ ਦਫਤਰ ਵਿਚ ਹੀ ਭੀੜ ਦਾ ਸਾਹਮਣਾ ਨਾ ਕਰਨਾ ਪਵੇ। ਆਪਣੇ ਗਾਹਕਾਂ ਦੀ ਸੌਖ ਦਾ ਖਿਆਲ ਕਰਦਿਆਂ ਉਨ੍ਹਾਂ ਇਹ ਕਦਮ ਚੁਕਿਆ ਹੈ। ਹੁਣ ਇਸ ਸਹੂਲਤ ਨਾਲ ਗਾਹਕਾਂ ਦੇ ਕੰਮ ਨੂੰ ਛੇਤੀ ਨਾਲ ਭੁਗਤਾਇਆ ਜਾ ਸਕੇਗਾ।

ਹੋਰ ਸਹੂਲਤ ਲਈ 15 ਫਰਵਰੀ ਤੋਂ 29 ਫਰਵਰੀ ਤੱਕ ਇਹ ਦੋਵੇਂ ਦਫਤਰ ਸਵੇਰੇ ਸਾਢੇ ਨੌਂ ਵਜੇ ਤੋਂ ਰਾਤ ਦੇ ਨੌਂ ਵਜੇ ਤੱਕ ਖੁਲ੍ਹੇ ਰਹਿਣਗੇ।

ਐਸ. ਐਂਡ. ਐਸ. ਇੰਨਸ਼ੋਰੈਂਸ ਦੇ ਦਫਤਰ ਐਤਵਾਰ ਵੀ ਖੁਲ੍ਹੇ ਰਿਹਾ ਕਰਨਗੇ।

ਸ: ਦਲਜੀਤ ਸਿੰਘ ਸਿੱਧੂ ਨੇ ਕਿਹਾ ਕਿ ਅਸੀਂ ਸਭ ਦੋਸਤਾਂ, ਮਿੱਤਰਾਂ ਦੇ ਧੰਨਵਾਦੀ ਹਾਂ ਜਿੰਨ੍ਹਾਂ ਸਾਨੂੰ ਹਮੇਸ਼ਾ ਸਹਿਯੋਗ ਦਿਤਾ ਹੈ ਅਤੇ ਅਸੀਂ ਅੱਗੇ ਲਈ ਵੀ ਅਜਿਹੇ ਸਹਿਯੋਗ ਦੀ ਆਸ ਕਰਦੇ ਹਾਂ।

## ਦੇਵਿੰਦਰ ਜੌਹਲ ਵਲੋਂ ਆਤਮ ਹੱਤਿਆ

ਮਸਕੀ—46 ਸਾਲਾ ਦੇਵਿੰਦਰ ਸਿੰਘ ਜੌਹਲ ਨੇ ਜੇਲ੍ਹ ਵਿਚ ਹੀ ਆਤਮਘਾਤ ਕੀਤੇ ਜਾਣ ਦੀ ਖਬਰ ਹੈ। ਸ੍ਰੀ ਦੇਵਿੰਦਰ ਸਿੰਘ ਜੌਹਲ ਆਪਣੀ ਪਤਨੀ ਨੂੰ ਕਾਰ ਹੇਠ ਦੇ ਕੇ ਮਾਰਨ ਦੇ ਦੋਸ਼ ਵਿਚ ਉਮਰ ਕੈਦ ਸਜ਼ਾ ਕੱਟ ਰਹੇ ਸਨ ਤੇ ਸਾਈਕਟ੍ਰਿਕ ਇਲਾਜ ਥੱਲੇ ਸਨ।

ਉਨ੍ਹਾਂ ਦੇ ਆਤਮਘਾਤ ਦੀ ਇਨਕੁਆਰੀ ਲਈ ਜਿਊਰੀ ਬਣਾ ਦਿਤੀ ਗਈ ਹੈ ਜੋ ਤਫਤੀਸ਼ ਕਰੇਗੀ।

## ਸਿਖ ਸੁਸਾਇਟੀ ਆਫ ਮੈਨੀਟੋਬਾ ਦੀ ਜਨਰਲ ਬਾਡੀ

ਸਿਖ ਸੁਸਾਇਟੀ ਆਫ ਮੈਨੀਟੋਬਾ, ਵਿੰਨੀਪੈਗ ਦੀ ਵਾਰਸ਼ਿਕ ਜਨਰਲ ਬਾਡੀ ਮੀਟਿੰਗ 29 ਜਨਵਰੀ 1984 ਨੂੰ ਹੋਈ। ਇਸ ਮੀਟਿੰਗ ਵਿਚ ਸਰਵ-ਸੰਮਤੀ ਨਾਲ ਥੱਲੇ ਲਿਖੇ ਸੇਵਾਦਾਰ, ਗੁਰਦੁਆਰੇ ਦਾ ਪ੍ਰਬੰਧ ਕਰਨ ਲਈ ਇਕ ਸਾਲ ਵਾਸਤੇ ਚੁਣੇ ਗਏ।

| | |
|---|---|
| ਸ. ਗੁਰਮੀਤ ਸਿੰਘ | ਪ੍ਰਧਾਨ |
| ਸ. ਕੁਲਵੰਤ ਸਿੰਘ | ਮੀਤ-ਪ੍ਰਧਾਨ |
| ਸ. ਕੰਵਰ ਸਿੰਘ | ਸਕੱਤਰ |
| ਸ. ਮੇਵਾ ਸਿੰਘ | ਮੀਤ-ਸਕੱਤਰ |
| ਸ. ਮੁਖਤਿਆਰ ਸਿੰਘ | ਖਜ਼ਾਨਚੀ |
| ਸ. ਪ੍ਰੀਤਮ ਸਿੰਘ | ਮੀਤ-ਖਜ਼ਾਨਚੀ |
| ਸ. ਦਲੀਪ ਸਿੰਘ | ਡਾਇਰੈਕਟਰ |
| ਸ. ਜਸਵੰਤ ਸਿੰਘ | ਡਾਇਰੈਕਟਰ |
| ਸ. ਲਹੌਰਾ ਸਿੰਘ (ਪਿਛਲੇ ਸਾਲ ਦਾ ਪ੍ਰਧਾਨ) | ਡਾਇਰੈਕਟਰ |

ਦਲੀਪ ਸਿੰਘ ਬੇਦੀ
ਸਕੱਤਰ
(ਸਾਲ 1983-84)

ਨਿਊਵੈਸਟਮਿਨਸਟਰ ਦੇ ਮੇਅਰ ਟੌਮ ਬੇਕਰ ਨੇ ਇਸ ਮੌਕੇ ਤੇ ਬੋਲਦਿਆਂ ਕਿਹਾ ਕਿ ਬੀ. ਸੀ. ਦੀ ਪਹਿਲੀ ਯੂਨੀਅਨ ਨਿਊਵੈਸਟਮਿਨਸਟਰ ਵਿਚ ਬਣੀ ਸੀ। ਉਹਨਾਂ ਨੇ ਕਿਹਾ ਕਿ ਕੁਝ ਲੋਕ ਸੋਚਦੇ ਹਨ ਕਿ ਯੂਨੀਅਨਾਂ ਇਸ ਸਮਾਜ ਦਾ ਜਾਂ ਕਮਿਊਨਿਟੀ ਦਾ ਹਿਸਾ ਨਹੀਂ, ਸਗੋਂ ਇਕ ਵੱਖਰੀ ਚੀਜ਼ ਹੈ। ਉਹਨਾਂ ਕਿਹਾ ਕਿ ਯੂਨੀਅਨਾਂ ਵਰਕਰਾਂ ਦੀ ਨੁਮਾਇੰਦਗੀ ਕਰਦੀਆਂ ਹਨ ਅਤੇ ਕਮਿਊਨਿਟੀ ਦਾ ਹੀ ਹਿਸਾ ਹਨ। ਉਹਨਾਂ ਨੇ CFU ਨੂੰ ਇਸਦੇ ਕੰਮਾਂ ਦੀ ਵਧਾਈ ਦਿਤੀ।

ਵੈਨਕੂਵਰ ਦੇ ਮੇਅਰ ਮਾਈਕ ਹਾਰਕੋਰਟ, ਜੋ ਕੁਛ ਰੁਝੇਵਿਆਂ ਕਾਰਣ ਖੁਦ ਸ਼ਾਮਲ ਨਹੀਂ ਹੋ ਸਕੇ, ਨੇ ਚਿੱਠੀ ਭੇਜੀ ਜਿਸ ਵਿਚ ਉਹਨਾਂ ਨੇ CFU ਨੂੰ ਆਪਦੀ ਮੱਦਦ ਦਾ ਭਰੋਸਾ ਦੁਆਇਆ ਅਤੇ ਕਿਹਾ ਕਿ ਜਿਸ ਦ੍ਰਿੜ ਇਰਾਦੇ ਨਾਲ ਤੁਸੀਂ ਇਸ ਕੰਮ ਨੂੰ ਹੱਥ ਪਾਇਆ ਹੈ ਉਸੇ ਦ੍ਰਿੜ ਇਰਾਦੇ ਨਾਲ ਫਾਰਮਵਰਕਰ ਇਕ ਦਿਨ ਆਪਦੀ ਜਦੋਜਹਿਦ ਵਿਚ ਜ਼ਰੂਰ ਕਾਮਯਾਬ ਹੋਣਗੇ।

ਬੀ. ਸੀ. ਫੈਡਰੇਸ਼ਨ ਆਫ ਲੇਬਰ ਦੇ ਪ੍ਰਧਾਨ ਆਰਟ ਕਿਊਬੀ ਨੇ ਇਸ ਅਵਸਰ ਤੇ ਬੋਲਦਿਆਂ ਕਿਹਾ ਕਿ ਬੀ. ਸੀ. ਦੇ ਬਹੁਤ ਸਾਰੇ ਮਜ਼ਦੂਰ ਹੋਰਨਾਂ ਮੁਲਕਾਂ ਤੋਂ ਆਏ ਹਨ ਅਤੇ ਉਹਨਾਂ ਨੇ ਕੈਨੇਡਾ ਨੂੰ ਆਪਦਾ ਮੁਲਕ ਅਪਣਾਇਆ ਹੈ। ਇਸ ਮੁਲਕ ਵਿਚ ਨਵੇਂ ਆਏ ਲੋਕਾਂ ਨੂੰ ਨਸਲਵਾਦ ਦਾ ਸ਼ਿਕਾਰ ਹੋ ਰਹੇ ਹਨ। ਉਹਨਾਂ ਨੇ ਕਿਹਾ ਕਿ ਨਸਲਵਾਦ ਦਾ ਮੁਕਾਬਲਾ ਕਰਨ ਲਈ ਮਜ਼ਦੂਰ ਦੀ ਏਕਤਾ ਬਹੁਤ ਜ਼ਰੂਰੀ ਹੈ। ਉਹਨਾਂ ਨੇ ਫੈਡਰੇਸ਼ਨ ਵਲੋਂ ਸੀ. ਐਫ. ਯੂ. ਦੀ ਮੱਦਦ ਜਾਰੀ ਰੱਖਣ ਦਾ ਵਾਅਦਾ ਮੁੜ ਦੁਹਰਾਇਆ

ਭਾਰਤੀ ਕਮਿਊਨਿਟੀ ਤੋਂ ਇਲਾਵਾ, ਇਸ ਜੋੜਮੇਲੇ ਵਿਚ ਤਕਰੀਬਨ 100 ਕਨੇਡੀਅਨ ਗੋਰਿਆਂ ਨੇ ਵੀ ਹਿਸਾ ਲਿਆ, ਜੋ ਕਿ ਯੂਨੀਅਨ ਦੇ ਮੱਦਦਗਾਰ ਹਨ। ਜਦ ਵੀ ਗੋਰੇ ਲੋਕ ਇਸ ਤਰ੍ਹਾਂ ਦੇ ਸਮਾਗਮ ਵਿਚ ਹਿਸਾ ਲੈਂਦੇ ਹਨ ਤਾਂ ਉਹ ਸਾਡੇ ਸਭਿਆਚਾਰ ਤੋਂ ਜਾਣੂੰ ਹੁੰਦੇ ਹਨ। ਇਸ ਤਰ੍ਹਾਂ ਆਪਸੀ ਸਮਝ ਅਤੇ ਏਕਾ ਵਧਦਾ ਹੈ ਜੋ ਕਿ ਨਸਲਵਾਦ ਵਿਰੁੱਧ ਘੋਲ ਵਿਚ ਬਹੁਤ ਸਹਾਈ ਸਿੱਧ ਹੁੰਦਾ ਹੈ।

ਕਮਿਊਨਿਟੀ ਦੇ ਜਾਣੇ ਪਛਾਣੇ ਕਲਾਕਾਰ ਦਲਜੀਤ ਕਲਿਆਣਪੁਰੀ ਨੇ ਮਜ਼ਦੂਰਾਂ ਸਬੰਧੀ ਦੋ ਅਗਾਂਹਵਧੂ ਗੀਤ ਸੁਣਾਏ ਜੋ ਲੋਕਾਂ ਨੇ ਬਹੁਤ ਸਲਾਹੇ। ਇਸ ਮੌਕੇ ਤੇ ਇਕੱਠੇ ਹੋਏ ਸਾਰੇ ਪੈਸੇ ਕਲਿਆਣਪੁਰੀ ਨੇ ਯੂਨੀਅਨ ਨੂੰ ਆਪਦਾ ਕੰਮ ਹੋਰ ਅੱਗੇ ਵਧਾਉਣ ਲਈ ਸਹਾਇਤਾ ਵਜੋਂ ਦੇ ਦੱਤੇ।

B.C.O.F.R. ਦੇ ਪ੍ਰਧਾਨ ਚਰਨਪਾਲ ਗਿੱਲ ਨੇ ਸਾਰੀ ਕਮਿਊਨਿਟੀ ਨੂੰ ਨਸਲਵਾਦ ਵਿਰੁੱਧ ਇਕੱਠੇ ਹੋਣ ਦੀ ਅਪੀਲ ਕੀਤੀ। ਜੀਤ ਸਿੰਘ ਅਣਖੀ ਨੇ ਅਪੀਲ ਕੀਤੀ ਕਿ ਖੇਤ ਮਜ਼ਦੂਰਾਂ ਨਾਲ ਹੋ ਰਹੇ ਧੱਕੇ ਨੂੰ ਦੂਰ ਕਰਨ ਲਈ ਸਭ ਨੂੰ ਰਲਕੇ ਹੰਭਲਾ ਮਾਰਨਾ ਚਾਹੀਦਾ ਹੈ। ਜੁਗਿੰਦਰ ਸਿੰਘ ਜੌਹਲ ਤੇ ਸਵਰਨ ਸਿੰਘ ਬੁੱਟਰ ਨੇ ਵੀ ਯੂਨੀਅਨ ਪ੍ਰਤੀ ਆਪਦੀ ਮੱਦਦ ਦਾ ਪ੍ਰਗਟਾਵਾ ਕੀਤਾ।

ਇਸ ਪ੍ਰੋਗਰਾਮ ਨੂੰ ਕਾਮਯਾਬ ਬਣਾਉਣ ਲਈ ਅਤੇ ਲੰਗਰ ਤਿਆਰ ਕਰਨ ਲਈ ਯੂਨੀਅਨ ਦੇ ਮੈਂਬਰਾਂ ਅਤੇ ਹਮਾਇਤੀਆਂ ਨੇ ਬਹੁਤ ਮਿਹਨਤ ਕੀਤੀ। ਇਸ ਜੋੜਮੇਲੇ ਵਿਚ ਸ਼ਾਮਲ ਹੋਏ ਲੋਕਾਂ ਨੇ ਸਾਰੇ ਪ੍ਰੋਗਰਾਮ ਨੂੰ ਬਹੁਤ ਸਲਾਹਿਆ ਅਤੇ ਸੁਆਦਲੇ ਭੋਜਨ ਦੀ ਬਹੁਤ ਪ੍ਰਸੰਸਾ ਕੀਤੀ। ਯੂਨੀਅਨ ਦੇ ਸਕੱਤਰ ਸਰਵਣ ਬੋਲ ਨੇ ਆਪਦੀਆਂ ਪ੍ਰਬੰਧਕੀ ਜ਼ਿੰਮੇਵਾਰੀਆਂ ਬੜੇ ਸੁਚੱਜੇ ਢੰਗ ਨਾਲ ਨਿਭਾਈਆਂ।

ਅਖੀਰ ਵਿਚ ਯੂਨੀਅਨ ਵਲੋਂ ਸਾਰੇ ਵਿਅਕਤੀਆਂ, ਜਿੰਨ੍ਹਾਂ ਨੇ ਇਸ ਪ੍ਰੋਗਰਾਮ ਵਿਚ ਹਿਸਾ ਲਿਆ ਅਤੇ ਯੂਨੀਅਨ ਦੀ ਮਾਇਕ ਸਹਾਇਤਾ ਕਰਨ ਦਾ ਧੰਨਵਾਦ ਕੀਤਾ ਗਿਆ। ਉਮੀਦ ਹੈ ਕਿ ਯੂਨੀਅਨ ਨੂੰ ਭਵਿੱਖ ਵਿਚ ਵੀ ਇਸੇ ਤਰਾਂ ਕਮਿਊਨਿਟੀ ਵਲੋਂ ਭਰਵਾਂ ਹੁੰਗਾਰਾ ਮਿਲਦਾ ਰਹੇਗਾ।

ਵਲੋਂ :— ਸਤਿੰਦਰ ਸਿੱਧੂ, ਸਰੀ




ਪਾਲਾ ਸਿੰਘ ਨੇ ਕਈ ਵਰ੍ਹੇ ਫੌਜ ਵਿਚ ਨੌਕਰੀ ਕੀਤੀ। ਨੌਕਰੀ ਛੱਡਣ ਤੋਂ ਪਿਛੋਂ ਵੀ ਪਿੰਡ ਵਿਚ ਹੌਲਦਾਰੀ ਦੀਆਂ ਸਲਾਮਾਂ ਲੈਂਦਾ ਰਿਹਾ, ਧੀਆਂ ਪੁੱਤਰਾਂ ਦੇ ਮਜ਼ਬੂਰ ਕਰਨ ਤੇ ਪਿਛਲੀ ਉਮਰ ਹੁਣ ਕੈਨੇਡਾ ਵਿਚ ਗੁਜ਼ਾਰਨੀ ਪੈ ਰਹੀ ਹੈ। ਸੁਭਾ ਤੋਂ ਸ਼ਾਮ ਤੱਕ ਘਰ ਘਰ ਜਾ ਕੇ ਪੇਪਰ ਸੁਟਣ ਨਾਲ ਜਿਵੇਂ ਸਰੀਰ ਵੀ ਟੁੱਟਦਾ ਜਾ ਰਿਹਾ ਹੈ ਅਤੇ ਪੱਛਮੀ ਜ਼ਿੰਦਗੀ ਵੀ ਉਸਦੀ ਸੋਚ ਦੇ ਮੇਚ ਨਹੀਂ ਆ ਰਹੀ, ਪਰ ਜਾਵੇ ਤਾਂ ਜਾਵੇ ਕਿੱਥੇ

## ਰਮਨ ਸਾੜ੍ਹੀ ਸੈਂਟਰ ਤੇ ਆਰ. ਕੇ. ਫੂਡਜ਼ ਦਾ ਉਦਘਾਟਨ

ਵੈਨਕੂਵਰ—ਸਨਿਚਰਵਾਰ 4 ਫਰਵਰੀ ਨੂੰ ਪੰਜਾਬੀ ਮਾਰਕਿਟ ਵਿਚ ਦੋ ਨਵੇਂ ਸਟੋਰਾਂ ਦਾ ਉਦਘਾਟਨ ਬੜੀ ਧੂਮ ਧਾਮ ਨਾਲ ਹੋਇਆ। ਰਮਨ ਸਾੜ੍ਹੀ ਸੈਂਟਰ ਤੇ ਚਹਿਲ ਪਹਿਲ ਬੇਨਜ਼ੀਰ ਦਿਖਾਈ ਦੇ ਰਹੀ ਸੀ। ਗਾਹਕਾਂ ਨਾਲ ਸਾਰਾ ਸਟੋਰ ਭਰਿਆ ਪਿਆ ਸੀ। ਰਮਨ ਸਾੜ੍ਹੀ ਸੈਂਟਰ ਦੇ ਖੁਲ੍ਹਣ ਨਾਲ ਪੰਜਾਬੀ ਮਾਰਕਿਟ ਵਿਚ ਹੋਰ ਸ਼ਾਨਦਾਰ ਵਾਧਾ ਹੋਇਆ।

ਰਮਨ ਸਾੜ੍ਹੀ ਸੈਂਟਰ ਦੇ ਨਾਲ ਹੀ ਆਰ. ਕੇ. ਫੂਡਜ਼ ਦੇ ਗਰੋਸਰੀ ਸਟੋਰ ਦਾ ਉਦਘਾਟਨ ਵੀ ਸ਼ਾਨਦਾਰ ਢੰਗ ਨਾਲ ਹੋਇਆ। ਪੰਜਾਬੀ ਮਾਰਕਿਟ ਵਿਚ ਦਿਨੋਂ ਦਿਨ ਗਹਿਮਾ ਗਹਿਮੀ ਵਧ ਰਹੀ ਹੈ।

DO YOU NEED PLUMBING OR ELECTRICAL SUPPLIES AND SERVICE FOR NEW HOMES OR FOR RENOVATIONS

WE DO NEW HOME PLUMBING ALSO

CONTACT:

PAUL'S

PLUMBING & ELECTRICAL SUPPLY



4774 Main Street, (At 32nd.)
Vancouver, B.C.

PH: 872-3118 (Supply)
872-7227 (Service)

"Free customer parking at rear" OPEN SUNDAYS

JIM PATTISON

Pontiac Buick GMC TRUCKS



JIM PATTISON ON MAIN

SERVICE AFTER SALE

GM

1984 ਦੀਆਂ ਨਵੀਆਂ ਕੈਡਲਿਕ ਖਰੀਦੋ

ਨਵੀਆਂ ਅਤੇ ਪੁਰਾਣੀਆਂ ਕਾਰਾਂ, ਸਟੇਸ਼ਨ ਵੈਗਨਾਂ, ਟਰੱਕ, ਵੈਨਾਂ ਅਤੇ 4x4 ਜ਼ਿਮੀ ਲੈਣ ਲਈ ਤੁਹਾਡੇ ਜਾਣੇ ਪਹਿਚਾਣੇ ਸੇਲਜ਼ਮੈਨ ਨੂੰ ਮਿਲੋ ਜਾਂ ਫੋਨ ਕਰੋ

PARLAD GILL



BUS. 879-4233 3434 MAIN ST. VANCOUVER, B.C. RES. 435-1834

# ਪੰਜਾਬ ਦਰਪਣ

## ਪੰਜਾਬ ਵਿਚ ਹਿੰਸਾ ਜਾਰੀ

### ਸੁਲਤਾਨਪੁਰ ਲੋਧੀ ਵਿਚ ਅੱਗ

ਸੁਲਤਾਨ ਲੋਧੀ ਵਿਚ ਹਿੰਦੂ ਪ੍ਰੀਸ਼ਦ ਦੇ ਪ੍ਰਧਾਨ ਪਵਨ ਕੁਮਾਰ ਦੀ ਦੁਕਾਨ ਤੇ ਬਾਹਰ ਪਏ ਸਾਮਾਨ ਨੂੰ ਮਿੱਟੀ ਦਾ ਤੇਲ ਪਾ ਕੇ ਅੱਗ ਲਾ ਦਿੱਤੀ ਗਈ। ਜਿਸ ਨਾਲ ਦੁਕਾਨ ਅੰਦਰਲੇ ਸਾਮਾਨ ਦਾ ਵੀ ਕਾਫੀ ਨੁਕਸਾਨ ਹੋਇਆ ਦੱਸਿਆ ਗਿਆ ਹੈ।

### ਫਗਵਾੜੇ ਵਿਚ ਬੈਂਕ ਦੇ ਸ਼ੀਸ਼ੇ ਤੋੜੇ

ਫਗਵਾੜੇ ਦੀ ਸਟੇਟ ਬੈਂਕ ਆਫ ਇੰਡੀਆ ਤੇ ਗਿਆਰਾਂ ਅਤਿਵਾਦੀਆਂ ਨੇ ਹਮਲਾ ਕੀਤਾ ਅਤੇ ਹਵਾਈ ਫਾਇਰ ਵੀ ਕੀਤੇ ਗਏ। ਕੁਦਰਤੀ ਬੈਂਕ ਬੰਦ ਸੀ। ਅਤਿਵਾਦੀ ਬੈਂਕ ਦੇ ਸ਼ੀਸ਼ੇ ਭੰਨ ਕੇ ਤੁਰਦੇ ਹੋਏ।

### ਜਲੰਧਰ ਵਿਚ ਨਿਰੰਕਾਰੀ ਤੇ ਹਮਲਾ

ਜਲੰਧਰ ਦੇ ਪਟੇਲ ਚੌਂਕ ਵਿਚ ਇਕ ਨਿਰੰਕਾਰੀ ਕੇਸਰ ਸਿੰਘ ਦੇ ਗੋਲੀ ਮਾਰ ਦਿੱਤੀ ਗਈ। ਕੇਸਰ ਸਿੰਘ ਨੂੰ ਹਸਪਤਾਲ ਪਹੁੰਚਾਇਆ ਗਿਆ ਜਿਥੇ ਉਸਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਗਈ ਹੈ। ਪਟੇਲ ਚੌਂਕ ਦੇ ਸਾਰੇ ਦੁਕਾਨਦਾਰਾਂ ਨੇ ਰੋਸ ਵਜੋਂ ਇਕ ਦਿਨ ਦੀ ਹੜਤਾਲ ਕੀਤੀ।

### ਦਿੱਲੀ ਵਿਚ ਸਰਾਫ ਦੇ ਘਰ ਤੇ ਹਮਲਾ

ਦਿੱਲੀ ਦੀ ਕਾਲਕਾਜੀ ਕਲੋਨੀ ਵਿਚ ਇਕ ਮਲਹੋਤਰਾ ਨਾਂ ਦੇ ਸਰਾਫ ਦੇ ਘਰ ਕੁਝ ਅਤਿਵਾਦੀ ਜਾ ਵੜੇ ਜਿਥੇ ਉਹਨਾਂ ਉਸਦੀ ਪਤਨੀ ਦੀ ਬੇਹੁਰਮਤੀ ਕੀਤੀ। ਸਰਾਫ ਦੇ ਰੌਲਾ ਪਾਉਣ ਤੇ ਲੋਕ ਇਕੱਠੇ ਹੋ ਗਏ ਅਤੇ ਅਤਿਵਾਦੀ ਗੋਲੀਆਂ ਚਲਾਉਂਦੇ ਭੱਜ ਨਿਕਲੇ।

### ਹੁਸ਼ਿਆਰਪੁਰ ਵਿਚ ਸੁੱਚਾ ਸਿੰਘ ਦਾ ਮੂੰਹ ਕਾਲਾ

ਹੁਸ਼ਿਆਰਪੁਰ ਦੇ ਬਾਘਾ ਪਿੰਡ ਵਿਚ ਗੁਰਦੁਆਰਾ ਸਾਹਿਬ ਵਿਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਗੁੰਮ ਹੋਣ ਤੇ ਪਿੰਡ ਦੀ ਪੰਚਾਇਤ ਨੇ ਸਾਰੇ ਪਿੰਡ ਦੇ ਲੋਕਾਂ ਨੂੰ ਸਹੁੰ ਚੁਕਾਈ ਪਰ ਬਾਘਾ ਪਿੰਡ ਦੇ ਸੁੱਚਾ ਸਿੰਘ ਨੇ ਸਹੁੰ ਚੁੱਕਣ ਤੋਂ ਇਨਕਾਰ ਕਰ ਦਿੱਤਾ। ਜਿਸਤੇ ਪਿੰਡ ਵਾਲਿਆਂ ਨੇ ਸੁੱਚਾ ਸਿੰਘ ਤੇ ਕੁਟਾਪਾ ਚਾੜ੍ਹਿਆ ਤੇ ਉਹ ਮੰਨ ਗਿਆ ਕਿ ਉਸਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਭੱਠੇ ਵਿਚ ਲਕੋਈ ਹੈ। ਇਸ ਤੇ ਪਿੰਡ ਦੀ ਪੰਚਾਇਤ ਨੇ ਉਸਦਾ ਮੂੰਹ ਕਾਲਾ ਕਰਕੇ ਸਾਰੇ ਪਿੰਡ ਵਿਚ ਫੇਰਿਆ ਅਤੇ ਸੁੱਚਾ ਸਿੰਘ ਨੂੰ ਜ਼ੁਰਮਾਨੇ ਦੀ ਸਜ਼ਾ ਵੀ ਦਿੱਤੀ।

### ਨੂਰ ਮਹਿਲ ਨੇੜੇ ਪਿੰਡ ਵਿਚ ਬੈਂਕ ਤੇ ਡਾਕਾ

ਨੂਰ ਮਹਿਲ ਕੋਲੋਂ ਪਿੰਡ ਸਰਾਏ ਵਿਚ ਪੰਜਾਬ ਨੈਸ਼ਨਲ ਬੈਂਕ ਤੇ ਡਾਕਾ ਮਾਰਨ ਸਮੇਂ ਅਤਿਵਾਦੀਆਂ ਨੇ ਵੈਲਡਿੰਗ ਗੈਸ ਨਾਲ ਬੈਂਕ ਦੇ ਸਟਰੌਂਗ ਰੂਮ ਦੇ ਲੋਹੇ ਨੂੰ ਪਘਲਾਉਣ ਦੀ ਕੋਸ਼ਿਸ਼ ਕੀਤੀ ਪਰ ਨੁਕਸਾਨ ਦਾ ਅਜੇ ਤੱਕ ਪਤਾ ਨਹੀਂ ਲੱਗ ਸਕਿਆ।

### ਗੰਗਾ ਨਗਰ ਵਿਚ ਗੁਰਦੁਆਰੇ ਨੂੰ ਅੱਗ ਲਾਉਣ ਦੀ ਕੋਸ਼ਿਸ਼

ਗੰਗਾ ਨਗਰ ਵਿਚ ਕਿਸੇ ਸ਼ਰਾਰਤੀ ਨੇ ਰੱਸੇ ਨੂੰ ਅੱਗ ਲਾ ਕੇ ਰੱਸਾ ਗੁਰਦੁਆਰੇ ਵਿਚ ਸੁੱਟ ਦਿੱਤਾ ਜਿਸ ਨਾਲ ਗੁਰਦੁਆਰੇ ਦਾ ਦਰਵਾਜ਼ਾ ਲੂਹਿਆ ਗਿਆ। ਗੁਰਦੁਆਰੇ ਦਾ ਗਰੰਥੀ ਅਮੀਰ ਸਿੰਘ ਗੁਰਦੁਆਰੇ ਤੋਂ ਬਾਹਰ ਗਿਆ ਹੋਇਆ ਸੀ ਪਰ ਉਸਦਾ ਪੁੱਤਰ ਬਲਬੀਰ ਸਿੰਘ ਗੁਰਦੁਆਰੇ ਅੰਦਰ ਸੀ। ਬਦਬੂ ਆਉਣ ਤੇ ਉਸ ਨੇ ਬੰਦੇ ਭੇਜ ਕੇ ਪੁਲਸ ਮੰਗਵਾਈ। ਇਹ ਗੰਗਾ ਨਗਰ ਵਿਚ ਅਜੇਹੀ ਤੀਜੀ ਘਟਨਾ ਹੈ।

## ਟੀ. ਵੀ. ਸਟੇਸ਼ਨ ਦੇ ਦਫਤਰ ਤੇ ਹਮਲਾ

ਅੰਮ੍ਰਿਤਸਰ—ਅਤਿਵਾਦੀਆਂ ਵਲੋਂ ਟੀ. ਵੀ. ਸਟੇਸ਼ਨ ਦੇ ਦਫਤਰ ਤੇ ਹਮਲਾ ਕਰਕੇ ਬੰਬ ਸੁਟਿਆ ਗਿਆ। ਦਫਤਰ ਵਾਲੀ ਇਮਾਰਤ ਦਾ ਨੁਕਸਾਨ ਹੋਇਆ ਪਰ ਜਾਨੀ ਨੁਕਸਾਨ ਦੀ ਕੋਈ ਖਬਰ ਨਹੀਂ ਹੈ। ਦਫਤਰ ਦੇ ਬਾਹਰ ਖੜੇ ਚੌਕੀਦਾਰ ਦੇ ਰੌਲਾ ਪਾਉਣ ਤੇ ਅਤਿਵਾਦੀ ਦੌੜ ਗਏ। ਪਰ ਜਾਂਦੇ ਜਾਂਦੇ ਇਸ਼ਤਿਹਾਰ ਸੁੱਟ ਗਏ ਜਿੰਨ੍ਹਾਂ ਇਸ਼ਤਿਹਾਰਾਂ ਤੇ ਅੰਗਰੇਜ਼ੀ ਵਿਚ ਲਿਖਿਆ ਹੋਇਆ ਸੀ ਕਿ ਭਿੰਡਰਾਂਵਾਲੇ ਵਿਰੁਧ ਪਰਚਾਰ ਬੰਦ ਕਰੋ।

## ਪੰਜਾਬ ਦੀ ਡਾਇਰੀ :

### ਅਕਾਲੀ ਮੋਰਚੇ ਦੀ ਨਵੀਂ ਰੂਪ ਰੇਖਾ—ਸ਼ਾਂਤ ਮਈ ਅੰਦੋਲਨ

**ਖਾਸ ਰਿਪਰਟ—ਮਨਜੀਤ ਸਿੰਘ ਰੱਤੂ ਵਿਸ਼ੇਸ਼ ਪ੍ਰਤੀਨਿਧ 'ਕੈਨੇਡਾ ਦਰਪਣ' ਦੁਆਰਾ**

ਚੰਡੀਗੜ੍ਹ—(ਸਟਾਫ ਰਿਪਰਟਰ)—ਵਿਸ਼ਵ ਭਰ ਦੀਆਂ ਅਖਬਾਰਾਂ, ਰੇਡੀਓ ਤੇ ਟੈਲੀਵੀਜ਼ਨ ਤੋਂ ਅਕਾਲੀ ਦਲ ਦੇ ਮਸਲੇ ਬਾਰੇ ਵਿਸ਼ੇਸ਼ ਪਰਸਾਰਨ ਦਿਤੇ ਜਾ ਰਹੇ ਹਨ। ਅਸਲ ਵਿਚ ਜੋ ਕੁਝ ਹੈ ਉਹ ਏਨਾ ਨਹੀਂ ਜਿੰਨਾਂ ਪਰੈਸ ਨੇ ਉਪਰ ਚੁੱਕਿਆ ਹੈ। ਪੰਜਾਬ ਵਿਚ ਰਾਸ਼ਟਰਪਤੀ ਰਾਜ ਲਾਗੂ ਕਰਨ ਨਾਲ ਅਕਾਲੀ ਦਲ ਦੇ ਮਸਲੇ ਦਾ ਕੋਈ ਠੋਸ ਹੱਲ ਨਹੀਂ ਨਿਕਲਿਆ, ਪਰ ਫਿਰ ਵੀ ਪਹਿਲਾਂ ਨਾਲੋਂ ਕੁਝ ਫਰਕ ਪਿਆ ਹੈ। ਬੈਂਕ ਡਕੈਤੀਆਂ ਤੇ ਕਤਲੇਆਮ ਕਿਤੇ ਕਿਤੇ ਅਜੇ ਵੀ ਹੈ।

ਚਾਰ ਮਹੀਨੇ ਪਹਿਲਾਂ ਜਦੋਂ ਰਾਸ਼ਟਰਪਤੀ ਰਾਜ ਲਾਗੂ ਕੀਤਾ ਗਿਆ ਤਾਂ ਆਖਰੀ ਘਟਨਾ ਢਿਲਵਾਂ ਕਾਂਡ ਸੀ। ਨੌਸ਼ਿਹਰਾ ਪੰਨੂਆਂ ਹਤਿਆ ਕਾਂਡ ਬਾਅਦ ਵਿਚ ਹੀ ਹੋਇਆ। ਪੰਜਾਬ ਦੇ ਗਵਰਨਰ ਨੇ ਅੱਜ ਮੋਰਚੇ ਦੀ ਨਵੀਂ ਰੂਪ ਰੇਖਾ ਤੋਂ ਬਾਅਦ ਇਕ ਪਰੈਸ ਕਾਨਫਰੰਸ ਵਿਚ ਕਿਹਾ ਕਿ ਇਸ ਸਥਿਤੀ ਨੂੰ ਸਰਕਾਰ ਸਖਤੀ ਨਾਲ ਨਿਪਟੇਗੀ।

### ਹਥਿਆਰ ਗੁਰੂ ਨਾਨਕ ਨਿਵਾਸ ਵਿਚ

ਪੰਜਾਬ ਵਿਚ ਅਤਿਵਾਦੀਆਂ ਦੀਆਂ ਸਰਗਰਮੀਆਂ ਸ਼ੁਰੂ ਹੋਣ ਤੋਂ ਪਿਛੋਂ ਪਹਿਲੀ ਵਾਰੀ ਤਿੰਨ ਅਤਿਵਾਦੀਆਂ ਨੇ ਤਿੰਨ ਦਿਨ ਪਹਿਲਾਂ ਫਰੀਦਕੋਟ ਪੁਲਸ ਅਗੇ ਅੰਤਮ ਸਮਰਪਣ ਕਰ ਦਿਤਾ ਜੋ ਕਈ ਕਤਲਾਂ, ਡਕੈਤੀਆਂ ਤੇ ਲੁਟ ਮਾਰ ਲਈ ਪੁਲਸ ਨੂੰ ਚਾਹੀਦੇ ਸਨ। ਸਾਡੇ ਭਾਰਤ ਵਿਚ ਵਿਸ਼ੇਸ਼ ਪੱਤਰਕਾਰ ਮਨਜੀਤ ਸਿੰਘ ਰੱਤੂ ਨੇ ਪੰਜਾਬ ਦੇ ਅਮਨ ਤੇ ਕਾਨੂੰਨ ਦੇ ਆਈ. ਜੀ. ਨਾਲ ਮੁਲਾਕਾਤਾ ਕਰਕੇ ਸ੍ਰੀ ਭਿੰਡਰ ਤੋਂ ਇਹਨਾਂ ਅਤਿਵਾਦੀਆਂ ਬਾਰੇ ਪੁਛਿਆ ਤਾਂ ਉਹਨਾਂ ਕਿਹਾ ਕਿ ਅੰਗਰੇਜ਼ ਸਿੰਘ (26) ਪਿੰਡ ਗਿੱਲ, ਹਰਨੇਕ ਸਿੰਘ (26) ਪਿੰਡ ਰੋਡੇ ਤੇ ਜੋਗਾ ਸਿੰਘ(35) ਪਿੰਡ ਕੋਟਲਾ ਮੇਹਰ ਸਿੰਘ ਜਦੋਂ ਪੇਸ਼ ਹੋਏ ਤਾਂ ਉਹਨਾਂ ਕੋਲੇ 12 ਬੋਰ ਦਾ ਇਕ ਪਿਸਤੌਲ ਵੀ ਬਰਾਮਦ ਕੀਤਾ ਗਿਆ। ਉਹਨਾਂ ਤਿੰਨਾਂ ਨੇ ਪੁਲਸ ਨੂੰ ਦੱਸਿਆ ਕਿ ਇਹ ਪਿਸਤੌਲ ਤੇ ਰੌਂਦ ਗਰਨੇਡ ਤੇ 315 ਬੋਰ ਦੀ ਇਕ ਰਾਈਫਲ ਜਥੇਦਾਰ ਰਾਮ ਸਿੰਘ ਕੋਲੋਂ ਪ੍ਰਾਪਤ ਕੀਤੀ ਹੈ ਜਿਹੜਾ ਅੱਜ ਕੱਲ੍ਹ ਗੁਰੂ ਨਾਨਕ ਨਿਵਾਸ ਵਿਚ ਠਹਿਰਿਆ ਹੋਇਆ ਹੈ।

ਆਈ. ਜੀ. ਤੋਂ ਇਹ ਪੁਛੇ ਜਾਣ ਤੇ ਕਿ ਦੋਸ਼ੀ ਗੁਰੂ ਨਾਨਕ ਨਿਵਾਸ ਵਿਚੋਂ ਹਥਿਆਰ ਲਿਆਏ ਹਨ ਤਾਂ ਉਹਨਾਂ ਕਿਹਾ ਕਿ ਇਹ ਉਹ ਖੁਦ ਹੀ ਕਹਿ ਰਹੇ ਹਨ। ਜਗਤਾਰ ਸਿੰਘ ਪਿੰਡ ਰੋਡੇ ਨੇ ਉਹਨਾਂ ਨੂੰ ਜਥੇਦਾਰ ਰਾਮ ਸਿੰਘ ਨਾਲ ਮਿਲਾਇਆ ਜਿਸਨੇ ਇਹ ਲੁੱਟ ਮਾਰ ਕਰਨ ਲਈ ਹਥਿਆਰ ਦਿੱਤੇ ਸਨ। ਉਹਨਾਂ ਦਸਿਆ ਕਿ 5 ਬੰਦੇ ਉਹਨਾਂ ਨਾਲ ਬਾਅਦ ਵਿਚ ਮਿਲੇ।

1. ਚਮਕੌਰ ਸਿੰਘ 2. ਭਗਵਾਨ ਸਿੰਘ 3. ਹਰਬੰਸ ਸਿੰਘ 4. ਬਲਵਿੰਦਰ ਸਿੰਘ 5. ਮਲਕੀਅਤ ਸਿੰਘ

ਇਹਨਾਂ ਆਦਮੀਆਂ ਵਿਚ ਚਮਕੌਰ ਸਿੰਘ ਤੇ ਹਰਬੰਸ ਸਿੰਘ ਪੁਲਸ ਨੇ ਪਹਿਲਾਂ ਹੀ ਗ੍ਰਿਫਤਾਰ ਕੀਤੇ ਸਨ।

ਇਹਨਾਂ ਨੂੰ ਮੋਗੇ ਦੇ ਸੁਰਿੰਦਰ ਕੁਮਾਰ ਪੈਟਰੋਲ ਪੰਪ ਨੂੰ ਕਤਲ ਕਰਨ ਦਾ ਦੋਸ਼ੀ ਠਹਿਰਾਇਆ ਹੈ ਤੇ ਕਈ ਬੈਂਕ ਡਕੈਤੀਆਂ ਵਿਚ ਸ਼ਾਮਲ ਕੀਤਾ ਹੈ ਤੇ ਉਹਨਾਂ ਦਸਿਆ ਕਿ ਪੰਪ ਤੋਂ ਲੁੱਟੇ(25000) ਰੁਪਏ ਉਹਨਾਂ ਲਾਲਾ ਜਗਤ ਨਰਾਇਣ ਕਤਲ ਕੇਸ ਦੇ ਸ਼ਹੀਦੀ ਫੰਡ ਵਿਚ ਦਿਤੇ ਹਨ। ਸ੍ਰੀ ਭਿੰਡਰ ਨੇ ਅਖਬਾਰਾਂ ਨੂੰ ਖਾਸ ਹਦਾਇਤ ਕੀਤੀ ਖਾਸ ਕਰ ਇੰਗਲੈਂਡ ਤੇ ਕੈਨੇਡਾ ਦੀਆਂ ਪੰਜਾਬੀ ਅਖਬਾਰਾਂ ਨੂੰ ਕਿ ਉਹ ਵਿਦੇਸ਼ੀ ਲੋਕਾਂ ਨੂੰ ਪੰਜਾਬ ਦੀ ਸਹੀ ਤਸਵੀਰ ਵਿਖਾਉਣ।

### ਪੰਜਾਬ ਵਿਚ ਰਾਸ਼ਟਰਪਤੀ ਰਾਜ ਅਕਾਲੀ ਦਲ ਦੇ ਮਸਲੇ ਦਾ ਹੱਲ ਨਹੀਂ

### ਅਤਿਵਾਦੀ ਲਾਭ ਉਠਾ ਰਹੇ

ਅਕਾਲੀ ਦਲ ਦੇ ਮੋਰਚੇ ਨੂੰ ਬਦਨਾਮ ਕਰਨ ਲਈ ਕੁਝ ਲੋਕ ਅਤਿਵਾਦੀਆਂ ਦੀ ਸ਼ਹਿ ਨਾਲ ਆਪਣਾ ਹੀ ਰਾਜਨੀਤਕ ਸਟੰਟ ਚਲਾ ਰਹੇ ਹਨ ਤੇ ਉਹ ਆਪਣੀਆਂ ਦੁਸ਼ਮਣੀਆਂ ਕੱਢ ਰਹੇ ਹਨ। ਇਹ ਸਾਰਾ ਕੁਝ ਅਕਾਲੀ ਦਲ ਨੂੰ ਬਦਨਾਮ ਕਰਨ ਲਈ ਕੀਤਾ ਜਾ ਰਿਹਾ ਹੈ। ਜਲੰਧਰ ਵਿਚ ਕੁਝ ਦਿਨ ਪਹਿਲਾਂ ਮਹਿੰਦਰ ਸਿਨਮੇ ਦੇ ਮਾਲਿਕ ਦੀ ਕਤਲ ਤੇ ਪ੍ਰੀਤਮ ਪੈਲਿਸ ਵਿਚ ਚੋਰੀ ਦੀਆਂ ਵਾਰਦਾਤਾਂ ਇਸ ਗੱਲ ਦੀ ਗਵਾਹੀ ਪੇਸ਼ ਕਰਦੀਆਂ ਹਨ ਅਜਿਹੀਆਂ ਕੁਝ ਹੋਰ ਘਟਨਾਵਾਂ ਬਾਰੇ ਵੀ ਤਾਜ਼ਾ ਰਿਪੋਰਟਾਂ ਦਾ ਪਤਾ ਲੱਗਾ ਹੈ।

### ਗ੍ਰਿਫਤਾਰੀਆਂ

ਮੋਰਚੇ ਦੀ ਨਵੀਂ ਰੂਪ ਰੇਖਾ ਦੇ ਐਲਾਨ ਦੇ ਨਾਲ ਹੀ ਪੰਜਾਬ ਪੁਲਸ ਨੇ ਅਕਾਲੀ ਆਗੂਆਂ ਦੀਆਂ ਗ੍ਰਿਫਤਾਰੀਆਂ ਸ਼ੁਰੂ ਕਰ ਦਿੱਤੀਆਂ ਹਨ। ਹੁਣ ਤੀਕ ਲਗ ਭਗ ਅਧਿਓਂ ਵੱਧ ਵਲੰਟੀਅਰ ਗ੍ਰਿਫਤਾਰ ਕੀਤੇ ਗਏ ਹਨ।

## ਆਜ਼ਾਦੀ ਦੀ ਲੜਾਈ ਦਾ ਇਕ ਹੋਰ ਘੁਲਾਟੀਆ ਤੁਰ ਗਿਆ

ਬਾਬਾ ਹੀਰਾ ਸਿੰਘ ਜੀ ਭੱਟਲ 30 ਜਨਵਰੀ ਸਵੇਰੇ ਚੰਡੀਗੜ੍ਹ ਵਿਚ ਅਕਾਲ ਚਲਾਣਾ ਕਰ ਗਏ। ਉਹ 92 ਸਾਲ ਦੇ ਸਨ। ਬਾਬਾ ਜੀ ਨੇ 20 ਸਾਲ ਜੇਲ ਵਿਚ ਬਤਾਏ। ਅੰਗਰੇਜ਼ੀ ਫੌਜ ਦੀ ਨੌਕਰੀ ਉਨ੍ਹਾਂ ਕੀਤੀ ਦੇਸ਼ ਵਿਚ ਅਤੇ ਸਮੁੰਦਰੋਂ ਪਾਰ ਵੀ। ਜਲ੍ਹਿਆਂ ਵਾਲੇ ਬਾਗ ਦੇ ਸਾਕੇ ਤੋਂ ਪ੍ਰਭਾਵਤ ਹੋ ਕੇ ਉਹਨਾਂ ਫੌਜ ਦੀ ਨੌਕਰੀ ਨੂੰ ਲੱਤ ਮਾਰੀ। ਤਾਂ ਕਿ ਦੇਸ਼ ਦੀ ਆਜ਼ਾਦੀ ਲੜਾਈ ਲੜ ਸਕਣ। ਉਹਨਾਂ ਦਾ ਮ੍ਰਿਤਕ ਸਰੀਰ ਉਨ੍ਹਾਂ ਦੇ ਪਿੰਡ ਜ਼ਿਲਾ ਸੰਗਰੂਰ ਵਿਚ ਲਜਾਇਆ ਗਿਆ ਅਤੇ ਪੂਰੇ ਸਨਮਾਨ ਨਾਲ ਅੰਤੇਸ਼ਟੀ ਕੀਤੀ ਗਈ। ਆਪਣੇ ਸੁਨੇਹੇ ਵਿਚ ਭਾਰਤ ਦੇ ਪ੍ਰਧਾਨ ਗਿਆਨੀ ਜ਼ੈਲ ਸਿੰਘ ਨੇ ਉਨ੍ਹਾਂ ਨੂੰ ਸ਼ਰਧਾਂਜਲੀ ਦਿੰਦੇ ਹੋਏ ਕਿਹਾ ਕਿ ਬਾਬਾ ਜੀ ਇਕ ਸੱਚੇ ਸੁਚੇ ਅਤੇ ਬੇਮਿਸਾਲ ਹੌਂਸਲੇ ਵਾਲੇ ਆਜ਼ਾਦੀ ਸੰਗਰਾਮ ਦੇ ਘੁਲਾਟੀਏ ਸਨ। ਜੋ ਬ੍ਰਿਟਿਸ਼ ਇਮਪੀਰੀਅਲਇਜ਼ਮ ਵਿਰੁਧ ਲੜੇ। 29 ਜਨਵਰੀ ਨੂੰ ਗਿਆਨੀ ਜੀ ਵਿਸ਼ੇਸ਼ ਹਵਾਈ ਜਹਾਜ਼ ਦੁਆਰਾ ਉਨ੍ਹਾਂ ਨੂੰ ਦੇਖਣ ਚੰਡੀਗੜ੍ਹ ਪੀ. ਜੀ. ਆਈ ਵਿਚ ਪੁੱਜੇ ਸਨ।

ਗੁਜ਼ਰਾ ਥਾ ਇਕ ਸਵਾਰ ਇਧਰ ਸੇ ਕਭੀ ਜ਼ਫਰ,
ਆਂਖੋਂ ਮੈਂ ਹੈ ਗੁਬਾਰ ਅਭੀ ਰਹਿਗੁਜ਼ਾਰ ਕਾ।

## ਅਜੇਹੇ ਅਪਰਾਧੀ ਨੂੰ ਫਾਂਸੀ ਜ਼ਰੂਰ ਹੋਵੇਗੀ

ਚੰਡੀਗੜ੍ਹ—ਪੰਜਾਬ ਅਤੇ ਹਰਿਆਣੇ ਦੇ ਡਵੀਜਨ ਬੈਂਚ ਨੇ ਚੰਡੀਗੜ੍ਹ ਦੇ ਸ਼ੈਸ਼ਨ ਜੱਜ ਵਲੋਂ ਦਿਤੀ ਗਈ ਮੌਤ ਦੀ ਸਜ਼ਾ ਨੂੰ ਠੀਕ ਮੰਨਿਆ ਹੈ। ਜੱਜ ਅਨੁਸਾਰ ਰਾਜ ਕੁਮਾਰ ਦਾ ਅਪਰਾਧ ਇਕ ਅਤਿਅੰਤ ਹੀ ਨਿਆਰਾ ਅਪਰਾਧ ਹੈ। ਜਿਸ ਵਿਚ ਉਸ ਨੇ ਤਿੰਨ ਬਚਿਆਂ ਨੂੰ ਸਿਰਫ ਇਸ ਲਈ ਮਾਰ ਦਿਤਾ ਕਿ ਬਚਿਆਂ ਦੀ ਮਾਂ ਨਾਲ ਨਜਾਇਜ਼ ਜਿਨਸੀ ਸਬੰਧੀ ਕਾਇਮ ਕਰਨ ਵਿਚ ਉਹ ਰੋੜਾ ਨਾ ਬਨਣ।

ਰਾਜ ਕੁਮਾਰ ਨੇ ਸੁਰੇਸ਼ ਕੁਮਾਰ(11 ਸਾਲ) ਪ੍ਰਵੀਨ ਕੁਮਾਰ (6 ਸਾਲ) ਅਤੇ ਬਿੱਟੂ(2 ਸਾਲ) ਨੂੰ ਭਾਖੜਾ ਨਹਿਰ ਵਿਚ ਡਬੋ ਦਿਤਾ ਸੀ। ਉਹ ਬੱਚਿਆਂ ਨੂੰ ਚੰਡੀਗੜ੍ਹ ਸੈਕਟਰ 22 ਤੋਂ ਲੋਹੜੀ ਵਾਲੇ ਦਿਨ 13 ਜਨਵਰੀ 1978 ਨੂੰ ਲੈ ਗਿਆ ਸੀ।

## ਦੋਸ਼ੀ ਨੇਪਾਲ ਵਿਚ ਫੜੇ ਗਏ

ਨਵੀਂ ਦਿੱਲੀ—ਫਗਵਾੜੇ ਦੇ ਬੀ. ਡੀ. ਓ. ਦੇ ਦਫਤਰ ਵਿਚ ਜੋ 3 ਜਨਵਰੀ ਨੂੰ ਪੌਣੇ ਦੋ ਲੱਖ ਦਾ ਡਾਕਾ ਪਿਆ ਸੀ। ਉਸਦੇ ਦੋਸ਼ੀ ਨੇਪਾਲ ਵਿਚ ਫੜੇ ਗਏ ਹਨ। ਉਨ੍ਹਾਂ ਨੇ ਆਪਣੇ ਜ਼ੁਰਮ ਦਾ ਇਕਬਾਲ ਕਰ ਲਿਆ ਹੈ।


S. & S. INSURANCE

Two Locations to Serve You

6658 Main St. Vancouver, B.C.

5936 Fraser St. Vancouver, B.C.

ਇਹਨਾਂ ਕੋਲੋਂ ਕਾਰਾਂ, ਟਰੱਕਾਂ, ਵੈਨਾਂ, ਪਿਕਅੱਪਾਂ ਦੀ ਇਨਸ਼ੋਰੈਂਸ ਕਰਾਉਣ ਲਈ ਚਲੇ ਆਓ।

ਕਿਸੇ ਵੀ ਤਰ੍ਹਾਂ ਦੀ ਇਨਸ਼ੋਰੈਂਸ ਕਰਵਾਉਣ ਤੋਂ ਪਹਿਲਾਂ ਇਨ੍ਹਾਂ ਨਾਲ ਗੱਲ ਜ਼ਰੂਰ ਕਰ ਲਓ।

ਅਸੀਂ ਤੁਹਾਨੂੰ ਫਾਇਨਾਨਸ ਵੀ ਦਿਵਾ ਸਕਦੇ ਹਾਂ(On Approved Credit)

15 ਫਰਵਰੀ ਤੋਂ 29 ਫਰਵਰੀ ਤੱਕ - 9.30 ਵਜੇ ਸਵੇਰ ਤੋਂ ਰਾਤ ਦੇ 9 ਵਜੇ ਤੱਕ ਦਫਤਰ ਐਤਵਾਰ ਵੀ ਖੁਲ੍ਹੇ ਰਹਿਣਗੇ


ਦਲਜੀਤ ਸਿੰਘ ਸਿੱਧੂ

Autoplan
1984 INSURANCE & LICENCE

Ph. 321-6442
FRASER St.
Ph. 324-2311


ਹਰਦੇਵ ਸਿੰਘ ਗਿੱਲ
324-5711

# THE CANADA DARPAN WEEKLY

P.O.BOX 67344 STN. 'O'
Vancouver, B.C. V5W 3T1

Chief Editor(Hon.) : DARSHAN GILL
Editor : HARBHAJAN SINGH DEOL
PHONE : (604)321-6360

All Officeholders of CANADA DARPAN are honorary associates

'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।


ਸੰਪਾਦਕੀ

## ਇਹ ਭੁਲ-ਭੁਲੱਈਆਂ ਕਿਉਂ ?

ਤਾਜ਼ਾ ਸੂਚਨਾ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਹੋਰਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਟੌਹੜਾ ਨੂੰ ਬੇਨਤੀ ਕੀਤੀ ਹੈ ਕਿ ਭਿੰਡਰਾਂਵਾਲਾ ਨੂੰ ਮੰਜੀ ਸਾਹਿਬ ਤੋਂ ਅਜੇਹੀਆਂ ਤਕਰੀਰਾਂ ਕਰਨ ਤੋਂ ਰੋਕਿਆ ਜਾਏ ਜਿਨ੍ਹਾਂ ਨਾਲ ਹਾਲਾਤ ਸੁਧਰਨ ਦੀ ਥਾਂ ਵਿਗੜਦੇ ਹਨ। ਆਖਰ ਇਹ ਨੌਬਤ ਕਿਉਂ ਆਈ ਸੰਤ ਹਰਚੰਦ ਸਿੰਘ ਲੌਂਗੋਵਾਲ ਬੜੇ ਸੂਝਵਾਨ ਦ੍ਰਿਸ਼ਟੀ ਵਾਲੇ ਸਿਆਸੀ ਤੇ ਧਾਰਮਿਕ ਨੇਤਾ ਹਨ, ਉਨ੍ਹਾਂ ਵੇਲੇ ਸਿਰ ਅਜਿਹੇ ਹਾਲਾਤ ਨੂੰ ਹੱਥੋਂ ਕਿਉਂ ਬਾਹਰ ਜਾਣ ਦਿੱਤਾ ? ਹੁਣ ਉਹਨਾ ਸਪੱਸ਼ਟ ਰੂਪ ਵਿਚ ਕਿਹਾ ਹੈ ਕਿ 'ਤਾਜਦਾਰਾਂ ਦੇ ਏਜੰਟ' ਹਿੰਸਾ ਫੈਲਾ ਰਹੇ ਹਨ। ਭਿੰਡਰਾਂਵਾਲਾ ਸ਼ਰੇਆਮ ਹਿੰਸਾ ਨੂੰ ਸ਼ਹਿ ਹੀ ਨਹੀਂ ਦੇ ਰਹੇ, ਸਗੋਂ ਇਨਾਮਾਂ ਦੇ ਐਲਾਨ ਕਰ ਰਹੇ ਹਨ। ਦਸ ਲੱਖ ਰੁਪਿਆ ਕੋਈ ਮਾਮੂਲੀ ਗੱਲ ਨਹੀਂ ਹੁੰਦੀ। ਅਜਿਹੇ ਧਿਆਨ ਗੰਭੀਰ ਲੋਕਾਂ ਲਈ ਚਿਤਾਵਨੀ ਬਣਦੇ ਹਨ ਜਦ ਕਿ ਮੌਕਾ-ਤਾੜੂ ਲੋਕ ਇਨ੍ਹਾਂ ਭੜਕਾਊ ਬਿਆਨਾਂ ਦੀ ਬਿਨਾਂ ਤੇ ਹੋਰ ਖੌਰੂ ਪਾਉਂਦੇ ਹਨ।

ਜਿਨ੍ਹਾਂ ਲੋਕਾਂ ਨੇ ਸੰਜੀਦਗੀ ਨਾਲ ਭਿੰਡਰਾਂਵਾਲਾ ਤੇ ਉਨ੍ਹਾਂ ਦੇ ਚੇਲਿਆਂ ਦੀਆਂ ਕਾਰਗੁਜ਼ਾਰੀਆਂ ਨੂੰ ਤੱਕਿਆ ਹੈ ਜਿਨ੍ਹਾਂ ਦੀ ਨੀਝ ਸਿਆਸੀ ਹਾਲਾਤਾਂ ਨੂੰ ਬਾਰੀਕੀ ਨਾਲ ਵੇਖਦੀ ਹੈ, ਉਹ ਜਾਣਦੇ ਹਨ ਕਿ ਪਿਛਲੀ ਚੋਣ ਸਮੇਂ ਅਮਰੀਕ ਸਿੰਘ ਤੇ ਹਰਮਿੰਦਰ ਸਿੰਘ ਸੰਧੂ ਕਾਂਗਰਸੀ ਉਮੀਦਵਾਰਾਂ ਦੀ ਪਿੱਠ ਪੂਰਦੇ ਰਹੇ ਹਨ। ਸ੍ਰੀ ਰਘੂ ਨੰਦਨ ਭਾਟੀਆ ਨੂੰ ਕਾਂਗਰਸ ਦਾ ਪ੍ਰਧਾਨ ਵੀ ਸ਼ਾਇਦ ਏਸੇ ਕਾਰਨ ਬਣਾਇਆ ਗਿਆ ਸੀ ਕਿਉਂਕਿ ਉਹ ਇਨ੍ਹਾਂ ਸਿੱਖ ਫੈਡਰੇਸ਼ਨ ਦੇ ਅਖੌਤੀ ਲੀਡਰਾਂ ਦੇ ਨੇੜੇ ਸਨ। ਸ਼ਰੋਮਣੀ ਅਕਾਲੀ ਦਲ ਧਾਰਮਿਕ ਸੰਸਥਾ ਦੇ ਨਾਲ ਨਾਲ ਰਾਜਨੀਤਕ ਪਾਰਟੀ ਵੀ ਹੈ ਤੇ ਉਹ ਰਾਜ ਕਰਕੇ ਵੇਖ ਵੀ ਚੁਕੀ ਹੈ। ਇਸਦੇ ਨੇਤਾਵਾਂ ਨੂੰ ਭਲੀ ਭਾਂਤ ਸਪੱਸ਼ਟ ਹੈ ਕਿ ਕਿਵੇਂ ਅਕਾਲੀ ਵਜ਼ਾਰਤਾਂ ਟੁੱਟਦੀਆਂ ਅਤੇ ਬਣਦੀਆਂ ਰਹੀਆਂ ਹਨ।

ਜੋ ਭਿੰਡਰਾਂਵਾਲਿਆਂ ਨੂੰ ਕੇਵਲ ਧਾਰਮਿਕ ਨੇਤਾ ਸਮਝਦੇ ਹਨ, ਉਨ੍ਹਾਂ ਨੂੰ ਵੀ ਇਸ ਗੱਲ ਦਾ ਹੁਣ ਅਹਿਸਾਸ ਹੋ ਗਿਆ ਹੈ ਕਿ ਭਿੰਡਰਾਂਵਾਲਿਆਂ ਨੂੰ ਪਹਿਲਾਂ ਅਕਾਲ ਤਖਤ ਦਾ ਜਥੇਦਾਰ ਬਣਾਉਣ ਦੀ ਯੋਜਨਾ, ਫਿਰ ਸੰਤ ਲੌਂਗੋਵਾਲ ਦੇ ਮੁਕਾਬਲੇ ਤੇ ਲੀਡਰ ਖੜਾ ਕਰਨ ਦੇ ਉਪਰਾਲੇ, ਇਹ ਕਿਸੇ ਸੋਚੀ ਸਮਝੀ ਸਾਜ਼ਿਸ਼ ਦਾ ਸਿੱਟਾ ਸਨ।

ਹੁਣ ਵੀ ਤਲਵੰਡੀ ਦਲ, ਸੁਖਜਿੰਦਰ ਸਿੰਘ ਤੇ ਪੰਜਾਬ ਤੋਂ ਬਾਹਰ ਵਸਦੇ ਅੱਗ ਲਾਊ ਟੋਲੇ, ਇਸ ਗੱਲ ਤੇ ਬਜ਼ਿਦ ਹਨ ਕਿ ਸੰਤ ਲੌਂਗੋਵਾਲ ਨੂੰ ਸ਼ਰੋਮਣੀ ਅਕਾਲੀ ਦਲ ਦੀ ਪ੍ਰਧਾਨਗੀ ਤੋਂ ਵੱਖ ਕਰਕੇ ਅਜਿਹਾ ਲੀਡਰ ਅੱਗੇ ਲੈ ਆਉਣ ਜਿਸਨੂੰ ਉਹ ਆਪਣੀ ਮਰਜ਼ੀ ਮੁਤਾਬਕ ਵਰਤ ਸਕਣ।

ਪਰ ਜਿਨ੍ਹਾਂ ਨੂੰ ਅਕਾਲੀ ਲਹਿਰ ਦੇ ਇਤਿਹਾਸ ਦੀ ਸਮਝ ਹੈ, ਉਹ ਜਾਣ ਸਕਦੇ ਹਨ ਕਿ ਹਜ਼ਾਰਾਂ ਵਾਰ 'ਸਾਜ਼ਸ਼ੀ ਲੀਡਰ' ਪੈਦਾ ਹੋਏ ਜਿਨ੍ਹਾਂ ਅਕਾਲੀ ਲਹਿਰ ਨੂੰ ਖੇਰੂੰ ਖੇਰੂੰ ਕਰਨ ਦੇ ਯਤਨ ਕੀਤੇ ਪਰ ਅਕਾਲੀ ਲਹਿਰ ਦੀ ਮੁਖ ਧਾਰਾ ਇਕੋ ਹੀ ਰਹੀ ਹੈ। ਇਸ ਚਲ ਰਹੇ ਸੰਘਰਸ਼ ਦਾ ਵੀ ਇਹੀ ਨਤੀਜਾ ਆਖਰ ਹੋਣਾ ਹੈ ਆਮ ਸਿਖ ਵਰਗ ਸ਼ਰੋਮਣੀ ਅਕਾਲੀ ਦਲ ਦੀ ਮੁੱਖ ਧਾਰਾ ਨਾਲ ਹੀ ਤੁਰੇਗਾ ਤੇ ਇਹ 'ਭੁਲ-ਭੁਲੱਈਆਂ' ਪੈਦਾ ਕਰਨ ਵਾਲੇ ਕਿਰਦਾਰ ਹਮੇਸ਼ਾ ਆਪਣੀ ਮੌਤ ਹੀ ਮਰਦੇ ਰਹੇ ਹਨ।

ਹੁਣ ਨਿਖੇੜੇ ਦਾ ਵੇਲਾ ਆ ਗਿਆ ਹੈ। ਸਹੀ ਰਾਹ ਲੋਕ ਹਮੇਸ਼ਾ ਲੱਭਦੇ ਰਹੇ ਹਨ ਤੇ ਪੰਜਾਬੀਆਂ ਲਈ ਵੀ ਇਹ ਫੈਸਲੇ ਦੀ ਘੜੀ ਹੈ ਕਿ ਉਹ ਖੌਰੂ ਪਾਉਣ ਵਾਲੇ ਟੋਲਿਆਂ ਨੂੰ ਕਿਸ ਤਰ੍ਹਾਂ ਭਾਂਜ ਦੇਂਦੇ ਰਹੇ ਹਨ ਤੇ ਅੱਗੇ ਨੂੰ ਦਿੰਦੇ ਰਹਿਣਗੇ।

ਅਗਲੇ ਕੁਝ ਦਿਨ ਪੰਜਾਬੀਆਂ ਦੀ ਇਸ ਫੈਸਲੇ ਦੀ ਘੜੀ ਦੇ ਦਿਨ ਹਨ।

## ਨਾਥ ਦੇ ਦੋਹੇ

"ਨਾਥ"

ਸਾਧ ਦਾ ਸੰਗ ਨਾ ਕੀਜੀਏ, ਸੁਣੋ ਅਕਾਲੀ ਸਿੰਘ।
ਭਸਮ ਕਰੇ ਉਸ ਦੇਹਿ ਨੂੰ, ਜੋ ਤੂੰ ਪਾਲੀ ਸਿੰਘ।

ਸਾਧ ਦਾ ਸੰਗ ਨਾ ਕੀਜੀਏ, ਸੜੇ, ਸ਼ਹੀਦ ਕਹਾਏ।
ਆਟੇ ਸੰਗ ਘੁਣ ਪੀਸਿਆ, ਆਟਾ ਹੀ ਬਣ ਜਾਏ।

ਸਾਧ ਦਾ ਸੰਗ ਨਾ ਕੀਜੀਏ, ਸੁਣੋ ਜੀ ਜੱਥੇਦਾਰ।
ਸਾਧ ਮਰੇ ਤਾਂ ਪਾਈਏ, ਗੋਲਕ, ਐਸ਼, ਬਹਾਰ।

... ... ...

ਸਾਧ ਦਾ ਸੰਗ ਤਾਂ ਕੀਜੀਏ, ਜਾਂ ਨਾ ਦਿਸੇ ਉਪਾਧ।
ਜਾਂ ਦੀਸੇ ਪ੍ਰਧਾਨਗੀ, ਜਾਂ ਦੀਸੇ ਪਰਸ਼ਾਦ।

ਸਾਧ ਦਾ ਸੰਗ ਤਾਂ ਕੀਜੀਏ, ਜਾਂ ਹੋਈਏ ਦੂਰ-ਚਿੱਤ।
ਸਾਧ ਮਰੇ, ਖੁਦ ਬਚ ਰਹੋ, ਗੋਲਕ ਆਵੈ ਚਿਤ।

ਸਾਧ ਦਾ ਸੰਗ ਤਾਂ ਕੀਜੀਏ, ਜਾਂ ਕੋਈ ਮਤਲਬ ਹੋਇ।
ਬਿਨ ਮਤਲਬ ਸੰਗ ਸਾਧ ਕੇ, "ਨਾਥ" ਰਹੇ ਨਾ ਕੋਇ।
(ਇਹ ਵਿਅੰਗ ਪੁਸਤਕ ਨਾਥ ਬਾਣੀ ਵਿਚੋਂ ਲਏ ਗਏ ਹਨ)

## ਰਾਜਸੀ ਪਿੜ ਵਿਚੋਂ

ਲਖਵਿੰਦਰ ਜੌਹਲ



ਖੱਬੇ ਪੱਖੀ, ਧਰਮ ਨਿਰਪੱਖ ਅਤੇ ਜਮਹੂਰੀਅਤ ਵਿਚ ਵਿਸ਼ਵਾਸ਼ ਰਖਣ ਵਾਲੀਆਂ ਚਾਰ ਵਿਰੋਧੀ ਪਾਰਟੀਆਂ ਦੇ ਇਕ ਲੱਖ ਦੇ ਲਗਭਗ ਵਰਕਰਾਂ ਨੇ 24 ਜਨਵਰੀ ਨੂੰ ਲੁਧਿਆਣੇ ਦੀ ਦਰੇਸੀ ਗਰਾਊਂਡ ਵਿਚ ਪਹੁੰਚ ਕੇ ਪੰਜਾਬ ਦੇ ਚਿਰਾਂ ਤੋਂ ਲਟਕ ਰਹੇ ਮਸਲੇ ਦੇ ਹੱਲ ਉਤੇ ਜ਼ੋਰ ਦਿਤਾ ਹੈ ਅਤੇ ਪੰਜਾਬ ਦੇ ਲੋਕਾਂ ਦੇ ਹੋਰ ਭਖਦੇ ਮਸਲਿਆਂ ਵੱਲ ਸਰਕਾਰ ਦਾ ਧਿਆਨ ਖਿਚਣ ਦੀ ਕੋਸ਼ਿਸ਼ ਕੀਤੀ ਹੈ। ਭਾਰਤੀ ਕਮਿਊਨਿਸਟ ਪਾਰਟੀ, ਭਾਰਤੀ ਕਮਿਊਨਿਸਟੀ ਪਾਰਟੀ(ਮਾਰਕਸਵਾਦੀ) ਕਾਂਗਰਸ (ਸ) ਅਤੇ ਜਨਤਾ ਪਾਰਟੀ ਦੀਆਂ ਪੰਜਾਬ ਸ਼ਾਖਾਵਾਂ ਦੇ ਸੱਦੇ ਉਤੇ ਕੀਤੀ ਗਈ ਇਹ ਰੈਲੀ ਪੰਜਾਬ ਵਿਚ ਸ਼ੁਰੂ ਹੋਏ ਅਕਾਲੀ ਮੋਰਚੇ ਤੋਂ ਬਾਅਦ ਪਹਿਲਾ ਅਹਿਮ ਐਕਸ਼ਨ ਹੈ ਜਿਹੜਾ ਇੰਕਾ ਜਾਂ ਅਕਾਲੀ ਦਲ ਦੋਹਾਂ ਤੋਂ ਬਾਹਰੇ ਹੋ ਕੇ ਅਤੇ ਦੋਹਾਂ ਦੇ ਵਿਰੁਧ ਕੀਤਾ ਗਿਆ ਹੈ ਅਤੇ ਜਿਸ ਵਿਚ ਆਮ ਲੋਕ ਲਾਮਬੰਦ ਹੋਏ ਹਨ। ਉਂਝ ਪਹਿਲਾਂ ਇਸ ਰੈਲੀ ਦਾ ਸੱਦਾ ਪੰਜ ਪਾਰਟੀਆਂ ਵਲੋਂ ਦਿਤਾ ਗਿਆ ਸੀ ਪਰ ਬਾਅਦ ਵਿਚ ਰੀਪਬਲੀਕਨ ਪਾਰਟੀ ਨੇ ਇਸ ਪਰੋਗਰਾਮ ਨਾਲੋਂ ਤੋੜ ਵਿਛੋੜਾ ਕਰ ਲਿਆ ਭਾਵੇਂ ਰੀਬਪਲੀਕਨ ਪਾਰਟੀ ਦੇ ਹਜ਼ਾਰਾ ਸਿੰਘ ਬੋਧੀ ਵਾਲਾ ਇਕ ਧੜਾ ਬਾਅਦ ਵਾਲੀਆਂ ਕੁਝ ਸਾਂਝੀਆਂ ਮੀਟਿੰਗਾਂ ਵਿਚ ਸ਼ਾਮਲ ਹੁੰਦਾ ਰਿਹਾ ਅਤੇ ਰੈਲੀ ਦੀ ਸਾਂਝ ਦਾ ਐਲਾਨ ਕਰਦਾ ਰਿਹਾ। ਪਰ ਅੰਤ ਇਹ ਰੈਲੀ ਚਾਰ ਵਿਰੋਧੀ ਪਾਰਟੀਆਂ ਦੀ ਹੀ ਰਹਿ ਗਈ - ਰੈਲੀ ਦੀ ਪ੍ਰਧਾਨਗੀ ਸੀ. ਪੀ. ਆਈ ਵਲੋਂ ਮਦਨ ਲਾਲ ਦੀਦੀ, ਸੀ. ਪੀ. ਐਮ ਵਲੋਂ ਸਤਵੰਤ ਸਿੰਘ, ਜਨਤਾ ਪਾਰਟੀ ਵਲੋਂ ਕ੍ਰਿਪਾਲ ਸਿੰਘ ਅਤੇ ਕਾਂਗਰਸ (ਸ) ਵਲੋਂ ਸਰੂਪ ਸਿੰਘ ਕਰ ਰਹੇ ਸਨ ਅਤੇ ਭਾਸ਼ਣ ਕਰਨ ਵਾਲਿਆਂ ਵਿਚ ਸੂਬਾਈ ਆਗੂਆਂ ਤੋਂ ਬਿਨਾਂ ਕਮਿਊਨਿਸਟ ਪਾਰਟੀ ਦੇ ਜਨਰਲ ਸਕੱਤਰ ਸ੍ਰੀ. ਰਾਜੇਸ਼ਵਰ ਰਾਓ, ਮਾਰਕਸੀ ਪਾਰਟੀ ਦੀ ਪੋਲਿਟ ਬਿਊਰੋ ਦੇ ਮੈਂਬਰ ਹਰਕਿਸ਼ਨ ਸਿੰਘ ਸੁਰਜੀਤ, ਕਾਂਗਰਸ(ਸ) ਦੀ ਕੇਂਦਰੀ ਆਗੂ ਸ੍ਰੀਮਤੀ ਅੰਬੀਕਾ ਸੋਨੀ ਆਦਿ ਵੀ ਸ਼ਾਮਲ ਸਨ।

ਰੈਲੀ ਨੇ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਉਤੇ ਜ਼ੋਰ ਦਿਤਾ ਹੈ ਕਿ ਉਹ "ਪਹਿਲਾਂ ਸਥਿਤੀ ਵਿਚ ਟਿਕਾ ਅਤੇ ਫੇਰ ਗੱਲਬਾਤ" ਦੀ ਬੇਤੁਕੀ ਸ਼ਰਤ ਲਾ ਕੇ ਪੰਜਾਬ ਦੀ ਸਮਸਿਆ ਨੂੰ ਲਟਕਾਉਣ ਦੀ ਨੀਤੀ ਦਾ ਤਿਆਗ ਕਰਨ। ਰੈਲੀ ਨੇ ਮੰਗ ਕੀਤੀ ਕਿ ਪੰਜਾਬ ਦੇ ਇਸ ਗੁੰਝਲਦਾਰ ਮਸਲੇ ਨੂੰ ਦੇਸ਼ ਦੀਆਂ ਵਿਰੋਧੀ ਪਾਰਟੀਆਂ ਦੀ ਦਿਲੀ ਵਿਚ ਹੋਈ ਮੀਟਿੰਗ ਵਿਚ ਕੀਤੇ ਗਏ ਫੈਸਲਿਆਂ ਅਤੇ ਸ੍ਰੀਨਗਰ ਅਤੇ ਕਲਕੱਤਾ ਵਿਚ ਦੁਹਰਾਏ ਗਏ ਸੁਝਾਵਾਂ ਦੇ ਅਧਾਰ ਉਤੇ ਹੱਲ ਕੀਤਾ ਜਾਵੇ ਕਿਉਂਕਿ ਇਨ੍ਹਾਂ ਮੀਟਿੰਗਾਂ ਵਿਚ ਸ਼ਾਮਲ ਅਕਾਲੀ ਪ੍ਰਤੀਨਿਧ ਇਨਾਂ ਸੁਝਾਵਾਂ ਨਾਲ ਸਹਿਮਤੀ ਪ੍ਰਗਟ ਕਰ ਚੁਕੇ ਹਨ — ਰੈਲੀ ਵਿਚ ਪਾਸ ਕੀਤੇ ਕੁਛ ਮਤੇ ਭਾਰਤੀ ਕਮਿਊਨਿਸਟ ਪਾਰਟੀ ਦੀ ਪੰਜਾਬ ਸ਼ਾਖਾ ਦੇ ਸਕੱਤਰ ਅਵਤਾਰ ਸਿੰਘ ਮਲਹੋਤਰਾ ਨੇ ਪੇਸ਼ ਕੀਤੇ ਅਤੇ ਤੇਜਾ ਸਿੰਘ, ਗੁਰਚਰਨ ਸਿੰਘ ਅਤੇ ਸਰੂਪ ਸਿੰਘ ਨੇ ਇਨ੍ਹਾਂ ਦੀ ਤਾਈਦ ਕੀਤੀ। ਇਨ੍ਹਾਂ ਮਤਿਆਂ ਵਿਚ ਪੰਜਾਬ ਦੀ ਸਥਿਤੀ ਉਤੇ ਡੂੰਘੀ ਚਿੰਤਾ ਦਾ ਪ੍ਰਗਟਾਵਾ ਕੀਤਾ ਗਿਆ ਅਤੇ ਕੇਂਦਰ ਤੋਂ ਤਿੰਨ ਧਿਰੀ ਮੀਟਿੰਗ ਜਾਂ ਸਿੱਧੀ ਗਲਬਾਤ ਰਾਹੀਂ ਮਸਲਾ ਨਜਿੱਠਣ ਉਤੇ ਜ਼ੋਰ ਦੇਣ ਤੋਂ ਬਿਨਾਂ ਅਕਾਲੀ ਦਲ ਉਤੇ ਵੀ ਜ਼ੋਰ ਦਿਤਾ ਗਿਆ ਕਿ ਉਹ ਅਤਿਵਾਦੀ ਅਤੇ ਵੱਖ ਵਾਦੀ ਸ਼ਕਤੀਆਂ ਨਾਲੋਂ ਆਪਣੇ ਆਪ ਦਾ ਪੂਰਨ ਤੌਰ ਉਤੇ ਨਿਖੇੜਾ ਕਰੇ ਅਤੇ ਦਰਬਾਰ ਸਾਹਿਬ ਅਹਾਤੇ ਦੀ ਅਤੇ ਹੋਰ ਗੁਰਦੁਆਰਿਆਂ ਦੀ ਹਿੰਸਾਤਮਿਕ ਕਾਰਵਾਈਆਂ ਕਰਨ ਵਾਲਿਆਂ ਵਲੋਂ ਕੀਤੀ ਜਾ ਰਹੀ ਦੁਰਵਰਤੋਂ ਰੋਕਣ ਲਈ ਕਦਮ ਚੁੱਕੇ। -- ਇਹ ਰੈਲੀ ਹੋਰ ਕੁਝ ਵੀ ਹੋਵੇ ਘੱਟੋ ਘੱਟ ਇਸ ਗਲ ਦਾ ਪ੍ਰਮਾਣ ਤਾਂ ਹੈ ਹੀ ਕਿ ਇੰਕਾ ਅਤੇ ਅਕਾਲੀ ਦਲ ਤੋਂ ਬਿਨਾਂ ਪੰਜਾਬ ਦੇ ਲੋਕਾਂ ਦੀ ਇਕ ਤੀਜੀ ਧਿਰ ਸਰਗਰਮ ਹੋਈ ਹੈ। ਇਸ ਸਰਗਰਮੀ ਵਿਚ ਹੀ ਸ਼ਾਮਲ ਹੁੰਦੀਆਂ ਹਨ ਉਹ ਅਪੀਲਾਂ ਜਿਹੜੀਆਂ ਦਿਲੀ ਅਤੇ ਬੰਬਈ ਵਿਚ ਵਸਦੇ ਸੈਂਕੜੇ ਪੰਜਾਬੀਆਂ ਨੇ ਪੰਜਾਬ ਦੇ ਲੋਕਾਂ ਨੂੰ ਫਿਰਕੂ ਅਮਨ ਅਤੇ ਸਦਭਾਵਨਾ ਦੀ ਰਾਖੀ ਲਈ ਕੀਤੀਆਂ ਹਨ। ਬੰਬਈ ਵਿਚ ਵਸਦੀਆਂ ਪੰਜਾਬੀ ਸ਼ਖਸੀਅਤਾਂ ਨੇ ਜਿੰਨਾਂ ਵਿਚ ਮੁੱਖ ਤੌਰ ਉਤੇ ਫਿਲਮੀ ਸੰਸਾਰ ਨਾਲ ਸਬੰਧਤ ਪੰਜਾਬੀ ਸਖਸ਼ੀਅਤਾਂ ਹਨ, ਪੰਜਾਬ ਦੇ ਲੋਕਾਂ ਨੂੰ ਫਿਰਕੂ ਅਤਿਵਾਦ ਦਾ ਇਕੱਠੇ ਹੋ ਕੇ ਟਾਕਰਾ ਕਰਨ ਲਈ ਕਹਿਣ ਉਪਰੰਤ ਦਿਲੀ ਵਿਚਲੇ ਲਗਭਗ ਡੇਢ ਸੌ ਪੰਜਾਬੀਆਂ ਨੇ ਜਿੰਨਾਂ ਵਿਚ ਬੁੱਧੀਜੀਵੀ ਸਾਹਿਤਕਾਰ, ਸਾਬਕ ਸਿਵਲ ਅਤੇ ਫੌਜੀ ਅਧਿਕਾਰੀ ਸ਼ਾਮਲ ਹਨ। 'ਪੰਜਾਬ ਦੀ ਖਾਮੋਸ਼ ਬਹੁ ਗਿਣਤੀ ਦੇ ਨਾਂਅ' ਜਾਰੀ ਕੀਤੀ ਇਕ ਅਪੀਲ ਵੀ ਪੰਜਾਬ ਦੇ ਲੋਕਾਂ ਨੂੰ ਫਿਰਕੂਆਂ ਤੋਂ ਸਾਵਧਾਨ ਹੋਣ ਅਤੇ ਆਪਣੀਆਂ ਧਰਮ ਨਿਰਪੱਖ ਰਵਾਇਤਾਂ ਦੀ ਰਾਖੀ ਕਰਨ ਦਾ ਸੱਦਾ ਦਿੱਤਾ ਹੈ।

### ਕਿਸਾਨ ਅੰਦੋਲਨ

ਭਾਵੇਂ ਕੇਂਦਰ ਸਰਕਾਰ ਨੇ ਮਾਲਵੇ ਦੀ ਨਰਮਾ ਬੈਲਟ ਦੇ ਕਿਸਾਨਾਂ ਦੇ ਹੋਏ ਨੁਕਸਾਨ ਦੇ ਮੁਆਵਜ਼ੇ ਵਜੋਂ ਦਸ ਕਰੋੜ ਰੁਪਏ ਦੀ ਰਕਮ ਮਨਜ਼ੂਰ ਕਰ ਦਿਤੀ ਹੈ ਪਰ ਫੇਰ ਵੀ ਨਰਮਾ ਉਤਪਾਦਕਾਂ ਦੇ ਸੰਘਰਸ਼ ਲਈ ਬਣੀ ਐਕਸ਼ਨ ਕਮੇਟੀ ਵਲੋਂ 31 ਜਨਵਰੀ ਨੂੰ ਕੀਤੇ ਜਾ ਰਹੇ ਰਸਤਾ ਰੋਕੋਅੰਦੋਲਨ ਦਾ ਸੱਦਾ ਅਜੇ ਵਾਪਸ ਨਹੀਂ ਲਿਆ ਗਿਆ। ਇਸ ਐਕਸ਼ਨ ਕਮੇਟੀ ਵਿਚ ਦੋਨਾਂ ਕਮਿਊਨਿਸਟ ਪਾਰਟੀਆਂ ਨਾਲ ਸਬੰਧਤ ਕਿਸਾਨ ਸਭਾਵਾਂ ਤੋਂ ਬਿਨਾਂ ਹੁਣ ਅਕਾਲੀ ਦਲ ਦੇ ਨੁਮਾਇੰਦੇ ਵੀ ਸ਼ਾਮਲ ਹਨ। ਕੇਂਦਰ ਵਲੋਂ ਪਹਿਲਾਂ ਲਗਾਤਾਰ ਇਸ ਗੱਲ ਉਤੇ ਅੜੀ ਕੀਤੀ ਗਈ ਸੀ ਕਿ ਕਿਸਾਨਾਂ ਦਾ ਨੁਕਸਾਨ ਮਸਾਂ 30 ਫੀ ਸਦੀ ਹੋਇਆ ਹੈ ਇਸ ਕਰਕੇ ਮੁਆਵਜ਼ੇ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ। ਸਰਕਾਰ ਵਲੋਂ ਨੁਕਸਾਨ ਦੇ ਜਾਇਜ਼ੇ ਲਈ ਬਣਾਈ ਗਈ ਐਕਸ਼ਨ ਕਮੇਟੀ ਦੀ ਰੀਪੋਰਟ ਵਿਚ ਵੀ ਇਸੇ ਤਰਾਂ ਦੀ ਗੱਲ ਕਹੀ ਗਈ ਸੀ। ਕੇਂਦਰ ਖੇਤੀ ਮੰਤਰੀ ਨੂੰ ਜਦੋਂ ਐਕਸ਼ਨ ਕਮੇਟੀ ਦਾ ਵਫਦ ਮਿਲਿਆ ਤਾਂ ਉਨ੍ਹਾਂ ਨੇ ਕਿਹਾ ਸੀ ਕਿ ਸੂਬਾ ਸਰਕਾਰ ਨੇ ਉਨ੍ਹਾਂ ਤੋਂ ਮੁਆਵਜ਼ੇ ਦੀ ਕੋਈ ਮੰਗ ਹੀ ਨਹੀਂ ਕੀਤੀ ਹੈ ਪਰ ਪੰਜਾਬ ਦੇ ਗਵਰਨਰ ਭੈਰਵਦੱਤ ਪਾਂਡੇ ਨੇ ਵਾਰ ਵਾਰ ਇਹ ਕਿਹਾ ਸੀ ਕਿ ਪੰਜਾਬ ਨੇ ਕੇਂਦਰ ਨੂੰ ਮੁਆਵਜ਼ਾ ਦੇਣ ਦੀ ਸਿਫਾਰਸ਼ ਕੀਤੀ ਹੈ। ....ਮਾਮਲਾ ਕਈ ਮਹੀਨੇ ਰਿੜਕ ਹੁੰਦਾ ਰਿਹਾ ਹੁਣ ਜਦੋਂ 31 ਜਨਵਰੀ ਨੇੜੇ ਆ ਰਹੀ ਹੈ ਤਾਂ ਕੇਂਦਰੀ ਮੰਤਰੀ ਨੇ ਪਰੈਸ ਕਾਨਫਰੰਸ ਲਾ ਕੇ ਦਿੱਲੀ ਤੋਂ ਇਹ ਐਲਾਨ ਕੀਤਾ ਹੈ ਕਿ ਪੰਜਾਬ ਦੇ ਨਰਮਾ ਕਿਸਾਨਾਂ ਦੇ ਨੁਕਸਾਨ ਦੇ ਮੁਆਵਜ਼ੇ ਲਈ ਦਸ ਕਰੋੜ ਰੁਪਏ ਦੀ ਮਨਜ਼ੂਰੀ ਦੇ ਦਿਤੀ ਗਈ ਹੈ।

### ਪ੍ਰਧਾਨਗੀ ਰਾਜ ਜਾਏਗਾ ?

ਪੰਜਾਬ ਵਿਚ ਲਾਗੂ ਕੀਤੇ ਗਏ ਰਾਸ਼ਟਰਪਤੀ ਰਾਜ ਦੀ ਪਹਿਲੀ ਛੇ ਮਹੀਨੇ ਦੀ ਮਿਆਦ ਸੱਤ ਮਾਰਚ ਨੂੰ ਪੂਰੀ ਹੋ ਰਹੀ ਹੈ ਇਸ ਕਰਕੇ ਸਰਕਾਰ ਬਣਾਏ ਜਾਣ ਦੇ ਚਰਚੇ ਲਗਾਤਾਰ ਜਾਰੀ ਹਨ। ਇਨ੍ਹਾਂ ਦਿਨਾਂ ਦੀ ਚਰਚਾ ਵਿਚ ਵੀ ਭਾਵੇਂ ਸਾਬਕ ਮੁਖ ਮੰਤਰੀ ਦਰਬਾਰਾ ਸਿੰਘ ਨੂੰ ਮੁੜ ਮੁਖ ਮੰਤਰੀ ਬਣਾਏ ਜਾਣ ਦੀ ਸੰਭਾਵਨਾ ਪੂਰੀ ਤਰ੍ਹਾਂ ਰੱਦ ਨਹੀਂ ਕੀਤੀ ਜਾ ਰਹੀ ਫੇਰ ਵੀ ਇਸ ਗੱਲ ਦੀ ਭਰਪੂਰ ਚਰਚਾ ਹੈ ਕਿ ਪੰਜਾਬ ਦਾ ਨਵਾਂ ਮੁਖ ਮੰਤਰੀ ਮਾਲਵੇ ਦੇ ਖੇਤਰ ਦਾ ਹੋਵੇਗਾ ਅਤੇ ਉਸਨੂੰ ਇੰਦਰਾ ਗਾਂਧੀ ਤੋਂ ਬਿਨਾਂ ਰਾਜੀਵ ਗਾਂਧੀ ਦੀ ਵੀ ਪੂਰੀ ਸਰਪ੍ਰਸਤੀ ਹਾਸਲ ਹੋਵੇਗੀ। ਇਸ ਮਸਲੇ ਵਿਚ ਭਾਵੇਂ ਸੰਗਰੂਰ ਤੋਂ ਪਾਰਲੀਮੈਂਟ ਮੈਂਬਰ ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ ਦਾ ਨਾਂ ਪਹਿਲਾਂ ਲਿਆ ਜਾ ਚੁੱਕਾ ਹੈ ਪਰ ਇਸ ਬਾਰੇ ਅਜੇ ਤੱਕ ਕੋਈ ਪੱਕੀ ਗਲ ਨਹੀਂ ਕਹੀ ਜਾ ਸਕਦੀ।

### ਮੱਧਕਾਲੀ ਚੋਣਾਂ :

ਦੇਸ਼ ਵਿਚ ਮਧਕਾਲੀ ਚੋਣਾਂ ਕਰਵਾਏ ਜਾਣ ਬਾਰੇ ਕਿਆਸ ਅਰਾਈਆਂ ਤਾਂ ਕਈ ਮਹੀਨਿਆਂ ਤੋਂ ਹੀ ਲਈਆਂ ਜਾ ਰਹੀਆਂ ਹਨ ਅਤੇ ਅੰਦਰੋਂ ਅੰਦਰ ਇੰਕਾ ਵਲੋਂ ਇਸਦੀਆਂ ਤਿਆਰੀਆਂ ਕੀਤੇ ਜਾਣ ਦੀਆਂ ਖਬਰਾਂ ਵੀ ਲਗਾਤਾਰ ਗਸ਼ਤ ਕਰ ਰਹੀਆਂ ਹਨ ਇਹ ਗੱਲ ਤਾਂ ਤੱਥ ਹੈ ਕਿ ਵੋਟਰ ਸੂਚੀਆਂ ਦੀ ਸਧਾਈ ਦਾ ਕੰਮ ਲਗਭਗ ਸਿਰੇ ਚਾੜ੍ਹ ਲਿਆ ਗਿਆ ਹੈ। ਚੋਣ ਕਮਿਸ਼ਨ ਦੀ ਹਦਾਇਤ ਉਤੇ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਦੀਆਂ ਸੋਧੀਆਂ ਵੋਟਰ ਸੂਚੀਆਂ ਦੀ ਅੰਤਮ ਪ੍ਰਕਾਸ਼ਨਾ 31 ਜਨਵਰੀ ਤੱਕ ਕੀਤੀ ਜਾ ਰਹੀ ਹੈ ਪਰ ਲੋਕ ਪ੍ਰਤੀਨਿਧਤਾ ਐਕਟ ਦੀ ਧਾਰਾ 32 ਅਨੁਸਾਰ ਜੇਕਰ ਕੋਈ ਰਹਿ ਗਿਆ ਵਿਅਕਤੀ ਆਪਣਾ ਨਾਂ ਵੋਟਰ ਸੂਚੀ ਵਿਚ ਦਰਜ ਕਰਵਾਉਣਾ ਚਾਹੇ ਤਾਂ ਉਹ ਬਾਦ ਵਿਚ ਵੀ ਕਰਵਾ ਸਕੇਗਾ। ਪੰਜਾਬ ਵਿਚ ਨਵੀਆਂ ਸੂਚੀਆਂ ਅਨੁਸਾਰ ਵੋਟਰਾਂ ਦੀ ਗਿਣਤੀ ਇਕ ਕਰੋੜ ਤੋਂ ਟੱਪ ਗਈ ਹੈ। 1982 ਵਿਚ ਵੋਟਰਾਂ ਦੀ ਗਿਣਤੀ 9856332 ਸੀ ਜਿੰਨਾਂ ਵਿਚ 80000 ਫੌਜੀ ਸਨ। ਇਸੇ ਦੌਰਾਨ ਇਹ ਗੱਲ ਵੀ ਸਾਹਮਣੇ ਆਈ ਹੈ ਕਿ ਚੋਣ ਕਮਿਸ਼ਨਰ ਨੇ ਪੰਜਾਬ ਸਰਕਾਰ ਨੂੰ ਲਿਖਿਆ ਹੈ ਕਿ ਲੋਕ ਸਭਾ ਦੀ ਹੁਸ਼ਿਆਰਪੁਰ ਸੀਟ (ਗਿਆਨੀ ਜ਼ੈਲ ਸਿੰਘ ਵਾਲੀ) ਅਤੇ ਵਿਧਾਨ ਸਭਾ ਦੀ ਪੱਕਾ ਕਲਾਂ ਸੀਟ(ਡਾਕਟਰ ਭਗਤ ਸਿੰਘ ਵਾਲੀ) ਦੀਆਂ ਉਪਚੋਣਾਂ ਮਾਰਚ ਵਿਚ ਕਰਾਈਆਂ ਜਾਣ - ਪਰ ਪੰਜਾਬ ਸਰਕਾਰ ਗੜਬੜ ਵਾਲੇ ਇਲਾਕੇ ਦਾ ਬਹਾਨਾ ਲਾ ਕੇ ਇਹ ਤਜਵੀਜ਼ ਰੱਦ ਕਰ ਦਿੱਤੀ ਹੈ - ਉਂਝ ਚੋਣ ਕਮਿਸ਼ਨ ਨੇ ਅਜੇਹਾ ਕੋਈ ਸੰਕੇਤ ਨਹੀਂ ਦਿਤਾ ਕਿ ਲੋਕ ਸਭਾ ਦੀਆਂ ਕੁਲ ਚੋਣਾਂ ਸਮਾਂ ਪੁਗਣ ਤੋਂ ਪਹਿਲਾਂ ਕਰਾਉਣ ਦੀ ਕੋਈ ਤਜ਼ਵੀਜ਼ ਹੈ। ਚੋਣ ਕਮਿਸ਼ਨ ਨੇ ਕਿਹਾ ਹੈ ਕਿ ਉਹ ਵੋਟਰ-ਸੂਚੀਆਂ ਦੀ ਅੰਤਮ ਪ੍ਰਕਾਸ਼ਨਾ ਤੋਂ ਬਾਅਦ 45 ਦਿਨਾਂ ਦੇ ਨੋਟਿਸ ਉਤੇ ਕਦੇ ਵੀ ਚੋਣਾਂ ਕਰਵਾ ਸਕਦਾ ਹੈ।

ਹੁਣ ਪਾਰਲੀਮੈਂਟ ਦਾ ਬੱਜਟ ਇਜਲਾਸ 23 ਫਰਵਰੀ ਤੋਂ ਸੱਦੇ ਜਾਣ ਬਾਰੇ ਨੋਟੀਫਿਕੇਸ਼ਨ ਜਾਰੀ ਕਰ ਦਿਤਾ ਗਿਆ ਹੈ। ਇਹ ਤਰੀਕ ਮਿਥੇ ਜਾਣ ਦੇ ਨਾਲ ਹੀ ਮਧਕਾਲੀ ਚੋਣਾਂ ਦੀ ਚਰਚਾ ਫੇਰ ਗਰਮ ਹੋ ਗਈ ਹੈ ਰਾਜਨੀਤਕ ਹਲਕਿਆਂ ਦਾ ਵਿਚਾਰ ਹੈ ਕਿ ਇਸ ਇਜਲਾਸ ਵਿਚ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਆਪਣੇ ਸੁਭਾਅ ਅਨੁਸਾਰ ਕੁਝ ਅਜੇਹੇ ਮਸਲੇ ਚੁਕਣਗੇ ਕਿ ਜਿੰਨਾਂ ਨੂੰ ਅਧਾਰ ਬਣਕੇ 'ਦੇਸ਼ ਭਰ' ਵਿਚ ਚੋਣਾਂ ਚੋਣਾਂ ਦਾ ਐਲਾਨ ਕਰ ਦੇਣਗੇ। ਕਿਉਂਕਿ ਦੇਸ਼ ਭਰ ਵਿਚ ਅਤੇ ਵਿਸ਼ੇਸ਼ ਕਰਕੇ ਗੈਰ ਇੰਕਾ ਸਰਕਾਰਾਂ ਵਾਲੇ ਸੂਬਿਆਂ ਵਿਚ ਅਮਨ ਕਾਨੂੰਨ ਦੀ ਹਾਲਤ ਬੇਹੱਦ ਵਿਗੜੀ ਹੋਈ ਹੈ। ਕਰਨਾਟਕ ਵਿਚ ਕੰਨੜ ਦਾ ਝਗੜਾ ਜੰਮੂ ਕਸ਼ਮੀਰ ਵਿਚ ਇੰਕਾ ਵਲੋਂ ਸ਼ੁਰੂ ਕੀਤਾ ਗਿਆ ਅੰਦੋਲਨ ਦੋ ਅਜੇਹੇ ਮਸਲੇ ਹਨ ਜਿੰਨਾਂ ਨੇ ਬੰਗਾਲ, ਆਂਧਰਾ ਅਤੇ ਪੰਜਾਬ ਉਤੇ ਵੀ ਪ੍ਰਭਾਵ ਪਾਇਆ ਹੈ, ਅਤੇ ਥੋੜਾ ਜਿਹਾ ਵਧ ਕਰਕੇ ਵੇਖੀਏ ਤਾਂ ਪੰਜਾਬ ਅਤੇ ਆਸਾਮ ਅਜੇਹੇ ਮਸਲੇ ਹਨ ਜਿਹੜੇ ਦਰਅਸਲ ਉਕਤ ਸੂਬਿਆਂ ਉਤੇ ਅਤੇ ਵਿਸ਼ੇਸ਼ ਕਰਕੇ ਜੰਮੂ ਕਸ਼ਮੀਰ ਉਤੇ ਪਰਤਵਾਂ ਪ੍ਰਭਾਵ ਪਾ ਰਹੇ ਹਨ।

ਇੰਕਾ ਅਮਨ ਕਾਨੂੰਨ ਦੀ ਇਸ ਵਿਗੜ ਰਹੀ ਹਾਲਤ ਨੂੰ ਬਹਾਨਾ ਬਣਾ ਕੇ ਗੈਰ-ਇੰਕਾ ਸਰਕਾਰਾਂ ਨੂੰ ਤੋੜਨ ਲਈ ਲਗਾਤਾਰ ਅਧਾਰ ਤਿਆਰ ਕਰਹੀ ਜਾਪਦੀ ਹੈ - ਕਦੇ ਬੰਗਲੌਰ ਵਿਚ ਜਨਤਾ ਵਿਧਾਇਕਾਂ ਨੂੰ ਖਰੀਦਣ ਦੀਆਂ ਕੋਸ਼ਿਸ਼ਾਂ, ਕਦੇ ਜੰਮੂ ਕਸ਼ਮੀਰ ਵਿਚ ਪੁਲਸ ਨਾਲ ਝੜਪਾਂ, ਕਦੇ ਵਿਰੋਧੀ ਪਾਰਟੀਆਂ ਦੀ ਮੀਟਿੰਗ ਉਤੇ ਕਲਕੱਤੇ ਵਿਚ ਗਏ ਜੰਮੂ ਕਸ਼ਮੀਰ ਦੇ ਮੁੱਖ ਮੰਤਰੀ ਫਾਰੂਕ ਅਬਦੁੱਲਾ ਦਾ ਘਿਰਾਓ ਅਤੇ ਉਸਦੀ ਕਾਰ ਉਤੇ ਹਮਲਾ ਜਿਸ ਨਾਲ ਬੰਗਾਲ ਨੂੰ ਵੀ ਗੜਬੜ ਦਾ ਖੇਤਰ ਬਣਾ ਲਿਆ ਅਤੇ ਫਾਰੂਕ ਨੂੰ ਵੀ ਜੋਖਮ ਵਿਚ ਪਾ ਦਿਤਾ ਗਿਆ - ਆਦਿ ਕੁਝ ਅਜੇਹੀਆਂ ਘਟਨਾਵਾਂ ਹਨ ਜਿਹੜੀਆਂ ਇਸ ਗਲ ਦਾ ਪ੍ਰਮਾਣ ਹਨ ਕਿ ਇੰਕਾ ਗੈਰ-ਇੰਕਾ ਸਰਕਾਰਾਂ ਵਿਰੁਧ ਕਿੰਨੀ ਸਰਗਰਮੀ ਨਾਲ ਕੰਮ ਕਰ ਰਹੀ ਹੈ - ਯਾਨੀ ਇਸ ਗੱਲ ਤੋਂ ਇਨਕਾਰ ਕੀਤਾ ਜਾਣਾ ਮੁਸ਼ਕਲ ਹੈ ਕਿ ਇੰਕਾ ਇਨ੍ਹਾਂ ਸਰਕਾਰਾਂ ਨੂੰ ਡੇਗਣ ਲਈ ਮਿਲਿਆ ਕੋਈ ਵੀ ਬਹਾਨਾ "ਅਜ਼ਾਈ" ਗੁਆ ਦੇਵੇਗੀ ? ਇਹੀ ਗੱਲ ਲੋਕ ਸਭਾ ਦੀਆਂ ਮਧ-ਕਾਲੀ ਚੋਣਾਂ ਕਰਵਾਏ ਜਾਣ ਦੇ ਐਲਾਨ ਉਤੇ ਵੀ ਇਨ੍ਹ-ਬਿਨ੍ਹ ਢੁਕਦੀ ਹੈ।

### ਸੰਤ ਵਿਰੁਧ ਇਸ਼ਤਿਹਾਰ

ਮੋਰਚਾ ਤੇਜ਼ ਕੀਤੇ ਜਾਣ ਸੰਬੰਧੀ ਅਕਾਲੀ ਦਲ ਵਿਚ ਜਿਹੜਾ ਰੱਫੜ ਇਸ ਵਾਰੀ ਪਿਆ ਉਹ ਦਲ ਦੇ ਇਤਿਹਾਸ ਵਿਚ ਆਪਣੀ ਮਿਸਾਲ ਆਪ ਹੈ। ਇਸ ਰੱਫੜ ਵਿਚ ਇਕ ਤਾਂ ਇਹ ਗੱਲ ਨਿਕਲੀ ਕਿ 27 ਜਨਵਰੀ ਤੋਂ ਤੇਜ਼ ਹੋਏ ਮੋਰਚੇ ਤੋਂ ਬਾਅਦ ਪੈਦਾ ਹੋਈ ਹਾਲਤ ਨਾਲ ਨਿਬੜਨ ਲਈ ਅਕਾਲੀ ਦਲ ਦੇ ਯੂਥ ਵਿੰਗ ਵਲੋਂ ਇਨਕਲਾਬੀ ਪ੍ਰੋਗਰਾਮ ਨੂੰ ਸਿਰੇ ਚਾੜ੍ਹਨ ਲਈ 11000 ਸਿਖ ਨੌਜਵਾਨਾਂ ਦੀ ਗੁਪਤ 'ਮੋਰਚਾ ਸੈਨਾ' ਬਣਾਏ ਜਾਣ ਦਾ ਐਲਾਨ ਕੀਤਾ ਗਿਆ ਹੈ ਅਤੇ ਨਾਲ ਹੀ ਇਸ ਗੱਲ ਦੇ ਸੰਕੇਤ ਦਿਤੇ ਗਏ ਹਨ ਕਿ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਨੂੰ ਭੰਗ ਕਰਕੇ ਇਸਦੇ ਪੁਨਰਗਠਨ ਲਈ ਇਕ ਐਡਹਾਕ ਕਮੇਟੀ ਬਣਾ ਦਿਤੀ ਜਾਵੇਗੀ। ਇਹ ਸੰਕੇਤ ਲੌਂਗੋਵਾਲ ਦੇ ਕਰੀਬੀ ਸੂਤਰਾਂ ਨੇ ਦਿਤਾ ਹੈ। ਪਰ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਆਗੂਆਂ ਨੇ ਫੈਡਰੇਸ਼ਨ ਨੂੰ ਭੰਗ ਕੀਤੇ ਜਾਣ ਦੇ ਦਲ ਦੇ ਹੱਕ ਨੂੰ ਚੈਲੰਜ ਕੀਤਾ ਹੈ।

ਇਥੇ ਇਹ ਵਰਨਣਯੋਗ ਹੈ ਕਿ ਅਕਾਲੀ ਦਲ ਦੇ ਪਿਛਲੇ ਸਾਲ ਮਾਰਚ ਵਿਚ ਯੂਥ ਵਿੰਗ ਦੀ ਸਥਾਪਨਾ ਦਾ ਐਲਾਨ ਹੀ ਇਸ ਕਰਕੇ ਕੀਤਾ ਸੀ ਕਿਉਂਕਿ ਦਲ ਦਾ ਵਿਦਿਆਰਥੀ ਵਿੰਗ-(ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ) ਅਤਿਵਾਦੀ ਸਿੱਖ ਆਗੂ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ

(ਬਾਕੀ ਪੰਨਾ 19 ਤੇ)

# ਭਾਰਤ ਦਰਪਣ

## ਗਣਤੰਤਰ ਦਿਵਸ ਤੇ ਸਨਮਾਨ

26 ਜਨਵਰੀ, 84 ਨੂੰ ਭਾਰਤ ਦੇ ਗਣਤੰਤਰ ਦਿਵਸ ਤੇ 17 ਵਿਅਕਤੀ ਪਦਮਾ ਭੂਸ਼ਨ ਨਾਲ ਸਨਮਾਨੇ ਗਏ।

ਭਾਰਤ ਦੇ ਹਰਮਨ ਪਿਆਰੇ ਕਲਾਕਾਰ ਅਮਿਤਾਭ ਬਚਨ ਨੂੰ ਅਤੇ ਸ੍ਰੀ ਬੈਨ ਕਿੰਗਜਲੇ ਨੂੰ ਵੀ ਜਿਨਾਂ ਨੇ ਗਾਂਧੀ ਫਿਲਮ ਵਿਚ "ਗਾਂਧੀ" ਦਾ ਰੋਲ ਨਿਭਾਇਆ ਹੈ ਉਨ੍ਹਾਂ 52 ਵਿਅਕਤੀਆਂ ਵਿਚ ਸ਼ਾਮਲ ਕੀਤਾ ਗਿਆ ਜਿਨ੍ਹਾਂ ਨੂੰ "ਪਦਮਾ ਸ੍ਰੀ" ਨਾਲ ਸਨਮਾਨਿਆ ਹੈ। ਡਾਕਟਰ ਗੰਡਾ ਸਿੰਘ ਅਤੇ ਅਜੀਤ ਅਖਬਾਰ ਦੇ ਸੰਪਾਦਕ ਡਾਕਟਰ ਸਾਧੂ ਸਿੰਘ 'ਹਮਦਰਦ' ਨੂੰ ਇਨ੍ਹਾਂ ਉਚ ਸਨਮਾਨ ਨਾਲ ਸਨਮਾਨਿਆ ਗਿਆ ਹੈ।

## ਓਲਿੰਪਕ ਲਈ ਹਾਕੀ ਅੰਪਾਇਰ

ਭਾਰਤ ਦੇ ਸ੍ਰੀ ਮੁਹੰਮਦ ਅਬੈਦਉਲਾ ਨੂੰ ਹਾਕੀ ਦੇ ਅੰਪਾਇਰਾਂ ਦੀ ਪੈਨਲ ਵਿਚ ਲੈ ਲਿਆ ਗਿਆ ਹੈ। ਇਹ ਅੰਪਾਇਰ ਲਾਸ ਏਂਜਲਸ (ਅਮਰੀਕਾ) ਵਿਚ ਹੋਣ ਵਾਲੀਆਂ ਓਲਿੰਪਕ ਖੇਲਾਂ ਵਿਚ ਹਾਕੀ ਦੇ ਮੈਚ ਖਲਾਉਣਗੇ।

## ਗਰੀਬ ਦੇਸ਼ ਹੋਰ ਗਰੀਬ

ਵਾਸ਼ਿੰਗਟਨ—ਸੰਸਾਰ ਬੈਂਕ ਦੇ ਅੰਕੜਿਆਂ ਅਨੁਸਾਰ ਪਿਛਲੇ ਸਾਲ ਵਿਕਾਸਸ਼ੀਲ ਦੇਸ਼ਾਂ ਦਾ ਕਰਜਾ ਵਧਕੇ 810 ਅਰਬ ਡਾਲਰ ਹੋ ਗਿਆ ਅਤੇ ਇਸ ਵਿਚ ਵਾਧਾ ਹੋਣ ਦੀ ਸੰਭਾਵਨਾ ਹੈ। ਪਿਛਲੇ ਸਾਲ ਵਿਕਾਸਸ਼ੀਲ ਦੇਸ਼ਾਂ ਨੇ ਬਦੇਸ਼ਾਂ ਤੋਂ 110 ਅਰਬ ਡਾਲਰ ਦਾ ਕਰਜਾ ਲਿਆ।

ਵਾਲ ਸਟਰੀਟ ਜਨਰਲ ਅਨੁਸਾਰ ਅਨੁਮਾਨ ਹੈ ਕਿ ਲਗਾਤਾਰ ਕਰਜਾ ਲੈਣ ਦੇ ਸਿੱਟੇ ਵਜੋਂ ਇਸ ਦਹਾਕੇ ਦੇ ਅੰਤ ਤਕ ਵਿਕਾਸਸ਼ੀਲ ਦੇਸ਼ਾਂ ਉਪਰ ਕੁਲ ਕਰਜਾ ਵਧਾ ਕੇ 1300 ਅਰਬ ਡਾਲਰ ਹੋ ਜਾਵੇਗਾ। ਇਸ ਵਿਚ ਕਿਹਾ ਗਿਆ ਹੈ ਕਿ ਸੰਸਾਰ ਪੱਧਰ ਤੇ ਆਰਥਕ ਸੰਕਟ ਗੰਭੀਰ ਹੋਣ ਦੇ ਕਾਰਨ ਇਹਨਾਂ ਦੇਸ਼ਾਂ ਨੂੰ ਆਪਣੇ ਕਰਜੇ ਦਾ ਭੁਗਤਾਨ ਕਰਨਾ ਮੁਸ਼ਕਲ ਹੋ ਜਾਵੇਗਾ ਅਤੇ ਉਹਨਾਂ ਨੂੰ ਕਰਜ਼ੇ ਅਗੇ ਪਾ ਦੇਣ ਲਈ ਬੇਨਤੀ ਕਰਨ ਤੇ ਮਜ਼ਬੂਰ ਹੋਣਾ ਪਵੇਗਾ।

## ਰਮਾ ਚੁੱਘ ਵਲੋਂ ਆਤਮ ਹਤਿਆ

ਨਵੀਂ ਦਿੱਲੀ—ਸਤਾਰਾਂ ਸਾਲਾ ਲੜਕੀ ਰਮਾ ਚੁੱਘ ਨੇ ਆਪਣੇ ਆਪ ਨੂੰ ਗੁਰਦੁਆਰਾ ਰਕਾਬ ਗੰਜ - ਪਾਰਲੀਮੈਂਟ ਹਾਊਸ ਦੇ ਨਜ਼ਦੀਕ ਦੇ ਟੁਆਇਲਿਟ ਵਿਚ ਜਾ ਕੇ ਅੱਗ ਲਗਾ ਕੇ ਆਤਮ ਹਤਿਆ ਕੀਤੀ ਹੈ। ਉਹ ਲਦਵਾਈ ਨਕਰ ਦੀ ਰਹਿਣ ਵਾਲੀ ਸੀ। ਕਾਰਨ ਦਾ ਕੁਝ ਪਤਾ ਨਹੀਂ ਲਗ ਸਕਿਆ।

## ਮਾਰਕਸੀ ਆਗੂ ਸਾਥੀ ਚੱਡਾ ਸਦੀਵੀ ਵਿਛੋੜਾ ਦੇ ਗਏ

ਸੀ. ਪੀ. ਐਮ. ਦੀ ਪੰਜਾਬ ਸੂਬਾ ਕਮੇਟੀ ਨੇ ਸਾਥੀ ਦੇਸ ਰਾਜ ਚੰਢਾ ਦੇ ਅਚਨਚੇਤ ਦਿਹਾਂਤ ਉਤੇ ਡੂੰਘੇ ਦੁਖ ਤੇ ਸਦਮੇ ਦਾ ਇਜ਼ਹਾਰ ਕੀਤਾ ਹੈ। ਸਾਥੀ ਚੱਢਾ ਮਾਰਕਸੀ ਪਾਰਟੀ ਦੀ ਕੇਂਦਰੀ ਕਮੇਟੀ, ਕੇਂਦਰੀ ਕੰਟਰੋਲ ਕਮਿਸ਼ਨ ਦੇ ਮੈਂਬਰ ਤੇ ਨਵੀਂ ਦਿੱਲੀ ਵਿਚ ਕੇਂਦਰੀ ਹੈਡ ਕੁਆਰਟਰ ਦਫਤਰ ਦੇ ਇਨਚਾਰਜ ਸਨ।

ਸੂਬਾ ਕਮੇਟੀ ਨੇ ਆਪਣੇ ਬਿਆਨ ਵਿਚ ਕਿਹਾ ਹੈ ਕਿ ਸਾਥੀ ਚੱਢਾ ਪਾਰਟੀ ਦੇ ਬਹੁਤ ਹੀ ਪੁਰਾਣੇ, ਬਹੁਤ ਹੀ ਲਗਨ ਭਰਪੂਰ, ਬਹੁਤ ਹੀ ਪਿਆਰਿਆ ਜਾਣ ਵਾਲਾ ਸਾਥੀ ਤੇ ਆਗੂ ਸੀ। ਆਪਣੇ ਬਿਆਨ ਵਿਚ ਸੂਬਾ ਕਮੇਟੀ ਨੇ ਉਹਨਾਂ ਦੇ ਸਤਿਕਾਰ ਵਜੋਂ ਪਾਰਟੀ ਦਾ ਝੰਡਾ ਝੁਕਾਉਂਦਿਆਂ ਉਹਨਾਂ ਦੀ ਬੇ-ਵਕਤ ਮੌਤ ਉਤੇ ਡੂੰਘੇ ਦੁਖ ਦਾ ਇਜ਼ਹਾਰ ਕੀਤਾ ਹੈ।

ਸਾਥੀ ਚੱਢਾ 1938 ਵਿਚ ਲਾਹੌਰ ਵਿਚ ਲਾਅ ਦੀ ਡਿਗਰੀ ਪ੍ਰਾਪਤ ਕਰਨ ਪਿਛੋਂ ਕਮਿਊਨਿਸਟ ਪਾਰਟੀ ਵਿਚ ਸ਼ਾਮਲ ਹੋਏ ਸਨ। ਉਹ ਜ਼ਿਲਾ ਗੁਰਦਾਸਪੁਰ ਦੇ ਪਿੰਡ ਦੀਨਾ ਨਗਰ ਦੇ ਸਨ। ਉਹਨਾਂ ਰੂਪੋਸ਼ ਜਿੰਦਗੀ ਦੀਆਂ ਅਣਗਿਣਤ ਕਠਨਾਈਆਂ ਬਰਦਾਸ਼ਤ ਕੀਤੀਆਂ ਤੇ ਕਾਫੀ ਸਮਾਂ ਨਜ਼ਰਬੰਦ ਵੀ ਰਹੇ। ਉਨ੍ਹਾਂ ਆਜ਼ਾਦੀ ਦੀ ਤਹਿਰੀਕ ਵਿਚ ਵੀ ਅਣਗਿਣਤ ਕੁਰਬਾਨੀਆਂ ਕੀਤੀਆਂ। ਉਹਨਾਂ ਆਪਣੀ ਸਾਰੀ ਜਾਇਦਾਦ ਕਮਿਊਨਿਸਟ ਪਾਰਟੀ ਲੇਖੇ ਲਾ ਦਿਤੀ ਸੀ।

## ਸੀ. ਪੀ.(ਐਮ) ਲੀਡਰ ਵਲੋਂ ਆਤਮ ਹਤਿਆ

ਨਵੀਂ ਦਿੱਲੀ—ਸ੍ਰੀ ਦੇਸ ਰਾਜ ਚੱਢਾ(72 ਸਾਲ) ਜੋ ਇਕ ਪ੍ਰਸਿੱਧ ਸੀ. ਪੀ. ਐਮ. ਲੀਡਰ ਅਤੇ ਪਾਰਟੀ ਦੀ ਸੈਂਟਰਲ ਕਮੇਟੀ ਦੇ ਮੈਂਬਰ ਸਨ। ਜਨਪਥ ਲਾਗੇ ਅਸ਼ੋਕਾ ਰੋਡ ਤੇ ਆਪਣੇ ਨਿਵਾਸ ਅਸਥਾਨ ਵਿਚ ਆਤਮ ਹਤਿਆ ਕਰ ਲਈ ਹੈ। ਪੁਲੀਸ ਸੂਤਰਾਂ ਅਨੁਸਾਰ ਉਨ੍ਹਾਂ ਦਾ ਸਰੀਰ ਘਰ ਵਿਚ ਲੱਗੇ ਇਕ ਬਿਜਲੀ ਦੇ ਪੱਖੇ ਨਾਲ ਲਟਕ ਰਿਹਾ ਸੀ। ਉਨ੍ਹਾਂ ਦੀ ਲਾਸ਼ ਕੋਲੋਂ ਕੋਈ ਖਤ ਅਜੇਹਾ ਨਹੀਂ ਮਿਲਿਆ ਜਿਸ ਤੋਂ ਆਤਮ ਹਤਿਆ ਦੇ ਕਾਰਨ ਦਾ ਪਤਾ ਲੱਗ ਸਕੇ।

## ਅਸਿਸਟੈਂਟ ਕੌਂਸਲੇਟ ਜਨਰਲ ਨੂੰ ਬਰਮਿੰਘਮ ਵਿਚ ਗੋਲੀ ਮਾਰੀ ਗਈ

ਬਰਮਿੰਘਮ—ਅਖੌਤੀ ਕਸ਼ਮੀਰ ਲਿਬਰੇਸ਼ਨ ਆਰਮੀ ਦੇ ਵਿਅਕਤੀਆਂ ਵਲੋਂ ਬਰਮਿੰਘਮ ਵਿਚ ਸਥਿਤ ਅਸਿਸਟੈਂਟ ਕੌਂਸਲੇਟ ਜਨਰਲ ਨੂੰ ਪਹਿਲਾਂ ਅਗਵਾ ਕਰ ਲਿਆ ਗਿਆ ਤੇ ਫਿਰ ਹਿੰਕਲੇ ਲਾਗੇ ਗੋਲੀ ਮਾਰ ਦਿਤੀ ਗਈ।

ਸ੍ਰੀ ਰਵਿੰਦਰ ਮੇਹਤਰੇ 18 ਮਹੀਨੇ ਤੋਂ ਇਸ ਦਫਤਰ ਵਿਚ ਕੰਮ ਕਰ ਰਹੇ ਸਨ। ਉਹ ਪਿਛੇ ਆਪਣੀ ਪਤਨੀ ਸ਼ੋਭਾ ਤੇ 14 ਵਰ੍ਹਿਆਂ ਦੀ ਸਪੁੱਤਰੀ ਆਸ਼ਾ ਛੱਡ ਗਏ ਹਨ। ਉਨ੍ਹਾਂ ਨੂੰ ਦਫਤਰ ਦੇ ਸਮੇਂ ਤੋਂ ਪਿੱਛੋਂ ਬੱਸ ਵੱਲ ਜਾਂਦਿਆਂ ਨੂੰ ਅਗਵਾ ਕੀਤਾ ਗਿਆ।

ਸ੍ਰੀ ਮੇਹਤਰੇ ਦੀ ਲਾਸ਼ ਭਾਰਤ ਪਹੁੰਚਾ ਦਿਤੀ ਗਈ ਹੈ। ਭਾਰਤ ਦੇ ਸੀਨੀਅਰ ਪੁਲਸ ਅਧਿਕਾਰੀ ਬਰਮਿੰਘਮ ਪਹੁੰਚ ਗਏ ਹਨ।

ਕੌਂਸਲੇਟ ਦੇ ਇਕ ਹੋਰ ਅਧਿਕਾਰੀ ਸ੍ਰੀ ਬਲਦੇਵ ਕੋਹਲੀ ਨੇ ਕਿਹਾ ਕਿ ਅਸਲ ਵਿਚ ਅਗਵਾ ਉਨ੍ਹਾਂ ਨੂੰ ਕਰਿਆ ਜਾਣਾ ਸੀ ਪਰ ਕੰਮ ਤੋਂ ਪਿਛੋਂ ਉਹ ਦਫਤਰ ਠਹਿਰ ਗਏ ਤੇ ਸ੍ਰੀ ਮੇਹਤਰੇ 12 ਨੰਬਰ ਕੱਸ ਤੇ ਚੜ੍ਹਨ ਜਾਂਦੇ ਅਗਵਾ ਕਰ ਲਏ ਗਏ।

ਬਰਤਾਨੀਆਂ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਮਾਰਗਰੇਟ ਥੈਚਰ ਨੇ ਕਿਹਾ ਹੈ ਕਿ ਅਜਿਹੀਆਂ ਅੱਤਵਾਦੀਆਂ ਕਾਰਵਾਈਆਂ ਬਰਦਾਸ਼ਤ ਨਹੀਂ ਕੀਤੀਆਂ ਜਾਣਗੀਆਂ। ਉਨ੍ਹਾਂ ਨਿਸ਼ਚੇ ਨਾਲ ਕਿਹਾ ਕਿ ਮੇਹਤਰੇ ਦੇ ਕਾਤਲ ਜਲਦੀ ਹੀ ਫੜ ਲਏ ਜਾਣਗੇ।

ਬਰਤਾਨੀਆ ਪੁਲਸ ਨੇ ਤਿੰਨ ਵਿਅਕਤੀਆਂ - ਅਮਾਨ ਉੱਲਾ ਖਾਂ, ਹਾਸ਼ਿਮ ਕੁਰੈਸ਼ੀ ਆਦਿ ਨੂੰ ਪੁਛ ਗਿਛ ਲਈ ਹਿਰਾਸਤ ਵਿਚ ਲਿਆ। ਅਗਵਾਕਾਰੀਆਂ ਦੀਆਂ ਮੰਗਾਂ ਸਨ ਕਿ ਮਕਬੂਲ ਬੱਟ ਨੂੰ ਰਿਹਾ ਕੀਤਾ ਜਾਵੇ ਹਿਰਾਸਤ ਵਿਚ ਲਏ ਹੋਰ ਲੀਡਰ ਰਿਹਾ ਕੀਤੇ ਜਾਣ ਤੇ ਹਿੰਦ ਸਰਕਾਰ ਕਸ਼ਮੀਰ ਲਿਬਰੇਸ਼ਨ ਆਰਮੀ ਨੂੰ ਦਸ ਲੱਖ ਪੌਂਡ ਦੇਵੇ।

ਯਾਦ ਰਹੇ ਕਿ ਮਕਬੂਲ ਬੱਟ ਨੂੰ 1966 ਵਿਚ ਫੜਿਆ ਗਿਆ ਸੀ। ਉਹ 1976 ਤੋਂ ਸ੍ਰੀ ਨਗਰ ਜੇਹਲ ਵਿਚ ਹਨ ਤੇ ਉਨ੍ਹਾਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਹੈ।

## ਸੌਹਰੇ ਵਲੋਂ ਪਤਨੀ ਨੂੰ ਨਾ ਭੇਜਣ ਤੇ ਨਵੇਂ ਜਾਏ ਬੱਚੇ ਦਾ ਕਤਲ

ਕਾਸਾਰਗੋਡ(Kasargode)—ਇਥੇ ਇਕ ਵਿਅਕਤੀ ਨੇ ਆਪਣੇ ਸੌਹਰੇ ਵਲੋਂ ਉਸਦੀ ਪਤ ਨੀ ਨੂੰ ਨਾ ਭੇਜਣ ਤੋਂ ਗੁੱਸੇ ਵਿਚ ਆ ਕੇ ਨਵ ਜੰਮੇ ਬੱਚੇ ਨੂੰ ਇਸਤਰੀ ਤੋਂ ਖੋਹ ਕੇ ਧਰਤੀ ਨਾਲ ਮਾਰ ਕੇ ਕਤਲ ਕਰ ਦੇਣ ਦੀ ਖਬਰ ਮਿਲੀ ਹੈ। ਉਸ ਵਿਅਕਤੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

## ਦੁਰਗਾ ਭਾਬੀ ਦਾ ਸਨਮਾਨ

ਗਾਜੀਆਬਾਦ—ਇਥੋਂ ਦੀ ਲੋਕ ਕੌਂਸਲ ਵਲੋਂ ਕਰਾਏ ਗਏ ਇਕ ਸਮਾਗਮ ਵਿਚ ਮਹਾਨ ਸੁਤੰਤਰਤਾ ਸੈਨਾਨੀ ਦੁਰਗਾ ਭਾਬੀ ਦਾ ਸਨਮਾਨ ਕੀਤਾ ਗਿਆ। ਦੁਰਗਾ ਭਾਬੀ ਸ਼ਹੀਦ ਭਗਵਤੀ ਚਰਨਬੋਹਰਾ ਦੀ ਪਤਨੀ ਹੈ ਪਤੀ ਦੀ ਮੌਤ ਤੋਂ ਬਾਦ ਦੁਰਗਾ ਭਾਬੀ ਨੇ ਆਪਣੇ ਪੁੱਤਰ ਸ਼ਚਿੰਦਰ ਬੋਹਰਾ ਨੂੰ ਵੀਰ ਸਾਵਰਕਰ ਦੇ ਹਵਾਲੇ ਕਰ ਦਿਤਾ ਸੀ ਅਤੇ ਆਪ ਅਜ਼ਾਦੀ ਦੀ ਲੜਾਈ ਵਿਚ ਸ਼ਾਮਲ ਹੋ ਗਈ ਸੀ।

## ਪੂਰਬੀ ਤੇ ਪੱਛਮੀ ਅਤਿਵਾਦੀਆਂ ਦੀ ਤਾਰ ਇਕੋ ਥਾਂ ਤੋਂ ਹਿਲਦੀ ਹੈ?

## ਬੰਗਲਾ ਦੇਸ਼ ਨਾਲ ਲਗਦੇ ਪਹਾੜੀ ਇਲਾਕਿਆਂ 'ਚ ਖਾਲਿਸਤਾਨ ਬਾਰੇ ਪੋਸਟਰ

ਅਗਰਤਲਾ—ਬੰਗਲਾ ਦੇਸ਼ ਵਿਚਲੇ ਚਿਟਾਗਾਂਗ ਪਹਾੜੀ ਇਲਾਕਿਆਂ ਦੇ ਨਾਲ ਲਗਦੇ ਦੱਖਣੀ ਤ੍ਰਿਪੁਰਾ ਵਿਚਲੇ ਗੰਡਾਛਾਰਾ ਵਿਚੋਂ ਖਾਲਿਸਤਾਨ ਦੀ ਮੰਗ ਕਰਦੇ ਪੋਸਟਰ ਮਿਲੇ ਹਨ ਅਤੇ ਸੁਰੱਖਿਆ ਅਧਿਕਾਰੀਆਂ ਅਨੁਸਾਰ ਇਹਨਾਂ ਪੋਸਟਰਾਂ ਦੇ ਮਿਲਣ ਤੋਂ ਪੰਜਾਬ ਅਤੇ ਉਤਰੀ ਪੂਰਬੀ ਰਾਜਾਂ ਵਿਚਲੇ ਅਤਿਵਾਦੀ ਅਨਸਰਾਂ ਵਿਚਕਾਰ ਸਬੰਧਾਂ ਦੀ ਪੁਸ਼ਟੀ ਹੋ ਜਾਂਦੀ ਹੈ।

ਇਹ ਪੋਸਟਰ, ਜਿਹੜੇ ਬਿਲਕੁਲ ਉਹੋ ਜਿਹੇ ਹਨ ਜਿਹੋ ਜਿਹੇ ਅਸਾਮ ਵਿਚਲੇ ਅਤਿਵਾਦੀਆਂ ਦੇ ਖੁਫੀਆ ਟਿਕਾਣਿਆਂ ਤੇ ਮਾਰੇ ਗਏ ਛਾਪਿਆਂ ਦੌਰਾਨ ਪਕੜੇ ਗਏ ਸਨ। ਸੁਰੱਖਿਆ ਅਧਿਕਾਰੀਆਂ ਨੇ ਪੀ. ਟੀ. ਆਈ. ਦੱਸਿਆ ਹੈ ਕਿ ਕੁਝ 'ਅਤਿਵਾਦੀ ਸਿੱਖ ਜਥੇਬੰਦੀਆਂ' ਅਸਾਮ ਅੰਦੋਲਨ ਦੀ ਹਮਾਇਤ ਕਰ ਰਹੀਆਂ ਹਨ। ਉਤਰ ਪੂਰਬ ਦੇ ਘੁਸਪੈਠੀਏ ਇਸ ਦੇ ਬਦਲੇ ਪੰਜਾਬ ਦੇ ਅਤਿਵਾਦੀਆਂ ਨੂੰ ਹਮੈਤ ਦੇ ਰਹੇ ਹਨ।

ਅਧਿਕਾਰੀਆਂ ਨੇ ਕਿਹਾ ਕਿ ਕਿਸੇ ਬਦੇਸ਼ੀ ਤਾਕਤ ਵਲੋਂ ਦੇਸ਼ ਦੇ ਨਾਜ਼ਕ ਸਰਹੱਦੀ ਸੂਬਿਆਂ ਨੂੰ 'ਅਸਥਿਰ' ਕਰਨ ਲਈ ਅਤਿਵਾਦੀ ਸਰਗਰਮੀਆਂ ਵਿਚ ਤਾਲਮੇਲ ਪੈਦਾ ਕਰਨ ਦੀ ਸੰਭਾਵਨਾ ਦੀ ਵੀ ਘੋਖ ਪਰਖ ਕੀਤੀ ਜਾ ਰਹੀ ਹੈ।

ਇਥੋਂ ਦੇ ਖੱਬੇ ਮੋਰਚੇ ਦੇ ਹਲਕਿਆਂ ਨੇ ਕਿਹਾ ਕਿ ਪੋਸਟਰ ਮਿਲਣਾ ਇਸ ਗਲ ਦਾ ਸਬੂਤ ਹੈ ਕਿ ਬਦੇਸ਼ੀ ਹਮਾਇਤ ਖਿਤੇ ਨੂੰ ਅਸਥਿਰਤਾ ਅਤੇ ਵਖਵਾਦ ਦਾ ਕਿੰਨਾ 'ਵਾਸਤਵਿਕ' ਖਤਰਾ ਹੈ।

## ਪਹਿਲਾ ਭਾਰਤੀ 8 ਦਿਨ ਪੁਲਾੜ 'ਚ ਰਹੇਗਾ

ਨਵੀਂ ਦਿੱਲੀ—ਹਿੰਦ ਦਾ ਪਹਿਲਾ ਪੁਲਾੜ ਯਾਤਰੀ, ਜਿਹੜਾ ਇਸ ਅਪਰੈਲ ਵਿਚ ਸੋਵੀਅਤ ਵਿਮਾਨ ਸੋਯੂਜ-ਟੀ. ਵਿਚ ਪੁਲਾੜ ਪੰਧ ਉਤੇ ਪਾਇਆ ਜਾਏਗਾ, 8 ਦਿਨ ਪੁਲਾੜ ਵਿਚ ਰਹੇਗਾ।

ਸੋਵੀਅਤ ਵਿਗਿਆਨੀਆਂ ਨੇ ਸੋਯੂਜ-ਟੀ. ਦੀ ਪੁਲਾੜ ਉਡਾਨ ਦਾ ਪ੍ਰੋਗਰਾਮ ਮੁਕੰਮਲ ਕਰ ਲਿਆ ਹੈ। ਇਸ ਪੁਲਾੜ ਵਿਮਾਨ ਵਿਚ ਸਕੁਆਰਡਨ ਲੀਡਰ ਰਾਕੇਸ਼ ਸ਼ਰਮਾ ਤੋਂ ਇਲਾਵਾ ਦੋ ਸੋਵੀਅਤ ਪੁਲਾੜ ਯਾਤਰੀ ਵੀ ਹੋਣਗੇ। ਇਹ ਵਿਮਾਨ ਪਹਿਲਾਂ ਤੋਂ ਉੱਡ ਰਹੇ ਪੁਲਾੜ ਸਟੇਸ਼ਨ ਸਪਯੂਤ-7 ਨਾਲ ਜੁੜੇਗਾ ਅਤੇ ਬਾਅਦ ਵਿਚ ਉਸ ਨਾਲੋਂ ਵੱਖਰਾ ਹੋ ਕੇ ਧਰਤੀ ਉਤੇ ਪਰਤ ਆਏਗਾ

ਸਕੁਆਡਰਨ ਲੀਡਰ ਸ਼ਰਮਾ ਤੇ ਉਹਨਾਂ ਦਾ ਸਟੈਂਡ-ਬਾਈ ਵਿੰਗ ਕਮਾਂਡਰ ਰਵਿਸ਼ ਮਲਹੋਤਰਾ ਮਾਸਕੋ ਦੇ ਨੇੜੇ ਸਟਾਰ ਸਿਟੀ ਵਿਚ ਆਪਣੀ ਟਰੇਨਿੰਗ ਦਾ ਅੰਤਲਾ ਪੜਾਅ ਮੁਕੰਮਲ ਕਰਨ ਵਾਲੇ ਹਨ। ਪੁਲਾੜ ਉਡਾਨ ਦੇ ਪ੍ਰਾਪਤ ਵਿਸਥਾਰਾਂ ਅਨੁਸਾਰ ਸਕੁਆਡਰਨ ਲੀਡਰ ਰਾਕੇਸ਼ ਸ਼ਰਮਾ ਦੀ ਪੁਲਾੜ ਉਡਾਨ ਬਹੁਤ ਗੁੰਝਲਦਾਰ ਹੈ। ਉਹ ਸਾਲਯੂਤ-7 ਵਿਚ ਦਾਖਲ ਹੋ ਕੇ 7 ਦਿਨ ਵਿਚ ਗੁਜ਼ਾਰਨਗੇ। ਪੁਲਾੜ ਸਟੇਸ਼ਨ ਸਲਯੂਤ-7 15 ਮੀਟਰ ਲੰਮਾ ਹੈ ਤੇ ਇਸ ਦਾ ਘੇਰਾ 4.15 ਮੀਟਰ ਹੈ। ਇਸ ਦੇ 5 ਖਾਨੇ ਹਨ।

## ਗਵਰਨਰ ਦਾ ਇਕ ਹੋਰ ਸਲਾਹਕਾਰ ਵਾਪਸ ਜਾਏਗਾ

ਲੁਧਿਆਣਾ—ਭਰੋਸੇਯੋਗ ਸੂਤਰਾਂ ਤੋਂ ਪਤਾ ਲਗਾ ਹੈ ਕਿ ਪੰਜਾਬ ਦੇ ਰਾਜਪਾਲ ਸ੍ਰੀ ਬੀ. ਡੀ. ਪਾਂਡੇ ਦੇ ਇਕ ਹੋਰ ਸਲਾਹਕਾਰ ਸ੍ਰੀ ਹਰਬੰਸ ਸਿੰਘ ਨੂੰ ਕੇਂਦਰੀ ਵਿੱਤ ਮੰਤਰਾਲੇ ਵਲੋਂ ਵਾਪਸ ਬੁਲਾਇਆ ਜਾ ਰਿਹਾ ਹੈ। ਸ੍ਰੀ ਹਰਬੰਸ ਸਿੰਘ ਪੰਜਾਬ ਆਉਣ ਤੋਂ ਪਹਿਲਾਂ ਕੇਂਦਰੀ ਵਿੱਤ ਮੰਤਰਾਲੇ ਵਿਚ ਕੰਮ ਕਰਦੇ ਸਨ। ਹੁਣ ਜਦੋਂ ਬੱਜਟ ਪੇਸ਼ ਕੀਤਾ ਜਾਣ ਵਾਲਾ ਹੈ ਤਾਂ ਕੇਂਦਰੀ ਵਿੱਤ ਮੰਤਰੀ ਸ੍ਰੀ ਪ੍ਰਣਾਬ ਮੁਕਰਜੀ ਨੇ ਉਹਨਾਂ ਨੂੰ ਉਚੇਚੇ ਤੌਰ ਤੇ ਵਾਪਸ ਬੁਲਾਉਣ ਦੀ ਹਦਾਇਤ ਕੀਤੀ ਹੈ। ਭਾਵੇਂ ਸ੍ਰੀ ਪਾਂਡੇ ਸ੍ਰੀ ਹਰਬੰਸ ਸਿੰਘ ਦੇ ਕੰਮ ਤੋਂ ਸੰਤੁਸ਼ਟ ਦਸੇ ਜਾਂਦੇ ਹਨ ਪਰ ਕੇਂਦਰ ਦੀ ਲੋੜ ਨੂੰ ਮੁਖ ਰਖਕੇ ਉਹ ਉਹਨਾਂ ਨੂੰ ਪੰਜਾਬ ਵਿਚ ਰਖਣ ਲਈ ਜ਼ੋਰ ਨਹੀਂ ਪਾਉਣਗੇ।


NARWAL INSURANCE AGENCY LTD.
ALL KINDS OF INSURANCE:
Autoplan
1984 INSURANCE & LICENCE
*Renewals
*Financing
*Safe Driving Discounts
*Cars, Trucks, Vans Etc..
PLATES & DECALS
Open Monday to Saturday from 9 A.M. - 5 P.M.
OFF: 324-4944 RES: 325-4744
6415 MAIN ST., (at 48th Ave.) VANCOUVER, B.C


PRITPAL NARWAL,
B.A. LL.B

PRITPAL SINGH NARWAL
NOTARY PUBLIC
B.A. (PU) LL.B. (KUK)
FORMER - (ADVOCATE & OATH COMMISIONER)
(Punjab & Haryana Highcourt)
PREFERRED AREA OF PRACTISE:
All Conveyancing Deed & Transfer Documents
*To prepare Mortgage & Cancel Mortgages
*To prepare Leases
*To prepare Commercial Contracts
*To prepare Statutory Declarations
*To prepare Power of Attorney
*Authorized to Adminster Oaths
*Attest Signatures
*Authenticate Copies
*Passport *Change of Name
Also Help on Immigration Matters
BUS: 324-4944 RES: 325-4744 9:00 a.m. to 5.00 p.m. (Monday to Saturday
6415 MAIN ST., (At 48th Ave.) VANCOUVER, B.C. V2W 2V5



ਵਿਸ਼ੇਸ਼ ਇੰਟਰਵਿਊ—

# ਪ੍ਰਧਾਨ ਮੰਤ੍ਰੀ ਚਾਹਵੇ ਤਾਂ ਫੈਸਲਾ ਫੌਰਨ ਹੋ ਸਕਦਾ ਹੈ ਪਰ ਪ੍ਰਧਾਨ ਮੰਤ੍ਰੀ ਨੂੰ ਸਮਝਣਾ ਬੜਾ ਔਖਾ ਹੈ

**ਬਾਬੂ ਜਗਜੀਵਨ ਰਾਮ ਜੀ**

**ਪ੍ਰਸ਼ਨ :** ਪੰਜਾਬ ਦੀ ਸਥਿਤੀ ਬਾਰੇ ਆਪ ਦੇ ਕੀ ਵਿਚਾਰ ਹਨ ਤੇ ਪੰਜਾਬ ਦਾ ਮਸਲਾ ਕਿਸ ਤਰ੍ਹਾਂ ਹੱਲ ਹੋ ਸਕਦਾ ਹੈ ?

**ਉੱਤਰ :** ਪੰਜਾਬ ਬਾਰੇ ਤੇ ਮੈਂ ਅੰਮ੍ਰਿਤਸਰ ਜਾ ਕੇ ਵਿਚਾਰ ਦੇ ਆਇਆ ਹਾਂ। ਪੰਜਾਬ ਦੀ ਸਥਿਤੀ ਚੰਗੀ ਨਹੀਂ। ਕਿਸੇ ਸਰਹੱਦੀ ਸੂਬੇ ਵਿਚ ਇਸ ਤਰ੍ਹਾਂ ਦਾ ਤਨਾਅ ਹੋਣਾ ਦੇਸ ਲਈ ਖਤਰਨਾਕ ਹੈ। ਪਰ ਪ੍ਰਧਾਨ ਮੰਤਰੀ ਨੇ ਤੇ ਸਾਰੇ ਹੀ ਸਰਹੱਦੀ ਸੂਬਿਆਂ ਵਿਚ ਤਨਾਅ ਬਣਾਈ ਰਖਿਆ ਹੋਇਆ ਹੈ। ਅਸਾਮ ਦਾ ਹਾਲ ਵੇਖ ਲਵੋ। ਪੂਰੇ ਪੂਰਬੀ ਉੱਤਰੀ ਹਿੱਸੇ ਦੇ ਸੂਬਿਆਂ ਮਨੀ ਪੁਰ, ਨਾਗਾਲੈਂਡ ਆਦਿ ਸਾਰਿਆਂ ਵਿਚ ਹੀ ਤਨਾਅ ਹੈ। ਪੰਜਾਬ ਦਾ ਹਾਲ ਤਹਾਡੇ ਸਾਹਮਣੇ ਹੈ। ਅੱਗੇ ਕਸ਼ਮੀਰ ਵਿਚ ਸ਼ਾਂਤੀ ਸੀ, ਹੁਣ ਪ੍ਰਧਾਨ ਮੰਤਰੀ ਨੇ ਉਥੇ ਵੀ ਫਾਰੂਕ ਦੇ ਗਲ ਪੈ ਕੇ ਤਨਾਅ ਪੈਦਾ ਕਰ ਦਿੱਤਾ ਹੈ। ਇਸ ਨਾਲ ਸਾਡਾ ਸਾਰਾ ਉੱਤਰੀ ਪੂਰਬੀ ਤੇ ਉੱਤਰੀ ਪੱਛਮੀ ਸਰਹੱਦੀ ਇਲਾਕਾ ਹੀ ਤਨਾਅ ਨਾਲ ਭਰਿਆ ਹੋਇਆ ਹੈ। ਸਰਹੱਦੀ ਸੂਬਿਆਂ ਵਿਚ ਕੋਈ ਮਸਲਾ ਵੀ ਇਤਨੀ ਦੇਰ ਲਟਕਾਈ ਨਹੀਂ ਰਖਣਾ ਚਾਹੀਦਾ। ਇਸ ਨਾਲ ਨੁਕਸਾਨ ਹੁੰਦਾ ਹੈ। ਪਰ ਇਨ੍ਹਾਂ ਮਸਲਿਆਂ ਨੂੰ ਹੱਲ ਕਰਨਾ ਤੇ ਪ੍ਰਧਾਨ ਮੰਤਰੀ ਦੇ ਹੱਥ ਹੈ। ਜਿਸ ਦਿਨ ਚਾਹਵੇ ਉਸ ਦਿਨ ਹੀ ਇਹ ਮਸਲੇ ਹੱਲ ਹੋ ਸਕਦੇ ਹਨ। ਹਰ ਮਸਲੇ ਦਾ ਸੁਝਾ ਹੁੰਦਾ ਹੈ। ਪੰਜਾਬ ਦਾ ਮਸਲਾ ਇਤਨਾ ਗੰਭੀਰ ਨਹੀਂ ਜਿਤਨਾ ਬਣਾਇਆ ਜਾ ਰਿਹਾ ਹੈ। ਪ੍ਰਧਾਨ ਮੰਤਰੀ ਨੇ ਪੰਜਾਬ ਦੇ ਮਸਲੇ ਉੱਤੇ ਸਾਡੇ ਨਾਲ ਗੱਲ ਕੀਤੀ ਸੀ। ਮੈਂ ਪ੍ਰਧਾਨ ਮੰਤਰੀ ਨੂੰ ਆਖਿਆ ਸੀ ਕਿ ਧਾਰਮਿਕ ਮੰਗਾਂ ਬਾਰੇ ਤੇ ਕੋਈ ਵਾਦ ਵਿਵਾਦ ਨਹੀਂ ਉਨ੍ਹਾਂ ਨੂੰ ਤੇ ਮੰਨ ਲਵੋ। ਕੀ ਮੰਗ ਹੈ ਕਿ ਅੰਮ੍ਰਿਤਸਰ ਵਿਚ ਬੀੜੀ, ਸਿਗਰਟ, ਸ਼ਰਾਬ ਤੇ ਮਾਸ ਦੀਆਂ ਦੁਕਾਨਾਂ ਚੁੱਕ ਲਈਆਂ ਜਾਣੀਆਂ ਚਾਹੀਦੀਆਂ ਹਨ ਤੇ ਦਰਬਾਰ ਸਾਹਿਬ ਰੇਡੀਓ ਸਟੇਸਨ ਲੱਗਣਾ ਚਾਹੀਦਾ ਹੈ। ਇਨ੍ਹਾਂ ਨੂੰ ਮੰਨਣ ਵਿਚ ਹਰਜ਼ ਕੀ ਹੈ ? ਆਖਣ ਲੱਗੀ ਕਿ ਇਸ ਤਰ੍ਹਾਂ ਮੰਗਾਂ ਮੰਨਣ ਨਾਲ ਬਾਕੀ ਸੂਬਿਆਂ ਵਿਚ ਵੀ ਏਹ ਮੰਗਾਂ ਉਠਣਗੀਆਂ। ਮੈਂ ਪੁੱਛਿਆ ਕਿ ਇਹ ਪਤਾ ਲੱਗੇ ਕਿ ਬਾਕੀ ਕਿਹੜੇ ਸੂਬਿਆਂ ਵਿਚ ਏਹ ਮੰਗਾਂ ਹਨ, ਤਾਂ ਕਿਹਾ ਗਿਆ ਕਿ ਬਨਾਰਸ ਵਿਚ ਮਾਸ ਦੀ ਵਿਕਰੀ ਬੰਦ ਕਰਨ ਦੀ ਮੰਗ ਹੈ। ਮੈਂ ਕਿਹਾ ਉਹ ਵੀ ਮੰਨ ਲਵੋ ਗਲ ਕੀ ਹੋਈ। ਜੇ ਕੋਈ ਹੋਰ ਧਰਮ ਵਾਲਾ ਐਸੀ ਮੰਗ ਮੰਗਦਾ ਹੈ ਤਾਂ ਉਹ ਵੀ ਮੰਨ ਲਵੋ। ਆਖਿਰ ਭਗਵਾਨ ਦਾ ਨਾਮ ਹੀ ਲੈਣਗੇ ਇਸ ਵਿਚ ਕਿਸੇ ਨੂੰ ਕੀ ਇਤਰਾਜ਼ ਹੋ ਸਕਦਾ ਹੈ। ਇਹ ਮੰਗਾਂ ਮੰਨ ਵੀ ਲਈਆਂ ਫਿਰ ਇਨ੍ਹਾਂ ਨੂੰ ਮੰਨਿਆ ਗ਼ਲਤ ਢੰਗ ਨਾਲ ਤੇ ਉਸ ਤੋਂ ਬਾਅਦ ਉਸ ਉਤੇ ਅਮਲ ਨਹੀਂ ਕੀਤਾ। ਗਲ ਪ੍ਰਧਾਨ ਮੰਤਰੀ ਨਹੀਂ ਮੁਕਾਂਦੀ ਤਾਂ ਅਸੀਂ ਕੀ ਕਰ ਸਕਦੇ ਹਾਂ।

**ਪ੍ਰਸ਼ਨ :** ਪ੍ਰਧਾਨ ਮੰਤਰੀ ਗੱਲ ਕਿਉਂ ਨਹੀਂ ਮੁਕਾਂਦੀ ? ਕੀ ਇਸ ਨਾਲ ਦੇਸ਼ ਦਾ ਨੁਕਸਾਨ ਨਹੀਂ ਹੋ ਰਿਹਾ ?

**ਉੱਤਰ :** ਪ੍ਰਧਾਨ ਮੰਤਰੀ ਨੂੰ ਸਮਝਣਾ ਬਹੁਤ ਮੁਸ਼ਕਲ ਹੈ। ਇਸ ਬਾਰੇ ਮੈਂ ਕੁਝ ਨਹੀਂ ਕਹਿ ਸਕਦਾ। ਪਰ ਦੇਸ਼ ਦਾ ਫਿਕਰ ਫੂਕਰ ਇਸ ਨੂੰ ਘੱਟ ਹੀ ਹੈ। ਮਹਿੰਗਾਈ ਕਿਸ ਤੇਜ਼ੀ ਨਾਲ ਵੱਧ ਰਹੀ ਹੈ। ਬੈਂਗਣ ਬਜ਼ਾਰ ਵਿਚ ਤਿੰਨ ਰੁਪਏ ਕਿਲੋ ਵਿਕ ਰਿਹਾ ਹੈ। ਪਿਆਜ਼ ਦਾ ਕੀ ਭਾਅ ਹੈ। ਚੀਨੀ ਕਿਤਨੀ ਮਹਿੰਗੀ ਹੋ ਚੁੱਕੀ ਹੈ। ਦਾਲਾਂ ਵਗੈਰਾ ਦੀਆ ਕੀਮਤਾਂ ਵੀ ਕਾਫੀ ਵੱਧ ਗਈਆਂ ਹਨ ਪਰ ਪ੍ਰਧਾਨ ਮੰਤਰੀ ਨੂੰ ਕੋਈ ਫਿਕਰ ਨਹੀਂ, ਕਿਉਂਕਿ ਇਸ ਦੇਸ਼ ਵਿਚ ਬਗਾਵਤ ਨਹੀਂ ਹੋ ਸਕਦੀ। ਬਗਾਵਤ ਤੇ ਤਾਂ ਹੋਵੇ ਜੇ ਲੋਕ ਸੜਕਾਂ ਉਤੇ ਮਰਨ। ਬਿਹਾਰ, ਬੰਗਾਲ ਤੇ ਪੱਛਮੀ ਉੱਤਰ ਪ੍ਰਦੇਸ਼ ਵਿਚ ਜੇ ਕੋਈ ਭੁੱਖ ਨਾਲ ਮਰ ਜਾਂਦਾ ਹੈ ਤਾਂ ਉਸਨੂੰ ਬਾਹਰ ਨਹੀਂ ਦੱਸਦੇ ਤੇ ਸਮਝਦੇ ਹਨ ਕਿ ਇਸ ਨਾਲ ਉਨ੍ਹਾਂ ਦੀ ਬੇਇਜ਼ਤੀ ਹੈ। ਭੁੱਖ ਨਾਲ ਹੋਈਆਂ ਬਹੁਤੀਆਂ ਮੌਤਾਂ ਦਾ ਤੇ ਪਤਾ ਹੀ ਨਹੀਂ ਲਗਦਾ। ਇੰਦਰਾ ਗਾਂਧੀ ਇਹ ਜਾਣਦੀ ਤੇ ਸਮਝਦੀ ਹੈ। ਜੇ ਇਥੇ ਬਗਾਵਤ ਹੋਣੀ ਨਹੀਂ ਤਾਂ ਇੰਦਰਾ ਗਾਂਧੀ ਨੂੰ ਘਬਰਾਹਟ ਕਿਸ ਗੱਲ ਦੀ ਹੋਵੇ। ਪੰਜਾਬ ਵਿਚ ਲੋਕ ਭੁੱਖੇ ਮਰਨ ਤਾਂ ਸ਼ਾਇਦ ਬਗਾਵਤ ਹੋਵੇ ਪਰ ਪੰਜਾਬ ਵਿਚ ਲੋਕਾਂ ਨੇ ਭੁੱਖੇ ਮਰਨਾ ਕੋਈ ਨਹੀਂ ਤੇ ਬਗਾਵਤ ਹੋਣੀ ਕੋਈ ਨਹੀਂ।

**ਪ੍ਰਸ਼ਨ :** ਚੰਡੀਗੜ੍ਹ ਪੰਜਾਬ ਲਈ ਬਣਾਇਆ ਗਿਆ ਸੀ ਤੇ ਉਸ ਨਾਲ ਫ਼ਾਜ਼ਿਲਕਾ, ਅਬੋਹਰ ਦਾ ਇਲਾਕਾ ਜੋੜ ਦੇਣ ਬਾਰੇ ਆਪ ਦੀ ਕੀ ਰਾਇ ਹੈ ?

**ਉੱਤਰ :** ਅਸਲ ਚੰਡੀਗੜ੍ਹ ਪੰਜਾਬ ਦੀ ਰਾਜ-ਧਾਨੀ ਉਸ ਵਕਤ ਬਣਾਈ ਗਈ ਸੀ ਜਦੋਂ ਕਿ ਚੰਡੀਗੜ੍ਹ ਪੰਜਾਬ ਦੇ ਵਿਚਕਾਰ ਆਉਂਦਾ ਸੀ, ਹੁਣ ਤੇ ਇਹ ਪੰਜਾਬ ਤੇ ਹਰਿਆਣਾ ਦੋਹਾਂ ਦੇ ਕਿਨਾਰੇ ਉਤੇ ਆਉਂਦਾ ਹੈ। ਪੰਜਾਬ ਚੰਡੀਗੜ੍ਹ ਪੁੱਜ ਕੇ ਖਤਮ ਹੋ ਜਾਂਦਾ ਹੈ ਤੇ ਹਰਿਆਣਾ ਵੀ ਚੰਡੀਗੜ੍ਹ ਜਾ ਕੇ ਖਤਮ ਹੋ ਜਾਂਦਾ ਹੈ। ਚੰਡੀਗੜ੍ਹ ਨੂੰ ਰਾਜਧਾਨੀ ਬਨਾਉਣਾ ਕਿਸੇ ਸੂਬੇ ਦੇ ਲੋਕਾਂ ਦੇ ਵੀ ਹਿੱਤਾਂ ਵਿਚ ਨਹੀਂ। ਮੇਰੇ ਪਾਸ ਚੌਧਰੀ ਭਜਨ ਲਾਲ ਆਇਆ ਸੀ ਤੇ ਮੈਂ ਉਸ ਨੂੰ ਵੀ ਕਿਹਾ ਸੀ ਕਿ ਕੇਂਦਰੀ ਸਰਕਾਰ ਕੋਲੋਂ ਪੈਸੇ ਲੈ ਤੇ ਆਪਣੇ ਸੂਬੇ ਦੇ ਵਿਚਕਾਰ ਰਾਜ-ਧਾਨੀ ਬਣਾ ਲਵੋ ਜੋ ਕਿ ਸੂਬੇ ਦੇ ਲੋਕਾਂ ਦੇ ਫਾਇਦੇ ਵਿਚ ਹੋਵੇ। ਚੰਡੀਗੜ੍ਹ ਬਾਰੇ ਐਵੇਂ ਲੋਕਾਂ ਦੇ ਜਜ਼ਬਾਤ ਭੜਕੇ ਹੋਏ ਹਨ। ਮੈਨੂੰ ਤੇ ਚੰਡੀਗੜ੍ਹ ਕੋਈ ਖਾਸ ਚੀਜ਼ ਲਗਦਾ ਨਹੀਂ। ਕਹੀ ਜਾਂਦੇ ਹਨ ਕਿ ਬੜਾ ਖੂਬਸੂਰਤ ਸ਼ਹਿਰ ਹੈ ਪਰ ਜੇਹੜੀ ਨਵੀਂ ਰਾਜਧਾਨੀ ਬਣੇਗੀ ਉਹ ਇਸ ਨਾਲੋਂ ਜ਼ਿਆਦਾ ਹੀ ਖੂਬਸੂਰਤ ਹੋਵੇਗੀ। ਚੰਡੀਗੜ੍ਹ ਵਿਚ ਜੋ ਕਮੀਆਂ ਪੇਸ਼ੀਆਂ ਰਹਿ ਗਈਆਂ ਹਨ ਉਹ ਕੱਢ ਦਿੱਤੀਆਂ ਜਾਣਗੀਆ। ਸੈਂਟਰ ਸਰਕਾਰ ਦੋਨਾਂ ਸੂਬਿਆਂ ਨੂੰ ਦੋ ਦੋ ਸੌ ਤਿੰਨ ਤਿੰਨ ਸੌ ਕ੍ਰੋੜ ਦੇ ਦੇਵੇ ਆਪਣੀਆਂ ਰਾਜਧਾਨੀਆਂ ਬਨਾਉਣ ਲਈ, ਸੈਂਟਰ ਨੂੰ ਕੀ ਫ਼ਰਕ ਪੈਂਦਾ ਹੈ।

ਚੰਡੀਗੜ੍ਹ ਦੇ ਮਸਲੇ ਨਾਲ ਫ਼ਾਜ਼ਿਲਕਾ, ਅਬੋਹਰ ਦਾ ਮੱਸਲਾ ਇਕ ਹਾਲਾਤ ਦੀ ਉਪਜ ਸੀ। ਚੰਡੀਗੜ੍ਹ ਦੇ ਮਸਲੇ ਉਤੇ ਸੰਤ ਫ਼ਤਹਿ ਸਿੰਘ ਨੇ ਆਪਣੀ ਜਾਨ ਦੀ ਬਾਜ਼ੀ ਲਾ ਦਿੱਤੀ। ਸੰਤ ਫ਼ਤਹਿ ਸਿੰਘ ਦੀ ਜਾਨ ਬਚਾਉਣ ਲਈ ਚੰਡੀਗੜ੍ਹ ਲੈਣਾ ਜ਼ਰੂਰੀ ਸੀ ਤੇ ਚੰਡੀਗੜ੍ਹ ਲੈਣ ਲਈ ਉਸਦੀ ਕੀਮਤ ਫ਼ਾਜ਼ਿਲਕਾ, ਅਬੋਹਰ ਦੇਣ ਦੀ ਸ਼ਕਲ ਵਿਚ ਤਾਰਨੀ ਪਈ। ਫੈਸਲੇ ਵਾਲੀ ਰਾਤ ਨੂੰ ਅਕਾਲੀ ਭਰਾ ਮੇਰੇ ਕੋਲ ਰਾਤ ਨੂੰ ਆਏ ਤੇ ਆਖਣ ਲੱਗੇ ਕਿ ਸਾਨੂੰ ਚੰਡੀਗੜ੍ਹ ਬੜਾ ਮਹਿੰਗਾ ਪਿਆ ਹੈ। ਮੈਂ ਉਨ੍ਹਾਂ ਨੂੰ ਕਿਹਾ ਕਿ ਚੰਡੀਗੜ੍ਹ ਮਹਿੰਗਾ ਤੇ ਪੈਣਾ ਹੀ ਸੀ, ਤੁਸੀਂ ਇਸ ਦੀ ਕੀਮਤ ਜੋ ਬਹੁਤ ਜ਼ਿਆਦਾ ਰੱਖ ਦਿੱਤੀ ਸੀ। ਚੰਡੀਗੜ੍ਹ ਲਈ ਤੁਸੀਂ ਸੰਤ ਫ਼ਤਹਿ ਸਿੰਘ ਦੀ ਜਾਨ ਦਾਅ ਉਤੇ ਲਗਾ ਦਿੱਤੀ। ਜੇ ਕੀਮਤ ਵੱਧ ਰੱਖੀ ਸੀ ਤਾਂ ਉਹ ਤਾਰਨੀ ਹੀ ਪੈਣੀ ਸੀ।

**ਪ੍ਰਸ਼ਨ :** ਕੀ ਅਕਾਲੀ ਲੀਡਰ ਉਸ ਵਕਤ ਫ਼ਾਜ਼ਿਲਕਾ, ਆਬੋਹਰ ਦੇਣਾ ਮਨ ਗਏ ਸਨ ?

**ਉੱਤਰ :** ਉਸ ਵਕਤ ਤੇ ਮੰਨ ਹੀ ਗਏ ਸਨ ਪਰ ਦੂਜੇ ਦਿਨ ਲੋਕਾਂ ਦੇ ਜਜ਼ਬਾਤ ਦੇਖ ਕੇ ਉਨ੍ਹਾਂ ਨੇ ਫ਼ਾਜ਼ਿਲਕਾ, ਅਬੋਹਰ ਦੇਣ ਤੋਂ ਇਨਕਾਰ ਕਰ ਦਿੱਤਾ। ਜਦ ਦੂਜੇ ਦਿਨ ਹੀ ਉਨ੍ਹਾਂ ਨੇ ਇਨਕਾਰ ਕਰ ਦਿੱਤਾ ਸੀ ਤਾਂ ਮੰਨਣ ਦੇ ਕੀ ਅਰਥ ਹਨ। ਚੰਡੀਗੜ੍ਹ ਉਤੇ ਨਵੇਂ ਸਿਰਿਉਂ ਵਿਚਾਰ ਹੋਣੀ ਚਾਹੀਦੀ ਹੈ। ਮੈਂ ਪਬਲਿਕ ਤੌਰ ਉਤੇ ਕਹਿਣਾ ਨਹੀਂ ਚਾਹੁੰਦਾ ਪਰ ਜੇ ਚੰਡੀਗੜ੍ਹ ਕੇਂਦਰ ਦੇ ਕੰਟਰੋਲ ਥੱਲੇ ਰਹਵੇ ਤਾਂ ਵੀ ਕੋਈ ਹਰਜ਼ ਵਾਲੀ ਗੱਲ ਨਹੀਂ ਲਗਦੀ।

**ਪ੍ਰਸ਼ਨ :** ਕੀ ਪੰਜਾਬ ਦੀ ਮੌਜੂਦਾ ਸਥਿਤੀ ਤੋਂ ਪਾਕਿਸਤਾਨ ਫਾਇਦਾ ਉਠਾ ਸਕਦਾ ਹੈ ? ਕੀ ਇਸ ਵਿਚ ਕੋਈ ਸਚਾਈ ਹੈ ਕਿ ਪਾਕਿਸਤਾਨ ਨੇ ਟਰੇਨਿੰਗ ਕੈਂਪ ਖੋਹਲ ਰੱਖੇ ਹਨ ਜਿਨ੍ਹਾਂ ਵਿਚ ਭੰਨ ਤੋੜ ਦੀ ਕਾਰਵਾਈ ਦੀ ਸਿਖਲਾਈ ਦੇ ਕੇ ਉਨ੍ਹਾਂ ਨੂੰ ਪੰਜਾਬ ਵਿਚ ਭੇਜਿਆ ਜਾਂਦਾ ਹੈ ?

**ਉੱਤਰ :** ਪਾਕਿਸਤਾਨ ਇਸ ਸਥਿਤੀ ਦਾ ਫਾਇਦਾ ਉਠਾ ਸਕਦਾ ਹੈ ਪਰ ਮੈਂ ਇਹ ਨਹੀਂ ਕਹਿ ਸਕਦਾ ਕਿ ਪਾਕਿਸਤਾਨ ਇਸ ਸਥਿਤੀ ਤੋਂ ਲਾਭ ਉਠਾਉਣ ਦੀ ਪੋਜ਼ੀਸ਼ਨ ਵਿਚ ਵੀ ਹੈ ਕਿ ਨਹੀਂ ?

ਜੇ ਪਾਕਿਸਤਾਨ ਨੇ ਕੋਈ ਟਰੇਨਿੰਗ ਕੈਂਪ ਖੋਹਲ ਰਖਿਆ ਹੈ ਤਾਂ ਵੀ ਕੀ ਹੋਇਆ। ਦੁਸ਼ਮਣ ਤੇ ਐਸਾ ਕਰਦੇ ਹੀ ਹੁੰਦੇ ਹਨ। ਸਰਕਾਰ, ਪੁਲੀਸ ਤੇ ਫ਼ੌਜ ਕਿਸ ਵਾਸਤੇ ਹੈ,

(ਬਾਕੀ ਪੰਨਾ 8 ਤੇ)

## ਪਸ਼ੌਰ ਵਿਚ 'ਕਿਆਮਤ ਦਾ ਚਿੰਨ੍ਹ'

ਪੇਸ਼ਾਵਰ—ਇਕ ਪਾਕਿਸਤਾਨੀ ਬੱਚੇ ਨੂੰ ਦੇਖਣ ਲਈ ਸਥਾਨਕ ਹਸਪਤਾਲ ਵਿਚ ਭੀੜਾਂ ਦੀਆਂ ਭੀੜਾਂ ਆ ਰਹੀਆਂ ਹਨ। ਕਿਉਂਕਿ ਕੁਝ ਦਾ ਕਹਿਣਾ ਹੈ ਕਿ ਇਹ ਰੱਬ ਵਲੋਂ ਸੰਕੇਤ ਹੈ ਕਿ ਕਿਆਮਤ ਦਾ ਦਿਨ ਨੇੜੇ ਆ ਰਿਹਾ ਹੈ।

ਅਵਾਲ ਖਾਨ ਦੋ ਮਹੀਨਿਆਂ ਦਾ ਵੀ ਨਹੀਂ ਪਰ ਭਾਰੀ ਭੀੜਾਂ ਆਉਣੀਆਂ ਸ਼ੁਰੂ ਹੋ ਗਈਆਂ ਜਦੋਂ ਅਖਬਾਰਾਂ ਨੇ ਇਹ ਖਬਰ ਦਿਤੀ ਕਿ ਡਾਕਟਰਾਂ ਨੇ ਸੋਮਵਾਰ ਓਪਰੇਸ਼ਨ ਸਮੇਂ ਉਸਦੇ ਪੇਟ ਵਿਚੋਂ 6 ਬਣ ਰਹੇ ਬੱਚੇ ਕੱਢੇ।

"ਇਹ ਅੱਲਾਹ ਦਾ ਕ੍ਰਿਸ਼ਮਾ ਹੈ, ਮੇਰੇ ਮਿੱਤਰ", ਕਿਸਾਨ ਨੇ ਕਿਹਾ। "ਅੱਲਾਹ ਨੇ ਦਿਖਾਇਆ ਹੈ ਕਿ ਉਹ ਸਰਵ ਸ਼ਕਤੀਮਾਨ ਹੈ। ਉਹ ਕੁਝ ਵੀ — ਇਥੋਂ ਤਕ ਅਸੰਭਵ ਵੀ —ਕਰਕੇ ਦਿਖਾ ਸਕਦਾ ਹੈ।

ਖੈਬਰ ਟੀਚਿੰਗ ਹਸਪਤਾਲ ਵਿਚ ਡਾ: ਜ਼ੁਲਫੀਕਾਰ ਬੱਟ, ਜਿਹੜੀ ਓਪਰੇਸ਼ਨ ਕਰਨ ਵਾਲੀ ਸਰਜਨਾਂ ਦੀ ਟੀਮ ਵਿਚ ਸ਼ਾਮਲ ਸੀ, ਨੇ ਕਿਹਾ : "ਅਸੀਂ ਅਜਿਹਾ ਕਦੇ ਵੀ ਨਹੀਂ ਵੇਖਿਆ।"

## ਲਾਲਾ ਲਾਜਪਤ ਰਾਏ ਦੀ ਵਰ੍ਹੇਗੰਢ ਮਨਾਈ

ਫਰੀਦਕੋਟ, (ਪੀ. ਟੀ. ਆਈ.)—ਲਾਲਾ ਲਾਜਪਤ ਰਾਏ ਦੀ 118ਵੀਂ ਵਰ੍ਹੇਗੰਢ ਉਨ੍ਹਾਂ ਦੇ ਜਨਮ ਅਸਥਾਨ ਪਿੰਡ ਢੁਡੀਕੇ (?) ਵਿਚ ਧੂਮ ਧਾਮ ਨਾਲ ਮਨਾਈ ਗਈ। ਇਸ ਮੌਕੇ 'ਤੇ ਲੋਕਾਂ ਦੀ ਵੱਡੀ ਗਿਣਤੀ ਨੇ ਉਥੇ ਆਜ਼ਾਦੀ ਘੁਲਾਟੀਏ ਦੀ ਯਾਦਗਾਰ 'ਤੇ ਫੁੱਲਾਂ ਦੇ ਹਾਰ ਚੜ੍ਹਾਏ। ਇਸ ਮੌਕੇ 'ਤੇ ਹੋਏ ਸਮਾਗਮ ਵਿਚ [illegible] ਪਾਰਟੀ ਦੇ ਬਾਨੀ (?) ਮੈਂਬਰਾਂ ਵਿਚੋਂ ਇਕ ਬਾਬਾ ਪਾਲ ਸਿੰਘ ਵੀ ਹਾਜ਼ਰ ਸਨ।


## ਸੂਚਨਾ

ਕਿਸੇ ਵੀ ਤਰ੍ਹਾਂ ਦੀ ਕਾਰ ਮੁਰੰਮਤ(Repair) ਕਰਾਉਣ ਲਈ ਜਾਂ ਆਟੋ ਬਾਡੀ (Auto Body) ਦਾ, ਜਾਂ ਕਾਰ ਪੇਂਟ ਕਰਾਉਣ ਦਾ ਕੰਮ ਕਰਾਉਣ ਲਈ ਮਿਲੋ ਜਾਂ ਫੋਨ ਕਰੋ

OPEN 24 Hours

**MINIT - TUNE**

1001-20th Ave. Prince George, B.C. Ph. (604)563-6492



BOB Manager



ਐਬਟਸਫੋਰਡ ਬੇਰੀ ਫਾਰਮ, ਜਾਂ ਮਕਾਨ ਖ਼੍ਰੀਦਣਾ ਹੋਵੇ ਤਾਂ ਮਿਲੋ—

**TOP SALESMAN Since 1978**

**PAUL GILL**



Farms for Sale :-

1. 15 Acres for $98000
2. 37 Acres for $220000
3. 25 Acres, BARNS and HOUSE in ALDERGROVE asking $155000
4. Chicken Farm 123 Case Egg quota

and more farms in 2,8,9,20,30,80 Acre parcel

TRY TRADES

Res. 853-0493 Off. 853-6411 Or 524-2215

**BLOCK BROS. REALTY Ltd.**

32641 South Fraserway Abbotsford, B.C.

# ਪੰਜਾਬ ਦਰਪਣ

## ਇਹ ਸਭ ਝੂਠ ਹੈ — ਬਾਦਲ



ਅਕਾਲੀ ਲੀਡਰ ਸ੍ਰੀ ਪ੍ਰਕਾਸ਼ ਸਿੰਘ ਬਾਦਲ ਨੇ ਉਨ੍ਹਾਂ ਉਤੇ ਲਾਏ ਗਏ ਦੋਸ਼ਾਂ ਨੂੰ ਝੂਠੇ ਅਤੇ ਨਿਰਮੂਲ ਕਿਹਾ ਹੈ। ਅਕਾਲੀ ਦਲ ਦੀ ਯੂਥ ਵਿੰਗ ਦੀ ਕਨਵੈਨਸ਼ਨ ਵਿਚ ਗੁਮਨਾਮ ਪ੍ਰਚਿਆਂ ਰਾਹੀਂ ਉਨ੍ਹਾਂ ਉਤੇ ਨਿਊਯਾਰਕ ਵਿਚ ਸ੍ਰੀਮਤੀ ਇੰਦਰਾ ਗਾਂਧੀ ਨਾਲ ਅਤੇ ਮਾਸਕੋ ਵਿਚ ਸ੍ਰੀ ਰਾਜੀਵ ਨਾਲ ਖੁਫੀਆ ਮੁਲਾਕਾਤਾਂ ਕਰਨ ਦਾ ਆਰੋਪ ਲਾਇਆ ਗਿਆ ਸੀ ਅਤੇ ਕਿਹਾ ਗਿਆ ਸੀ ਕਿ ਇਹਨਾਂ ਹੀ ਮੁਲਾਕਾਤਾਂ ਤੋਂ ਬਗੈਰ ਕੁਝ ਅਕਾਲੀ ਲੀਡਰਾਂ ਨੂੰ ਸਰਕਾਰ ਨੇ ਗ੍ਰਿਫਤਾਰ ਕਰ ਲਿਆ ਸੀ। ਉਹਨਾਂ ਕਿਹਾ ਕਿ ਇਹ ਇਸ਼ਤਿਹਾਰ ਵੰਡਣ ਵਾਲੇ ਸ੍ਰੀ ਅਕਾਲ ਤਖਤ ਤੇ ਆ ਕੇ ਇਹ ਸਿਧ ਕਰ ਦੇਣ ਕਿ ਉਹਨਾਂ ਵਲੋਂ ਲਗਾਏ ਇਲਜਾਮ ਸੱਚੇ ਹਨ ਤਾਂ ਮੈਂ ਸਦਾ ਲਈ ਰਾਜਨੀਤੀ ਤੋਂ ਬਾਹਰ ਹੋ ਜਾਵਾਂਗਾ।

## ਲੌਂਗੋਵਾਲ — ਜਿਨਾਹ ਦੇ ਪਦ ਚਿੰਨਾਂ ਤੇ

### ਕੇਂਦਰੀ ਆਰੀਆ ਸਭਾ ਦਾ ਦੋਸ਼

ਕੇਂਦਰੀ ਆਰੀਆ ਸਭਾ ਨੇ ਅਕਾਲੀ ਦਲ ਦੇ ਮੁਖੀ ਸੰਤ ਹਰਚੰਦ ਸਿੰਘ ਲੌਂਗੋਵਾਲ ਤੇ ਇਹ ਦੋਸ਼ ਲਾਇਆ ਹੈ ਕਿ ਉਹ ਮਿਸਟਰ ਮੁਹੰਮਦ ਅਲੀ ਜਿਨਾਹ ਦੇ ਪਦ ਚਿੰਨਾਂ ਤੇ ਚਲ ਰਹੇ ਹਨ। ਮਿਸਟਰ ਜਿਨਹਾ ਦੀ ਪਾਲਸੀ ਕਾਰਨ ਪਾਕਿਸਤਾਨ ਹੋਂਦ ਵਿਚ ਆਇਆ।

## ਦਲ ਉਤੇ ਦੋਗਲੀ ਨੀਤੀ ਦਾ ਦੋਸ਼

### ਇੰਕਾ ਦੇ ਏਕਤਾ ਇਕੱਠ ਸਮੇਂ ਫੁੱਟ ਦੇ ਲਾਂਬੂ

ਲੁਧਿਆਣਾ—ਸਾਬਕ ਮੁਖ ਮੰਤਰੀ ਸ੍ਰੀ ਦਰਬਾਰਾ ਸਿੰਘ ਨੇ ਅਕਾਲੀ ਆਗੂਆਂ ਨੂੰ ਕਿਹਾ ਕਿ ਉਹ ਇਕ ਪਾਸੇ ਸ਼ਾਂਤਮਈ ਦੀਆਂ ਗੱਲਾਂ ਕਰਨ ਤੇ ਦੂਜੇ ਪਾਸੇ ਅਤਿਵਾਦੀਆਂ ਨੂੰ ਪਨਾਹ ਦੇਣ ਦੀ ਦੋਗਲੀ ਨੀਤੀ ਛੱਡਣ ਤੇ ਪੰਜਾਬ ਸਮਸਿਆ ਦੇ ਹਲ ਲਈ ਕੇਂਦਰ ਨਾਲ ਸਿੱਧੀ ਗਲਬਾਤ ਕਰਨ।

### ਅੱਗ ਦੀ ਘਟਨਾ

ਇਸ ਤੋਂ ਪਹਿਲਾਂ ਕਨਵੈਨਸ਼ਨ ਦਾ ਪ੍ਰਬੰਧ ਕਰ ਰਹੀ ਸਿਟੀਜ਼ਨ ਕੌਂਸਲ ਦੇ ਸੀਤਾ ਮੰਦਰ ਹਾਲ ਵਿਚ ਬਣਾਏ ਗਏ ਦਫਤਰ ਨੂੰ ਸਵੇਰੇ ਅਚਨਚੇਤ ਅੱਗ ਲਗ ਗਈ ਜਿਸ ਕਾਰਨ ਸਾਰਾ ਰਿਕਾਰਡ ਸੜ ਗਿਆ। ਯੂਥ ਕਾਂਗਰਸ ਦੇ ਆਗੂ ਸਤੀਸ਼ ਭੂਲਰ ਤੇ ਕੁਲਦੀਪ ਜੋਸ਼ੀ ਨੇ ਦੋਸ਼ ਲਾਇਆ ਹੈ ਕਿ ਇਹ ਪਾਰਟੀ ਅੰਦਰਲੇ ਵਿਰੋਧੀ ਧੜੇ ਦੀ ਸ਼ਰਾਰਤ ਹੋ ਸਕਦੀ ਹੈ। ਪਰ ਦੂਜੇ ਧੜੇ ਦੇ ਇਕ ਆਗੂ ਨੇ ਕਿਹਾ ਕਿ ਇਹ ਸਾਰਾ ਡਰਾਮਾ ਮਿੱਤਰ-ਪਾਂਡੇ ਗਰੁਪ ਦਾ ਹੀ ਹੈ। ਉਹਨਾਂ ਕਿਹਾ ਕਿ ਇਸ ਗਰੁਪ ਨੇ ਕਨਵੈਨਸ਼ਨ ਦੇ ਨਾਂ ਉਤੇ ਲੱਖਾਂ ਰੁਪਏ ਇਕੱਠੇ ਕੀਤੇ ਪਰ ਇਸਦਾ ਹਿਸਾਬ ਕਿਤਾਬ ਦੇਣ ਤੋਂ ਬਚਣ ਲਈ ਅੱਗ ਲਾਉਣ ਦਾ ਡਰਾਮਾ ਰਚਿਆ।

## ਸਾਬਕਾ ਫੌਜੀਆਂ ਵਲੋਂ ਪੈਨਸ਼ਨ ਫਾਰਮੂਲਾ ਸਵੀਕਾਰ ਨਾ ਕੀਤਾ ਗਿਆ

ਚੰਡੀਗੜ੍ਹ—ਪੰਜਾਬ ਦੇ ਸਾਬਕਾ ਫੌਜੀਆਂ ਦੀ ਲੀਗ ਦੀ ਐਗਜ਼ੈਕਟਿਵ ਨੇ ਪੈਨਸ਼ਨ ਦੇ ਨਵੇਂ ਫਾਰਮੂਲੇ ਨੂੰ ਸਵੀਕਾਰ ਕਰਨ ਤੋਂ ਨਾਂਹ ਕਰ ਦਿੱਤੀ ਹੈ।

ਬਰਗੇਡੀਅਰ ਗੁਰਕਿਰਪਾਲ ਸਿੰਘ ਦੀ ਪ੍ਰਧਾਨਗੀ ਹੇਠ ਇਕ ਮੀਟਿੰਗ ਵਿਚ ਉਨ੍ਹਾਂ ਇਹ ਫੈਸਲਾ ਕੀਤਾ ਕਿ ਬਹਾਦਰੀ ਦੇ ਸਨਮਾਨ ਵਲੋਂ ਮਿਲੇ ਹੋਏ ਤਗਮੇਂ ਜਿਨਾਂ ਵਿਚ ਵੀਰ ਚੱਕਰ, ਮਹਾਂਵੀਰ ਚੱਕਰ ਅਤੇ ਪਰਮ ਵੀਰ ਚੱਕਰ ਆਦਿ ਸ਼ਾਮਲ ਹਨ ਭਾਰਤ ਦੇ ਪ੍ਰਧਾਨ ਨੂੰ ਵਾਪਸ ਕਰ ਦਿਤੇ ਜਾਣਗੇ ਅਤੇ ਉਹ ਕਾਲੀਆਂ ਪੱਟੀਆਂ ਬੰਨਣਗੇ। 19 ਫਰਵਰੀ 84 ਨੂੰ ਪਟਿਆਲੇ ਵਿਚ ਇਕ ਵੱਡੀ ਰੈਲੀ ਕੀਤੀ ਜਾਵੇਗੀ।

ਲੈਫਟੀਨੈਂਟ ਕਰਨਲ ਬੀ. ਐਸ. ਸੇਖੋਂ ਜੋ ਕਿ ਲੀਗ ਦੇ ਸਕੱਤਰ ਹਨ। ਉਨ੍ਹਾਂ ਨੇ ਕਿਹਾ ਕਿ ਪੈਨਸ਼ਨ ਦੇ ਨਵੇਂ ਫਾਰਮੂਲੇ ਨਾਲ ਬਹੁਤ ਸਾਰੇ ਸਾਬਕਾ ਫੌਜੀ ਅਫਸਰ ਜੋ ਬਰਗੇਡੀਅਰ ਦੇ ਰੈਂਕ ਤੱਕ ਹਨ ਅਤੇ 1970 ਤੋਂ ਪਹਿਲਾਂ ਰੀਟਾਇਰ ਹੋਏ ਹਨ ਕੋਈ ਫਾਇਦਾ ਨਹੀਂ ਪੁਜਿਆ।

## ਟੌਹੜਾ ਵਲੋਂ ਦੋਹਾਂ ਸੰਤਾਂ ਵਿਚਾਲੇ ਰਾਜ਼ੀਨਾਵੇ ਦੇ ਯਤਨ

ਅੰਮ੍ਰਿਤਸਰ—ਅਕਾਲੀ ਮੁਖੀ ਸੰਤ ਲੌਂਗੋਵਾਲ ਅਤੇ ਅਤਿਵਾਦੀ ਲੀਡਰ ਸੰਤ ਭਿੰਡਰਾਂ ਵਾਲੇ ਵਿਚਕਾਰ ਸੁਲਾਹ ਕਰਾਉਣ ਦੇ ਯਤਨ ਮੁੜ ਤੋਂ ਸ਼ੁਰੂ ਹੋ ਗਏ ਹਨ। ਇਸ ਗੱਲ ਦਾ ਪਤਾ ਭਰੋਸੇ ਯੋਗ ਵਸੀਲਿਆਂ ਤੋਂ ਲਗਾ ਹੈ। ਪਤਾ ਲਗਾ ਹੈ ਕਿ ਕੁਝ ਖਾਸ ਸੀਨੀਅਰ ਅਕਾਲੀ ਲੀਡਰਾਂ ਵਲੋਂ ਇਸ ਸਬੰਧ ਵਿਚ ਪਿਛੇ ਆਪਣੇ ਜਤਨ ਮੁੜ ਸ਼ੁਰੂ ਕਰ ਦਿਤੇ ਹਨ।

ਪਤਾ ਲਗਾ ਹੈ ਕਿ ਸ਼੍ਰੋਮਣੀ ਗੁ: ਪ੍ਰ: ਕਮੇਟੀ ਦੇ ਪ੍ਰਧਾਨ ਸ੍ਰੀ ਗੁਰਚਰਨ ਸਿੰਘ ਟੌਹੜਾ, ਜਿਹਨਾਂ ਬੀਤੇ ਵਿਚ ਦੋਹਾਂ ਸੰਤਾਂ ਵਿਚਾਲੇ ਵਿਚੋਲੇ ਦਾ ਰੋਲ ਕਾਮਯਾਬੀ ਨਾਲ ਨਿਭਾਇਆ, ਨੇ ਇਥੇ ਪੁਜਣ ਉਤੇ ਦੋਹਾਂ ਸੰਤਾਂ ਵਿਚਕਾਰ ਸੁਲਾਹ ਕਰਵਾਉਣ ਲਈ ਆਪਣੇ ਯਤਨ ਨਵੇਂ ਸਿਰਿਓਂ ਸ਼ੁਰੂ ਕਰ ਦਿਤੇ ਹਨ।

ਇਸ ਵੇਲੇ ਦੋਹਾਂ ਸੰਤਾਂ ਵਿਚਕਾਰ ਮਤਭੇਦ ਬਹੁਤ ਹੀ ਡੂੰਘੇ ਹੋ ਗਏ ਹਨ ਅਤੇ ਇਥੋਂ ਤੱਕ ਕਿ ਇਸ ਵੇਲੇ ਦੋਹਾਂ ਵਿਚ ਕੁਣ-ਬੋਲਣ ਤਕ ਵੀ ਬੰਦ ਹੈ।

## ਪੱਤਰ ਕਾਰ ਤੇ ਮਾਰੂ ਹਮਲਾ

ਅੰਮ੍ਰਿਤਸਰ—ਅਤਿਵਾਦੀਆਂ ਵਲੋਂ 'ਇੰਡੀਅਨ ਐਕਸਪਰੈਸ' ਦੇ ਪੱਤਰਕਾਰ ਸੰਜੀਵ ਗੌੜ ਤੇ ਬੁਜ਼ਦਿਲਾਨਾ ਹਮਲੇ ਦੀ ਕਾਰਵਾਈ ਦੀ ਸਭ ਪਾਸਿਆਂ ਵਲੋਂ ਨਿਖੇਧੀ ਕੀਤੀ ਗਈ ਹੈ।

ਸੰਜੀਵ ਗੌੜ ਦਰਬਾਰ ਸਾਹਿਬ ਵਿਚੋਂ ਨਿਕਲਿਆ ਹੀ ਸੀ ਤੇ ਮੋਟਰ ਸਾਈਕਲ ਸਟਾਰਟ ਕਰਨ ਲੱਗੇ ਦੇ ਪਿਛੋਂ ਕੁਝ ਅਤਿਵਾਦੀਆਂ ਨੇ ਹਮਲਾ ਕਰ ਦਿਤਾ। ਪਹਿਲਾਂ ਮਾਰਕੁਟਾਈ ਕੀਤੀ ਗਈ ਤੇ ਫਿਰ ਪਿਠ ਵਿਚ ਛੁਰਾ ਮਾਰਿਆ ਗਿਆ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਗੱਡੀ ਰਾਹੀਂ ਸ੍ਰੀ ਗੌੜ ਨੂੰ ਹਸਪਤਾਲ ਪੁਚਾਇਆ ਗਿਆ। ਪੱਤਰਕਾਰਾਂ ਦੀਆਂ ਜਥੇਬੰਦੀਆਂ ਨੇ ਕਿਹਾ ਹੈ ਕਿ ਜੇ ਪੱਤਰਕਾਰ ਵੀ ਸੁਰੱਖਿਅਤ ਨਹੀਂ ਤਾਂ ਮੋਰਚੇ ਦੀਆਂ ਖਬਰਾਂ ਦਾ ਸਾਰੇ ਅਖਬਾਰਾਂ ਵਲੋਂ ਸਮੁੱਚਾ ਬਾਈਕਾਟ ਕੀਤਾ ਜਾਵੇਗਾ।

ਸੰਤ ਲੌਂਗੋਵਾਲ, ਟੌਹੜਾ ਤੇ ਭਿੰਡਰਾਂਵਾਲਾ ਨੇ ਇਸ ਹਮਲੇ ਦੀ ਨਿਖੇਧੀ ਕੀਤੀ। ਗਿਆਨੀ ਜ਼ੈਲ ਸਿੰਘ ਨੇ ਫੋਨ ਤੇ ਪੱਤਰਕਾਰ ਦੀ ਖਬਰਸਾਰ ਪਤਾ ਕੀਤੀ।

## 'ਕੈਨੇਡਾ ਦਰਪਣ' ਆਪ ਪੜ੍ਹੋ ਤੇ ਦੂਜਿਆਂ ਨੂੰ ਪੜ੍ਹਾਓ

## 'ਸਦਭਾਵਨਾ ਦੇ ਮਹੌਲ 'ਚ ਗਲਬਾਤ ਦੀ ਲੋੜ' ਪੰਜਾਬ ਬਾਰੇ ਚੰਦਰ ਸ਼ੇਖਰ ਦੀ ਰਾਏ

ਅੰਮ੍ਰਿਤਸਰ—ਜਿਹੜੀਆਂ ਮੰਗਾਂ ਦੀ ਪ੍ਰਾਪਤੀ ਲਈ ਅਕਾਲੀ ਦਲ ਮੋਰਚਾ ਚਲਾ ਰਿਹਾ ਹੈ, ਉਹ ਮੰਗਾਂ ਸਿਰਫ ਅਕਾਲੀਆਂ ਦੀਆਂ ਨਹੀਂ ਸਗੋਂ ਸਮੁੱਚੇ ਪੰਜਾਬ ਦੀਆਂ ਹਨ। 'ਅਜੇ ਵੀ ਡੁਲੇ ਬੇਰਾਂ ਦਾ ਕੁਝ ਨਹੀਂ ਵਿਗੜਿਆ, ਮਿਲ ਬੈਠ ਕੇ ਗਲਬਾਤ ਰਾਹੀਂ ਸਮਸਿਆ ਦਾ ਹਲ ਲੱਭ ਲੈਣਾ ਚਾਹੀਦਾ ਹੈ, ਜਿਉਂ ਜਿਉਂ ਸਮਸਿਆ ਲਮਕਦੀ ਹੈ ਤਿਉਂ, ਤਿਉਂ ਹੋਰ ਪੇਚੀਦਾ ਹੋ ਰਹੀ ਹੈ। ਇਹ ਵਿਚਾਰ ਜਨਤਾ ਪਾਰਟੀ ਦੇ ਪ੍ਰਧਾਨ ਸ੍ਰੀ ਚੰਦਰ ਸ਼ੇਖਰ ਨੇ ਪੰਜਾਬੀ ਮਾਸਕ ਰਸਾਲੇ 'ਪੰਜਾਬੀ ਡਾਈਜੈਸਟ' ਨਾਲ ਇਕ ਇੰਟਰਵਿਊ ਵਿਚ ਪ੍ਰਗਟ ਕੀਤੇ।

ਇੰਟਰਵਿਊ ਦੌਰਾਨ ਸ੍ਰੀ ਸ਼ੇਖਰ ਨੇ ਕਿਹਾ ਕਿ ਤਨਾਅ ਜਾਂ ਟਕਰਾਓ ਦੀ ਸਥਿਤੀ ਪੈਦਾ ਕਰਨ ਨਾਲ ਕਿਸੇ ਵੀ ਸਮਸਿਆ ਦਾ ਹਲ ਨਹੀਂ, ਨਿਕਲ ਸਕਦਾ। ਟਕਰਾਓ ਪੈਦਾ ਕਰਨ ਵਾਲੇ ਲੋਕ ਮਾਮਲਿਆਂ ਨੂੰ ਹੋਰ ਗੁੰਝਲਦਾਰ ਬਣਾ ਦੇਂਦੇ ਹਨ। ਜਨਤਾ ਪਾਰਟੀ ਆਗੂ ਨੇ 'ਪੰਜਾਬ ਸਮਸਿਆ ਨੂੰ' ਹਲ ਕਰਨ ਲਈ ਸਦਭਾਵਨਾ ਦੇ ਮਾਹੌਲ ਵਿਚ ਗਲਬਾਤ ਕਰਨ ਤੇ ਜ਼ੋਰ ਦਿਤਾ।

ਉਹਨਾਂ ਇੰਟਰਵਿਊ ਵਿਚ ਕਿਹਾ, 'ਮੈਂ ਕਈ ਅਕਾਲੀ ਲੀਡਰਾਂ ਨੂੰ ਅਤੇ ਸਰਕਾਰ ਨੂੰ ਮਿਲ ਕੇ ਸਮਸਿਆ ਨੂੰ ਹੱਲ ਕਰਨ ਦੇ ਸੁਝਾਅ ਦੇ ਚੁਕਾ ਹਾਂ, ਪਰ ਜੇ ਸਰਕਾਰ ਸੁਝਾਵਾਂ ਤੇ ਅਮਲ ਨਾ ਕਰੇ ਤਾਂ ਮੈਂ ਕੋਈ ਹਲ ਕਿਵੇਂ ਕੱਢ ਸਕਦਾ ਹਾਂ।'

ਪੰਜਾਬ ਵਿਚ ਵਾਪਰ ਰਹੀਆਂ ਹਿੰਸਕ ਘਟਨਾਵਾਂ ਪਿਛੇ ਵਿਦੇਸ਼ੀ ਹੱਥ ਹੋਣ ਬਾਰੇ ਟਿੱਪਣੀ ਕਰਦਿਆਂ ਉਨ੍ਹਾਂ ਕਿਹਾ, "ਜਦ ਕਿਸੇ ਦੇਸ਼ ਵਿਚ ਗੜਬੜ ਹੁੰਦੀ ਹੈ ਤਾਂ ਵਿਦੇਸ਼ੀ ਤਾਕਤਾਂ ਦਖਲ-ਅੰਦਾਜ਼ੀ ਕਰਦੀਆਂ ਹਨ। ਜੇ ਕੋਈ ਵਿਦੇਸ਼ੀ ਤਾਕਤ ਦਲਖ ਅੰਦਾਜ਼ੀ ਕਰਦੀ ਹੈ ਤਾਂ ਗਲਤੀ ਸਾਡੀ ਹੈ। ਅਸੀਂ ਵਿਦੇਸ਼ੀ ਤਾਕਤਾਂ ਦੇ ਪ੍ਰਭਾਵ ਥੱਲੇ ਕਿਉਂ ਆਉਂਦੇ ਹਾਂ? ਸਾਨੂੰ ਕਿਸੇ ਵੀ ਵਿਦੇਸ਼ੀ ਤਾਕਤ ਦੇ ਪ੍ਰਭਾਵ ਹੇਠ ਨਹੀਂ ਆਉਣਾ ਚਾਹੀਦਾ।"

## ਬੱਸ ਲੁੱਟਣ ਦੀ ਹਦਾਇਤ ਤੇ ਹਥਿਆਰ ਹਰਮਿੰਦਰ ਸੰਧੂ ਨੇ ਦਿਤੇ — ਆਈ. ਜੀ. ਭਿੰਡਰ

ਚੰਡੀਗੜ੍ਹ—ਜਿਹਨਾਂ ਤਿੰਨ ਵਿਅਕਤੀਆਂ ਨੂੰ ਅੰਮ੍ਰਿਤਸਰ ਜ਼ਿਲੇ ਦੇ ਇਕ ਪਿੰਡ ਦੇ ਲੋਕਾਂ ਨੇ ਇਕ ਬੱਸ ਨੂੰ ਲੁੱਟ ਕੇ ਅੱਗ ਲਾਉਣ ਤੋਂ ਬਾਅਦ ਕਾਬੂ ਕਰ ਲਿਆ ਸੀ। ਉਹਨਾਂ ਨੂੰ ਸਰਕਾਰੀ ਸੰਪਤੀ ਨੂੰ ਸਾੜਨ ਦੀ ਹਦਾਇਤ ਅਤੇ ਹਥਿਆਰ ਕੁਲ ਹਿੰਦ ਸਿਖ ਸਟੂਡੈਂਟਸ ਫੈਡਰੇਸ਼ਨ ਦੇ ਜਨਰਲ ਸਕੱਤਰ ਹਰਮਿੰਦਰ ਸਿੰਘ ਸੰਧੂ ਨੇ ਦਿਤੇ ਸਨ। ਇਹ ਜਾਣਕਾਰੀ ਦੇਂਦਿਆਂ, ਆਈ. ਜੀ. ਪੁਲਸ(ਅਮਨ ਤੇ ਕਾਨੂੰਨ) ਸ੍ਰੀ ਪੀ. ਐਸ. ਭਿੰਡਰ ਨੇ ਦਸਿਆ ਕਿ ਪਿੰਡ ਕਾਲੇਕੇ ਦੇ ਵਸਨੀਕਾਂ ਨੇ ਲੁਟੇਰਿਆਂ ਤੇ ਅੱਗ ਲਾਉਣ ਵਾਲਿਆਂ ਨੂੰ ਕਾਬੂ ਕਰਨ ਵਿਚ ਬਹੁਤ ਹੌਸਲਾ ਦਿਖਾਇਆ ਤੇ ਇਸ ਦੇ ਬਾਵਜੂਦ ਉਹਨਾਂ ਨੂੰ ਕਾਬੂ ਕਰ ਲਿਆ ਕਿ ਇਕ ਲੁਟੇਰੇ ਨੇ ਹੈਂਡਗਰਨੇਡ ਵੀ ਸੁਟਿਆ ਸੀ।

ਸ੍ਰੀ ਭਿੰਡਰ ਨੇ ਕਿਹਾ ਕਿ ਫੜੇ ਗਏ ਤਿੰਨਾਂ ਵਿਚ ਪੱਟੀ ਕਾਲਜ ਦਾ ਇਕ ਬਾਰਵੀਂ ਜਮਾਤ ਦਾ ਵਿਦਿਆਰਥੀ ਵੀ ਸ਼ਾਮਲ ਹੈ। ਇਹ ਤਿੰਨੇ ਹਨ 21 ਸਾਲਾ ਗੁਰਨਾਮ ਸਿੰਘ, 18 ਸਾਲਾ ਗੁਰਲਾਲ ਸਿੰਘ ਅਤੇ 18 ਸਾਲਾ ਬਲਵਿੰਦਰ ਸਿੰਘ।

ਸ੍ਰੀ ਭਿੰਡਰ ਨੇ ਦੱਸਿਆ ਕਿ ਪੁਲਸ ਨੇ ਗੁਰਨਾਮ ਸਿੰਘ ਕੋਲੋਂ ਇਕ 303 ਦਾ ਪਿਸਤੌਲ ਅਤੇ ਚਾਰ ਅਣਚਲੇ ਤੇ ਇਕ ਚਲਿਆ ਕਾਰਤੂਸ ਕਾਬੂ ਕੀਤਾ ਹੈ ਜਦੋਂ ਕਿ ਗੁਰਲਾਲ ਸਿੰਘ ਪਾਸੋਂ 1.32 ਬੋਰ ਦਾ ਰਿਵਾਲਵਰ ਕਾਬੂ ਕੀਤਾ ਗਿਆ ਹੈ। ਤੀਜੇ ਦੋਸ਼ੀ ਕੋਲ ਕੋਈ ਹਥਿਆਰ ਨਹੀਂ ਸੀ ਪਰ ਸਾਫ ਹੈ ਕਿ ਉਸ ਕੋਲ ਹੈਂਡਗਰਨੇਡ ਸੀ ਜਿਹੜਾ ਉਸ ਨੇ ਪਿਛਾ ਕਰਦੇ ਪਿੰਡ ਦੇ ਲੋਕਾਂ ਨੂੰ ਡਰਾਉਣ ਲਈ ਸੁੱਟਿਆ ਸੀ।

ਸ੍ਰੀ ਭਿੰਡਰ ਨੇ ਕਿਹਾ ਕਿ ਮੁਢਲੀ ਪੁਛ ਗਿਛ ਤੋਂ ਪਤਾ ਲਗਦਾ ਹੈ ਕਿ ਤਿੰਨਾਂ ਦੋਸ਼ੀਆਂ ਨੂੰ ਹਰਿਮੰਦਰ ਸਾਹਿਬ ਕੰਪਲੈਕਸ ਵਿਚ ਸੰਧੂ ਨੇ ਹਥਿਆਰ ਦਿਤੇ ਅਤੇ ਸਰਵ ਜਨਕ ਸੰਪਤੀ ਨੂੰ ਸਾੜਨ ਦੀਆਂ ਹਦਾਇਤਾਂ ਦਿਤੀਆਂ। ਸ੍ਰੀ ਭਿੰਡਰ ਕਿਹਾ ਕਿ ਹਰਮਿੰਦਰ ਸੰਧੂ ਨੇ ਉਸ ਵਿਰੁਧ ਅਨੇਕਾਂ ਕੇਸ ਦਰਜ ਹੋਣ ਤੋਂ ਬਾਅਦ ਹਰਿਮੰਦਰ ਸਾਹਿਬ ਕੰਪਲੈਕਸ ਵਿਚ ਪਨਾਹ ਲੈ ਰੱਖੀ ਹੈ। ਸੰਧੂ ਨੇ ਇਸ ਕੇਸ ਵਿਚ ਸਾਜ਼ਿਸ਼ ਘੜਨ ਅਤੇ ਗੈਰ-ਕਾਨੂੰਨੀ ਹਥਿਆਰਾਂ ਦੀ ਸਪਲਾਈ ਕਰਨ ਦੇ ਦੋਸ਼ ਵਿਚ ਸ਼ਾਮਲ ਕੀਤਾ ਜਾਵੇਗਾ।


# S. & S. INSURANCE

**Two Locations to Serve You**

**6658 Main St. Vancouver, B.C.**

**5936 Fraser St. Vancouver, B.C.**

ਇਹਨਾਂ ਕੋਲੋਂ ਕਾਰਾਂ, ਟਰੱਕਾ, ਵੈੱਨਾਂ, ਪਿਕਅੱਪਾਂ ਦੀ ਇਨਸ਼ੋਰੈਂਸ ਕਰਾਉਣ ਲਈ ਚਲੇ ਆਓ।

ਪਹਿਲਾਂ ਇਹਨਾਂ ਨਾਲ ਗੱਲ ਜ਼ਰੂਰ ਕਰ ਲਓ। ਕਿਸੇ ਵੀ ਤਰ੍ਹਾਂ ਦੀ ਇਨਸ਼ੋਰੈਂਸ ਕਰਵਾਉਣ ਤੋਂ

ਅਸੀਂ ਤੁਹਾਨੂੰ ਫਾਇਨਾਨਸ ਵੀ ਦਿਵਾ ਸਕਦੇ ਹਾਂ(On Approved Credit)

15 ਫਰਵਰੀ ਤੋਂ 29 ਫਰਵਰੀ ਤੱਕ - 9.30 ਵਜੇ ਸਵੇਰ ਤੋਂ ਰਾਤ ਦੇ 9 ਵਜੇ ਤੱਕ ਦਫਤਰ ਐਤਵਾਰ ਵੀ ਖੁਲ੍ਹੇ ਰਹਿਣਗੇ



ਦਲਜੀਤ ਸਿੰਘ ਸਿੱਧੂ

**FRASER St.** **Ph. 321-6442**

Autoplan
1984 INSURANCE & LICENCE

**Ph.** 324-2311
**324-5711**



ਹਰਦੇਵ ਗਿੱਲ

(ਪੰਨਾ 6 ਦੀ ਬਾਕੀ)

ਜੋ ਇਨ੍ਹਾਂ ਕਾਰਵਾਈਆਂ ਤੋਂ ਦੇਸ਼ ਨੂੰ ਬਚਾ ਨਹੀਂ ਸਕਦੀ। ਉਂਜ ਪ੍ਰਧਾਨ ਮੰਤਰੀ ਨੂੰ ਦੇਸ਼ ਦੇ ਹਰ ਇਕ ਫਸਾਦ ਵਿਚ ਬਦੇਸ਼ੀ ਹੱਥ ਨਜ਼ਰ ਆ ਜਾਂਦਾ ਹੈ। ਪੰਜਾਬ ਤੇ ਚਲੋ ਸਰਹੱਦੀ ਸੂਬਾ ਹੈ। ਮੁਰਾਦਾਬਾਦ ਵੀ ਫਸਾਦ ਹੋਏ ਤਾਂ ਵੀ ਉਸ ਵਿਚ ਬਦੇਸ਼ੀ ਹੱਥ ਨਜ਼ਰ ਆ ਗਿਆ। ਜੇ ਬਦੇਸ਼ੀ ਹੱਥ ਹੈ ਤਾਂ ਉਸ ਨੂੰ ਵੇਲੇ ਸਿਰ ਕੰਟਰੋਲ ਕਿਉਂ ਨਹੀਂ ਕੀਤਾ ਜਾਂਦਾ। ਜੇ ਬਦੇਸ਼ੀ ਤਾਕਤਾਂ ਮੁਰਾਦਾਬਾਦ ਫਸਾਦ ਕਰਵਾ ਸਕਦੀਆਂ ਹਨ ਤਾਂ ਉਹ ਦਿੱਲੀ ਵੀ ਕੁਝ ਕਰਵਾ ਕੇ ਹਕੂਮਤ ਉਤੇ ਵੀ ਕਬਜ਼ਾ ਕਰ ਸਕਦੀਆਂ ਹਨ।

**ਪ੍ਰਸ਼ਨ :** ਪੰਜਾਬ ਵਿਚ ਹਿਸਕ ਕਾਰਵਾਈਆਂ ਤੇ ਫਿਰਕੂ ਤਨਾਓ ਕਿਸ ਤਰ੍ਹਾਂ ਘਟ ਸਕਦਾ ਹੈ ?

**ਉੱਤਰ :** ਪੰਜਾਬ ਵਿਚ ਇਤਨਾ ਫਿਰਕੂ ਤਨਾਓ ਹੈ ਨਹੀਂ ਜਿਤਨਾ ਅਖਬਾਰਾਂ ਵਿਚ ਰੌਲਾ ਪਿਆ ਹੋਇਆ ਹੈ। ਮੇਰੇ ਇਕ ਨਜ਼ਦੀਕੀ ਦੀ ਜਲੰਧਰ ਵਿਚ ਬਦਲੀ ਹੋ ਗਈ ਤੇ ਉਹ ਮੇਰੇ ਕੋਲ ਆ ਕੇ ਕਹਿਣ ਲੱਗਾ ਕਿ ਪੰਜਾਬ ਦੇ ਹਾਲਾਤ ਬਹੁਤ ਖਰਾਬ ਹਨ ਮੇਰੀ ਉਥੋਂ ਬਦਲੀ ਕਰਵਾ ਦਿਓ। ਮੈਂ ਉਸ ਨੂੰ ਆਖਿਆ ਕਿ ਤੂੰ ਜਲੰਧਰ ਜਾ ਕੇ ਵੇਖ ਤੇ ਸਹੀ ਜੇ ਤੈਨੂੰ ਹਾਲਾਤ ਠੀਕ ਨਾ ਲੱਗੇ ਤਾਂ ਕੋਈ ਨਹੀਂ ਮੈਂ ਤੇਰੀ ਫਿਰ ਬਦਲੀ ਕਰਵਾ ਦੇਵਾਂਗਾ। ਉਹ ਹੁਣ ਦਿਵਾਲੀ ਦੀਆਂ ਛੁੱਟੀਆਂ ਵਿਚ ਆਇਆ ਤੇ ਕਹਿਣ ਲੱਗਾ ਕਿ ਐਵੇਂ ਅਖਬਾਰਾਂ ਵਿਚ ਬਹੁਤ ਰੌਲਾ ਹੈ ਉਥੇ ਤੇ ਕੁਝ ਪਤਾ ਹੀ ਨਹੀਂ ਲੱਗਦਾ। ਉਸੇ ਤਰ੍ਹਾਂ ਸਿੱਖ ਹਿੰਦੂ ਇਕੱਠੇ ਗਲੀਆਂ ਬਜ਼ਾਰਾਂ ਵਿਚ ਰਹਿੰਦੇ ਹਨ। ਆਪਸ ਵਿਚ ਮਿਲਦੇ ਹਨ। ਐਵੇਂ ਅਖਬਾਰਾਂ ਵਾਲਿਆਂ ਰੌਲਾ ਪਾਇਆ ਹੋਇਆ ਹੈ। ਮੈਂ ਓਥੇ ਹੀ ਠੀਕ ਹਾਂ ਮੇਰੀ ਤਬਦੀਲੀ ਕਰਵਾਉਣ ਦੀ ਕੋਈ ਲੋੜ ਨਹੀਂ।

ਪੰਜਾਬ ਦੀਆਂ ਹਿਸਕ ਕਾਰਵਾਈਆਂ ਦਾ ਹਿੰਦੂ ਸਿੱਖਾਂ ਦੇ ਫ਼ਿਰਕੂ ਤਨਾਅ ਨਾਲ ਕੋਈ ਸੰਬੰਧ ਨਹੀਂ। ਅਤਿਵਾਦੀਆਂ ਨੇ ਆਪਣੀ ਹੀ ਤੇ ਆਪਣੇ ਹੀ ਕਾਰਨਾਂ ਕਰਕੇ ਹਿੱਟ ਲਿਸਟ ਬਣਾਈ ਹੋਈ ਹੈ। ਉਸ ਅਨੁਸਾਰ ਉਹ ਕਾਰਵਾਈ ਕਰੀ ਜਾਂਦੇ ਹਨ। ਉਨ੍ਹਾਂ ਦੀ ਹਿੱਟ ਲਿਸਟ ਵਿਚ ਸਿੱਖ ਤੇ ਹਿੰਦੂ ਅਫ਼ਸਰਾਂ ਵਿਚ ਕੋਈ ਅੰਤਰ ਨਹੀਂ। ਉਨ੍ਹਾਂ ਨੇ ਸਿੱਖ ਪੁਲੀਸ ਅਫ਼ਸਰ ਵੀ ਮਾਰੇ ਹਨ ਤੇ ਹਿੰਦੂ ਪੁਲੀਸ ਅਫਸਰ ਵੀ ਮਾਰੇ ਹਨ।

ਸਿਰਫ ਇਕ ਬੱਸ ਵਾਲੀ ਐਸੀ ਘਟਨਾ ਹੈ ਜਿਸ ਵਿਚ ਹਿੰਦੂਆਂ ਨੂੰ ਚੁਣ ਕੇ ਮਾਰਿਆ ਗਿਆ। ਐਸਾ ਕੋਈ ਸਿੱਖ ਤੇ ਕਰ ਨਹੀਂ ਸਕਦਾ ਕਿਉਂਕਿ ਸਿੱਖਾਂ ਨੂੰ ਪਤਾ ਹੈ ਕਿ ਉਨ੍ਹਾਂ ਦੇ ਭਰਾ ਬਾਹਰਲੇ ਸੂਬਿਆਂ ਵਿਚ ਖਿਲਰੇ ਹੋਏ ਹਨ ਜਿਥੇ ਉਨ੍ਹਾਂ ਦੇ ਖਿਲਾਫ਼ ਜਜ਼ਬਾ ਭੜਕ ਸਕਦਾ ਹੈ। ਤੇ ਐਸਾ ਹੋਇਆ ਵੀ। ਉਸ ਦਾ ਰੀਐਕਸ਼ਨ ਮੈਨੂੰ ਮੇਰਠ ਦੇ ਸਿੱਖਾਂ ਨੇ ਦੱਸਿਆ ਕਿ ਉਥੇ ਵੀ ਹੋਇਆ। ਤਨਾਅ ਜ਼ਰੂਰ ਹੋਇਆ ਭਾਵੇਂ ਕੋਈ ਅਣਸੁਖਾਵੀਂ ਘਟਨਾ ਨਹੀਂ ਹੋਈ। ਹਰਿਆਣੇ ਵਿਚ ਵੀ ਹੋਇਆ। ਹਰਿਆਣੇ ਵਿਚ ਵੀ ਜੋ ਹੋਇਆ ਗਲਤ ਹੋਇਆ। ਸਰਕਾਰ ਨੂੰ ਤੁਰੰਤ ਇਸ ਉਤੇ ਕੰਟਰੋਲ ਕਰਨਾ ਚਾਹੀਦਾ ਸੀ।

**ਪ੍ਰਸ਼ਨ :** ਆਪ ਦੀ ਇਸ ਬਾਰੇ ਕੀ ਰਾਏ ਹੈ ਕਿ ਸੈਂਟਰ ਸਟੇਟ ਸੰਬੰਧਾਂ ਉਤੇ ਮੁੜ ਕੇ ਵਿਚਾਰ ਹੋਣੀ ਚਾਹੀਦੀ ਹੈ ਤੇ ਸੂਬਿਆਂ ਨੂੰ ਅੰਦਰਲੀ ਖੁਦ ਮੁਖਤਿਆਰੀ ਮਿਲਣੀ ਚਾਹੀਦੀ ਹੈ ਤੇ ਇਸ ਲਈ ਵਿਧਾਨ ਵਿਚ ਜ਼ਰੂਰੀ ਸੋਧ ਹੋਣੀ ਚਾਹੀਦੀ ਹੈ ?

**ਉੱਤਰ :** ਜਿਤਨੇ ਵਿਧਾਨ ਅਨੁਸਾਰ ਸੂਬਿਆਂ ਨੂੰ ਅਧਿਕਾਰ ਹਨ ਸਭ ਤੋਂ ਪਹਿਲਾਂ ਤੇ ਉਨ੍ਹਾਂ ਨੂੰ ਲਾਗੂ ਕਰਵਾਉਣ ਦੀ ਕੋਸ਼ਿਸ਼ ਹੋਣੀ ਚਾਹੀਦੀ ਹੈ। ਵਿਧਾਨ ਅਨੁਸਾਰ ਸੂਬਿਆਂ ਨੂੰ ਕਾਫੀ ਅਧਿਕਾਰ ਹਨ ਜੋ ਕਿ ਕੇਂਦਰੀ ਸਰਕਾਰ ਨੇ ਧੱਕੇ ਨਾਲ ਖੋਹੇ ਹੋਏ ਹਨ। ਵਿਧਾਨ ਵਿਚ ਜੋ ਸਟੇਟ ਸਬਜੈਕਟ ਦੀ ਲਿਸਟ ਹੈ, ਸੂਬਿਆਂ ਕੋਲ ਤੇ ਉਤਨੇ ਵੀ ਅਧਿਕਾਰ ਨਹੀਂ। ਇੰਡਸਟ੍ਰੀ, ਖੇਤੀ-ਬਾੜੀ, ਵਿਦਿਆ, ਸਿੰਚਾਈ ਤੇ ਬਿਜਲੀ ਆਦਿ ਸਾਰੇ ਮਹਿਕਮੇ ਸਟੇਟ ਦੇ ਅਧਿਕਾਰ ਖੇਤਰ ਵਿਚ ਆਉਂਦੇ ਹਨ। ਕੇਂਦਰੀ ਸਰਕਾਰ ਨੇ ਧੱਕੇ ਨਾਲ ਹੀ ਇਨ੍ਹਾਂ ਉਤੇ ਕਬਜ਼ਾ ਕੀਤਾ ਹੋਇਆ ਹੈ।

ਸੂਬਿਆਂ ਨੂੰ ਵੱਧ ਅਧਿਕਾਰ ਦੇਣ ਦਾ ਰੌਲਾ ਸਿਰਫ ਹੁਣ ਹੀ ਨਹੀਂ ਪਿਆ ਜਦੋਂ ਕਿ ਗੈਰ ਕਾਂਗਰਸੀ ਸਰਕਾਰਾਂ ਕੁਝ ਸੂਬਿਆਂ ਵਿਚ ਹੋਂਦ ਵਿਚ ਆਈਆਂ ਹਨ। ਇਹ ਰੌਲਾ ਉਸ ਵਕਤ ਵੀ ਸੀ ਜਦੋਂ ਕਿ ਸਾਰੇ ਸੂਬਿਆਂ ਵਿਚ ਕਾਂਗਰਸ ਦੀਆਂ ਹੀ ਵਜ਼ਾਰਤਾਂ ਹੁੰਦੀਆਂ ਸਨ। ਜੋ ਵਿਧਾਨ ਅਨੁਸਾਰ ਸੂਬਿਆਂ ਨੂੰ ਅਧਿਕਾਰ ਹਨ ਜੇ ਉਹ ਦੇ ਦਿੱਤੇ ਜਾਣ ਤਾਂ ਝਗੜਾ ਸਿਰਫ ਆਰਥਿਕ ਅਖਤਿਆਰਾਂ (Financial Powers) ਦਾ ਰਹਿ ਜਾਂਦਾ ਹੈ। ਮੈਂ ਤੇ ਅੱਗੇ ਵੀ ਤਜਵੀਜ਼ ਦਿੱਤੀ ਸੀ ਕਿ ਜਿਸ ਤਰ੍ਹਾਂ ਇਨਕਮ ਟੈਕਸ ਆਮਦਨ ਦੇ ਹਿਸਾਬ ਸਿਰ ਸੂਬਿਆਂ ਵਿਚ ਵੰਡਿਆ ਜਾਂਦਾ ਹੈ ਜੇ ਉਸੇ ਤਰ੍ਹਾਂ ਐਕਸਾਈਜ਼ ਡਿਊਟੀ, ਵੈਲਥ ਟੈਕਸ ਤੇ ਕਾਰਪੋਰੇਟ ਟੈਕਸ ਵੀ ਆਮਦਨ ਦੇ ਹਿਸਾਬ ਸਿਰ ਸੂਬਿਆਂ ਵਿਚ ਵੰਡ ਦਿੱਤੇ ਜਾਣ ਤਾਂ ਬਹੁਤਾ ਝਗੜਾ ਨਹੀਂ ਰਹਿ ਜਾਵੇਗਾ। ਜੇ ਕੋਈ ਝਗੜਾ ਰਹਿ ਗਿਆ ਤਾਂ ਸਰਕਾਰੀਆ ਕਮਿਸ਼ਨ ਬਣ ਗਿਆ ਜੋ ਕਿ ਸੂਬਾਈ ਤੇ ਕੇਂਦਰੀ ਸੰਬੰਧਾਂ ਬਾਰੇ ਘੋਖ ਕਰਕੇ ਕੋਈ ਨਿਰਣਾ ਦੇਵੇਗਾ।

**ਪ੍ਰਸ਼ਨ :** ਕੀ ਸਰਕਾਰੀਆ ਕਮਿਸ਼ਨ ਇੰਦਰਾ ਗਾਂਧੀ ਦੀ ਮਰਜ਼ੀ ਅਨੁਸਾਰ ਆਪਣਾ ਫੈਸਲਾ ਨਹੀਂ ਦੇਵੇਗਾ ? ਤੇ ਜੇ ਉਹ ਕੋਈ ਫੈਸਲਾ ਦੇਵੇ ਵੀ ਤਾਂ ਇਹ ਕੀ ਗਰੰਟੀ ਹੈ ਕਿ ਉਸ ਫੈਸਲੇ ਉਤੇ ਅਮਲ ਕੀਤਾ ਜਾਵੇਗਾ, ਅੱਗੇ ਵੀ ਤੇ ਕਈ ਕਮਿਸ਼ਨ ਬਣੇ ਹਨ। ਇਕ ਘੱਟ ਗਿਣਤੀਆਂ ਦਾ ਕਮਿਸ਼ਨ ਹੈ। ਇਕ ਪਛੜੀਆ ਸ਼੍ਰੇਣੀਆਂ ਦਾ ਕਮਿਸ਼ਨ ਹੈ। ਉਨ੍ਹਾਂ ਦੀਆਂ ਸਿਫਾਰਸ਼ਾਂ ਕਦੀ ਲਾਗੂ ਤੇ ਹੋਈਆਂ ਨਹੀਂ। ਤੁਹਾਡਾ ਇਸ ਬਾਰੇ ਕੀ ਵਿਚਾਰ ਹੈ ?

**ਉੱਤਰ :** ਮੇਰਾ ਖਿਆਲ ਨਹੀਂ ਕਿ ਸਰਕਾਰੀਆ ਕਮਿਸ਼ਨ ਇੰਦਰਾ ਗਾਂਧੀ ਨੂੰ ਪੁੱਛ ਕੇ ਆਪਣਾ ਕੋਈ ਨਿਰਨਾ ਦੇਵੇਗਾ। ਸੂਬਾਈ ਸਰਕਾਰਾਂ ਲਾਇਕ ਤੋਂ ਲਾਇਕ ਵਕੀਲਾਂ ਕੋਲੋਂ ਆਪਣਾ ਪੱਖ ਪੇਸ਼ ਕਰਵਾਉਣਗੀਆਂ ਤੇ ਏਹੋ ਜੇਹੇ ਹਾਲਤ ਵਿਚ ਫੈਸਲੇ ਆਮ ਤੌਰ ਉਤੇ ਠੀਕ ਹੀ ਕੀਤੇ ਜਾਂਦੇ ਹਨ। ਬਾਕੀ ਦੇ ਕਮਿਸ਼ਨਾਂ ਤੇ ਇਸ ਕਮਿਸ਼ਨ ਵਿਚ ਫ਼ਰਕ ਹੈ। ਬਾਕੀ ਦੇ ਕਮਿਸ਼ਨਾਂ ਵਿਚ ਤੇ ਸੂਬਿਆਂ ਦੀਆਂ ਸਰਕਾਰਾਂ ਆ ਜਾਂਦੀਆਂ ਹਨ। ਉਨ੍ਹਾਂ ਦੀ ਮਰਜ਼ੀ ਹੈ ਉਹ ਕਿਸੇ ਕਮਿਸ਼ਨ ਦੀ ਸਿਫਾਰਸ਼ ਮੰਨਣ ਯਾ ਨਾ ਮੰਨਣ। ਇਸ ਕਮਿਸ਼ਨ ਦਾ ਸਿੱਧਾ ਕੇਂਦਰੀ ਸਰਕਾਰ ਨਾਲ ਸੰਬੰਧ ਹੈ ਤੇ ਜੋ ਸਿਫਾਰਸ਼ਾਂ ਸਰਕਾਰੀਆ ਕਮਿਸ਼ਨ ਕਰੇਗਾ ਉਸਨੂੰ ਆਪੇ ਹੀ ਸੂਬਿਆਂ ਦੀਆਂ ਸਰਕਾਰਾਂ ਮੰਨਵਾਉਣਗੀਆਂ। ਏਹੋ ਜੇਹੇ ਕਮਿਸ਼ਨ ਦੀਆਂ ਸਿਫਾਰਸ਼ਾਂ ਤੋਂ ਕੇਂਦਰੀ ਸਰਕਾਰ ਲਈ ਲਾਂਭੇ ਜਾਣਾ ਮੁਸ਼ਕਲ ਹੁੰਦਾ ਹੈ।

**ਪ੍ਰਸ਼ਨ :** ਕੀ ਜੰਤਾ ਸਰਕਾਰ ਨੇ ਇੰਦਰਾ ਗਾਂਧੀ ਨੂੰ ਮੁੜ ਤਾਕਤ ਵਿਚ ਲਿਆਉਣ ਵਿਚ ਮਦਦ ਨਹੀਂ ਕੀਤੀ ?

**ਉੱਤਰ :** ਚੋਧਰੀ ਚਰਨ ਸਿੰਘ ਨੇ ਖਾਹ-ਮ-ਖਾਹ ਇੰਦਰਾ ਗਾਂਧੀ ਨੂੰ ਗ੍ਰਿਫਤਾਰ ਕਰਾਕੇ ਹੀਰੋ ਬਣਾ ਦਿੱਤਾ ਸੀ। ਜਦੋਂ ਕਦੀ ਵੀ ਕੈਬਨਿਟ ਵਿਚ ਇੰਦਰਾ ਗਾਂਧੀ ਦਾ ਜ਼ਿਕਰ ਆਉਂਦਾ ਸੀ ਤਾਂ ਏਹੋ ਕਿਹਾ ਜਾਂਦਾ ਸੀ ਕਿ ਜਦੋਂ ਤਕ ਕੋਈ ਪੱਕਾ ਸਬੂਤ ਨਾ ਹੋਵੇ ਇੰਦਰਾ ਗਾਂਧੀ ਨੂੰ ਹੱਥ ਨਾ ਪਾਇਆ ਜਾਵੇ। ਮੈਂ ਇੰਦਰਾ ਗਾਂਧੀ ਨੂੰ ਗ੍ਰਿਫਤਾਰ ਕਰਨ ਦੀ ਜਦੋਂ ਵੀ ਮੁਖਾਲਫਿਤ ਕਰਦਾ ਸੀ ਤਾਂ ਮੈਨੂੰ ਏਹੋ ਹੀ ਕਿਹਾ ਜਾਂਦਾ ਸੀ ਕਿ ਤੂੰ ਤੇ ਐਮਰਜੈਂਸੀ ਵੇਲੇ ਉਸਦੇ ਨਾਲ ਸੀ। ਠੀਕ ਹੈ, ਮੈਂ ਸ਼ੁਰੂ ਵਿਚ ਥੋਹੜੀ ਦੇਰ ਲਈ ਐਮਰਜੈਂਸੀ ਲਾਉਣ ਦੇ ਹੱਕ ਵਿਚ ਸੀ। ਬਾਅਦ ਵਿਚ ਮੈਂ ਐਮਰਜੈਂਸੀ ਕਰਕੇ ਹੀ ਅਸਤੀਫਾ ਦਿੱਤਾ ਸੀ।

ਪਰ ਮੈਨੂੰ ਤੇ ਇੰਦਰਾ ਗਾਂਧੀ ਨੂੰ ਗ੍ਰਿਫਤਾਰ ਕਰਨ ਤੋਂ ਬਾਅਦ ਪਤਾ ਲੱਗਾ ਕਿ ਗ੍ਰਿਫਤਾਰੀ ਹੋ ਚੁੱਕੀ ਹੈ ਤੇ ਫਿਰ ਕੋਰਟ ਨੇ ਇਹ ਕਹਿ ਦਿੱਤਾ ਕਿ ਜੇ ਜਮਾਨਤ ਤੇ ਜਾਣਾ ਚਾਹੁੰਦੀ ਹੋਵੇ ਤੇ ਚਲੀ ਜਾਓ। ਸਾਡੇ ਦੇਸ਼ ਦੇ ਪਛੜੇ ਹੋਏ ਲੋਕ ਜੇਹੋ ਜੇਹੇ ਹਨ ਉਹ ਤੇ ਹਨ ਹੀ। ਉਨ੍ਹਾਂ ਵਿਚ ਪ੍ਰਚਾਰ ਹੋ ਗਿਆ ਕਿ ਜਿਸ ਤਰ੍ਹਾਂ ਕ੍ਰਿਸ਼ਨ ਜੀ ਕੰਸ ਦੀ ਜੇਲ੍ਹ ਵਿਚੋਂ ਨਿਕਲ ਆਏ ਸਨ ਉਸੇ ਤਰ੍ਹਾਂ ਇੰਦਰਾ ਮਾਤਾ ਜੇਲ੍ਹ ਵਿਚੋਂ ਨਿਕਲ ਆਈ ਹੈ। ਇਹ ਇੰਦਰਾ ਗਾਂਧੀ ਜਦੋਂ ਚੁਣ ਕੇ ਲੋਕ ਸਭਾ ਦੀ ਮੈਂਬਰ ਬਣ ਗਈ ਤਾਂ ਉਸਨੂੰ ਕੱਢਣ ਨਾਲ ਵੀ ਲੋਕਾਂ ਵਿਚ ਉਸ ਲਈ ਹਮਦਰਦੀ ਹੋ ਗਈ।

**ਪ੍ਰਸ਼ਨ :** ਜੇ ਇੰਦਰਾ ਗਾਂਧੀ, ਜਦੋਂ ਉਸ ਦੇ ਖਿਲਾਫ ਹਾਈ ਕੋਰਟ ਨੇ ਫੈਸਲਾ ਕਰ ਦਿੱਤਾ ਸੀ, ਅਸਤੀਫਾ ਦੇ ਦਿੰਦੀ ਤਾਂ ਚੰਗੀ ਨਾ ਰਹਿੰਦੀ ?

**ਉੱਤਰ :** ਇੰਦਰਾ ਗਾਂਧੀ ਉਸ ਵਕਤ ਅਸਤੀਫਾ ਦੇਣ ਵੀ ਲੱਗੀ ਸੀ ਤੇ ਫੈਸਲਾ ਉਸ ਨੇ ਇਹ ਕਰਨਾ ਸੀ ਕਿ ਪ੍ਰਧਾਨ ਮੰਤਰੀ ਮੈਨੂੰ ਬਣਾਇਆ ਜਾਵੇ ਕਿ ਸ: ਸਵਰਨ ਸਿੰਘ ਨੂੰ, ਬਾਅਦ ਵਿਚ ਸਾਥੀਆਂ ਦੇ ਪ੍ਰਭਾਵ ਥੱਲੇ ਉਸ ਨੇ ਫੈਸਲਾ ਬਦਲਿਆ। ਐਮਰਜੈਂਸੀ ਲਾਈ ਜੋ ਕਿ ਉਨ੍ਹਾਂ ਹਾਲਾਤ ਵਿਚ ਕੋਈ ਗਲਤ ਵੀ ਨਹੀਂ ਸੀ ਤੇ ਬਾਅਦ ਵਿਚ ਸੁਪਰੀਮ ਕੋਰਟ ਕੋਲੋਂ ਫੈਸਲਾ ਠੀਕ ਵੀ ਕਰਵਾ ਲਿਆ।

(ਸੰਤ ਸਿਪਾਹੀ ਦੇ ਧੰਨਵਾਦ ਸਾਹਿਤ)

# ਚੰਡੀਗੜ੍ਹ

ਚੰਡੀਗੜ੍ਹ,
—ਦੇਸ਼ ਦੇ ਸਭ ਤੋਂ ਛੋਟੇ ਪਾਰਲੀਮਾਨੀ ਹਲਕੇ ਚੰਡੀਗੜ੍ਹ 'ਤੇ ਕਈ ਕੌਮੀ ਲੀਡਰਾਂ ਦੀਆਂ ਨਜ਼ਰਾਂ ਲੱਗੀਆਂ ਹੋਈਆਂ ਹਨ। ਭਾਵੇਂ ਲੋਕ ਸਭਾ ਦੀਆਂ ਚੋਣਾਂ 1985 ਵਿਚ ਹੋਣੀਆਂ ਹਨ, ਪ੍ਰੰਤੂ ਸਾਲ 1984 ਨੂੰ ਚੋਣ ਵਰ੍ਹਾ ਕਰਾਰ ਦਿਤਾ ਜਾ ਰਿਹਾ ਹੈ। ਇਸੇ ਲਈ ਕੁਝ ਨੇਤਾਵਾਂ ਨੇ ਇਸ ਸਾਲ ਦੇ ਸ਼ੁਰੂ ਤੋਂ ਹੀ ਚੋਣ ਤਿਆਰੀਆਂ ਸ਼ੁਰੂ ਕਰ ਦਿਤੀਆਂ ਹਨ।

ਕੇਂਦਰੀ ਪ੍ਰਦੇਸ਼ ਬਣਨ ਉਪਰੰਤ ਜਦੋਂ ਤੋਂ ਚੰਡੀਗੜ੍ਹ ਇਕ ਵਖਰਾ ਸੰਸਦੀ ਹਲਕਾ ਬਣਿਆ ਹੈ, ਉਸੇ ਸਮੇਂ ਤੋਂ ਇਸ ਦੀ ਇਕ ਵੱਡੀ ਤੇ ਵਿਸ਼ੇਸ਼ ਮਹੱਤਤਾ ਇਹ ਰਹੀ ਹੈ ਕਿ ਕੋਈ ਵੀ ਉਮੀਦਵਾਰ, ਭਾਵੇਂ ਉਹ ਸੱਤਾ-ਧਾਰੀ ਜਾਂ ਵਿਰੋਧੀ ਧਿਰ ਦਾ, ਇਕ ਵਾਰ ਸਫਲ ਹੋਣ ਮਗਰੋਂ ਦੁਬਾਰਾ ਇਸ ਹਲਕੇ ਤੋਂ ਨਹੀਂ ਚੁਣਿਆ ਗਿਆ।

## ਗ੍ਰਿਫਤਾਰ

ਬਠਿੰਡਾ, (ਵਿਸ਼ੇਸ਼ ਪ੍ਰਤੀ-ਨਿਧ)—ਸ਼ਰੋਮਣੀ ਅਕਾਲੀ ਦਲ ਦੀ ਯੁਵਾ ਇਕਾਈ ਦੇ ਸਕੱਤਰ ਗੁਰਕ੍ਰਿਪਾਲ ਸਿੰਘ ਨੂੰ ਸਥਾਨਕ ਕੋਤਵਾਲੀ ਪੁਲੀਸ ਨੇ ਕੱਲ੍ਹ ਗ੍ਰਿਫਤਾਰ ਕਰ ਲਿਆ। ਪਤਾ ਲਗਿਆ ਹੈ ਕਿ ਇਹ ਗ੍ਰਿਫਤਾਰੀ ਸਾਵਧਾਨੀ ਵਜੋਂ ਕੀਤੀ ਗਈ।


## ਇੰਟਰਨੈਸ਼ਨਲ ਪੰਜਾਬੀ ਲਿਟਰੇਰੀ ਟਰੱਸਟ ਵਲੋਂ ਪ੍ਰਕਾਸ਼ਤ
## ਸੋਹਨ ਸਿੰਘ ਜੋਸ਼
### (ਸੰਪਾਦਕ-ਗੁਰਬਚਨ ਸਿੰਘ ਭੁੱਲਰ)

ਅੰਤਰ-ਰਾਸ਼ਟਰੀ ਸਾਹਿਤ-ਸ਼੍ਰੋਮਣੀ ਮਨਜੀਤ ਮੈਮੋਰੀਅਲ ਐਵਾਰਡ ਵਿਜੇਤਾ ਸ. ਸੋਹਨ ਸਿੰਘ ਜੋਸ਼ ਹੋਰਾਂ ਦੇ ਜੀਵਨ ਦੇ ਹਰ ਪੱਖ ਤੇ ਚਾਨਣਾ ਪਾਉਂਦੀ ਪੁਸਤਕ ਜਿਸਦੇ ਛਪਣ ਤੇ ਕਈ ਰੀਵੀਊਕਾਰਾਂ ਇਹ ਕਿਹਾ ਹੈ ਕਿ ਇਹ ਪੁਸਤਕ ਉਨ੍ਹਾਂ ਦੀ ਸ੍ਵੈ-ਜੀਵਨੀ ਦੀ ਪੂਰਤੀ ਵੀ ਕਰਦੀ ਹੈ।

ਕੀਮਤ : 2 ਡਾਲਰ


ਰਾਤ ਦਾ ਹਾਣ
ਵੀ ਕੋਈ ਹਾਣ ਹੁੰਦੈ
ਇਹ ਤਾਂ
ਕਾਲਖਾਂ ਹੈ ਲਾਣ ਹੁੰਦਾ

ਨਾ ਮੈਨੂੰ
ਭਰਮ ਦੀ ਪੱਟੀ ਪੜ੍ਹਾਓ

—ਹਟੋ, ਜਾਓ
ਤੁਹਾਡੇ ਲੋਭ ਨੂੰ ਮੈਂ ਜਾਣਦਾ ਹਾਂ
ਸਭ ਦਸਤਕਾਂ ਪਹਿਚਾਣਦਾ ਹਾਂ
ਮੈਂ ਅਜ ਕਲ੍ਹ
ਦੋਸਤੀ ਵੀ ਛਾਣਦਾ ਹਾਂ


## 'ਕੈਨੇਡਾ ਦਰਪਣ' ਦੇ ਚੰਦੇ ਦਾ ਫ਼ਾਰਮ
## SUBSCRIPTION FORM

To

The Canada Darpan
P.O.Box. 67344,STN.'O'
VANCOUVER,B.C.
CANADA V5W 3T1

Phone 321-6360

I am enclosing a ☐ cheque ☐ M.O. ☐ Draft as my Subscription for the year(s).......I may be sent the newspaper at the following adress :

Name..........................................................
Address......................................................
City............................................................
Province.....................................................
Postal code.................................................
PHONE.

One Year ..............................20 dollars
Two Year ..............................35 dollars
Three year ............................50 dollars
Life membership..................200 dollars
ASIA.....................................80 dollars(a year)
U.S.A. ..................................25 dollars(a year)
Europe .................................80 dollars(a year)
Africa ..................................80 dollars(a year)



**ਐਬਟਸਫੋਰਡ** ਵਿਚ ਹਰ ਕਿਸਮ ਦੀਆਂ ਨਵੀਆਂ ਜਾਂ ਪੁਰਾਣੀਆਂ ਕਾਰਾਂ ਖਰੀਦਣ ਲਈ, ਵੈਨਾਂ ਜਾਂ ਪਿਕ-ਅੱਪ ਆਦਿ ਲੈਣ ਲਈ — ਐਬਟਸਫੋਰਡ ਵਿਚ ਇਕੋ ਨਾਂ ਯਾਦ ਰੱਖੋ

## ਲਖਬੀਰ(ਲੱਕੀ) ਗੱਖੜ

Off. (604)859-5264
Res. (604)853-1928
Direct 534-7471

ਪੋਂਟੀਐਕ, ਬਿਊਕ, ਜੀ. ਐਮ. ਸੀ. Pontaic : Buick : GMC

**HALL PONTIAC BUICK Ltd.**

32611, South Fraserway, Abbotsford, B.C.



Lakhbir (Lucky)

# ਸੰਸਾਰ ਦਰਪਣ

## ਨਿਸ਼ਸਤ੍ਰੀਕਰਨ ਕਿਵੇਂ ਸੰਭਵ ਹੈ ?

ਰਾਮ ਸਿੰਘ ਢਿੱਲੋਂ(ਗੋਰਾਇਆ)



ਨੀਊਕਲੀਅਰ ਹਥਿਆਰਾਂ ਦੀ ਨਿਸ਼ਸਤ੍ਰੀਕਰਨ ਮਨੁੱਖਤਾ ਦੀ ਅਤਿ ਲੋੜੀਂਦੀ ਜ਼ਰੂਰਤ ਹੈ। ਧਰਤੀ ਤੇ ਵਸਦੇ ਕੁਝ ਕੁ ਸਿਆਣੇ (ਜ਼ੀ-ਹੋਸ਼) ਅਤੇ ਗਿਆਨਵਾਂਨ ਲੋਕੀ ਏਸ ਦ੍ਰਿੜ ਕਥਨ ਨਾਲ ਸਹਿਮਤ ਨਹੀਂ ਹਨ। ਫੇਰ ਵੀ ਇਨਸਾਨੀਅਤ ਦੀ ਸਭ ਤੋਂ ਵੱਧ ਲੋੜੀਂਦੀ ਕਿਰਿਆ ਦਾ ਮੁਢ ਦੋ ਵਿਅਕਤੀਆਂ ਦੇ ਆਪਸੀ ਸਹਿਮਤੀ ਤੋਂ ਸ਼ੁਰੂ ਹੋ ਸਕਦਾ ਹੈ। ਇਨ੍ਹਾਂ ਦੋਵਾਂ ਦੀ ਅਸਹਿਮਤੀ ਮਨੁੱਖਤਾ ਲਈ ਭਿਆਨਕ ਤੇ ਬੇਹਿਸਾਬੀ ਤਬਾਹੀ ਲਈ ਨੰਗਿਆਂ ਕਰ ਦੇਵੇਗੀ। ਕੀ ਇਹ ਭਿਅੰਕਰ ਖਤਰਾ ਘਟਾਇਆ ਜਾਂ ਆਖਰ ਟਾਲਿਆ ਜਾ ਸਕਦਾ ਹੈ ?

ਇਹ ਪ੍ਰਤੱਖ ਤੌਰ ਤੇ ਆਖਿਆ ਜਾ ਸਕਦਾ ਹੈ ਕਿ ਓਨਾਂ ਚਿਰ ਕਿਸੇ ਚੰਗੇ ਸਿੱਟੇ ਦੇ ਨਿਕਲਣ ਦੀ ਆਸ ਨਹੀਂ ਕੀਤੀ ਜਾ ਸਕਦੀ ਜਿੰਨਾ ਚਿਰ ਦੋਵੇਂ ਸ਼ਕਤੀਸ਼ਾਲੀ ਧਿਰਾਂ ਬਿਲਕੁਲ ਨੰਗਿਆਂ ਹੋ ਕੇ ਇਕ ਦੂਜੇ ਨੂੰ ਝੂਠਾ ਤੇ ਧੋਖੇਬਾਜ਼ ਆਖਦੇ ਹੋਏ ਬੇਇਤਬਾਰੇ ਸਮਝਦੀਆਂ ਹਨ। ਬੇ-ਭ੍ਰੋਸਗੀ ਦੀਆਂ ਊਜਾਂ ਆਪਸੀ ਗਲਬਾਤ ਨੂੰ ਸੁਖਾਵਾਂ ਜਾਂ ਸੰਭਵ ਨਹੀਂ ਬਣਾ ਸਕਦੀਆਂ। ਕੀ ਜ਼ਬਾਨੀ ਕਲਾਮੀ ਦਾ ਨਿਸ਼ਸਤ੍ਰੀਕਰਨ, ਉਪਰੋਕਤ ਇਕ ਦੂਜੇ ਨੂੰ ਗਾਲ੍ਹਾਂ ਕੱਢਣ ਅਤੇ ਆਪਸੀ ਬੁ-ਭਰੋਸਗੀ ਦਾ ਹਲ ਹੋ ਸਕਦਾ ਹੈ - ਇਹ ਕੋਈ ਕਿਸੇ ਫੈਸਲੇ ਲਈ ਪਹਿਲਾ ਕਦਮ ਪੁਟਿਆ ਨਹੀਂ ਆਖਿਆ ਜਾ ਸਕਦਾ।

ਦੋਵੇਂ ਸ਼ਕਤੀਸ਼ਾਲੀ ਧਿਰਾਂ ਦੇ ਲੀਡਰਾਂ ਦੇ ਰਵੱਈਏ ਦੇ ਬਦਲਣ ਨਾਲ ਨੀਊਕਲੀਅਰ ਨਿਸ਼ਸਤ੍ਰੀਕਰਨ ਸੰਭਵ ਬਣ ਸਕਦਾ ਹੈ। ਅਮਰੀਕਾ ਅਤੇ ਰੂਸ ਵਿਚ ਬੇਅੰਤ ਲੋਕਾਂ ਦੀ ਅਜ ਰੋਜ਼ਗਾਰੀ ਅਤੇ ਕਮਾਈ ਦਾ ਬਹੁਤ ਵੱਡਾ ਸਾਧਨ ਹੋਰ ਵੀ ਬਹੁਤੇ ਅਤੇ ਪੇਚੀਦਾ ਨੀਊਕਲੀਅਰ ਹਥਿਆਰਾਂ ਦੀ ਉਪਰ ਵਿਚ ਰੁੱਝਾ ਹੋਇਆ ਹੈ। ਉਨ੍ਹਾਂ ਵਿਚੋਂ ਬਹੁਤੇ ਜਿਹੜੇ ਉਪਰੋਕਤ ਫੌਜੀ ਸਾਮਾਨ ਪੈਦਾ ਕਰਨ ਵਾਲੇ ਗੁੰਝਲਦਾਰ ਕਾਰਖਾਨਿਆਂ ਵਿਚ ਰੋਜ਼ੀ ਕਮਾ ਰਹੇ ਹਨ, ਓਹ ਇਨ੍ਹਾਂ ਹਥਿਆਰਾਂ ਦੀ ਨਿਰਾ ਉਪਜ ਦੇ ਹਕ ਵਿਚ ਹੀ ਨਹੀਂ ਬੋਲਣਗੇ ਬਲਕਿ ਇਨ੍ਹਾਂ ਦੇ ਬੜ੍ਹਾਵੇ ਦੀ ਲਗੀ ਦੌੜ ਦੇ ਪਖ ਵਿਚ ਹੋਣਗੇ।

ਇਸ ਤੋਂ ਪਹਿਲਾਂ ਕਿ ਨੀਊਕਲੀਅਰ ਹਥਿਆਰਾਂ ਨੂੰ ਮਹੱਤਵਪੂਰਨ ਘਟਾਇਆ ਜਾਵੇ, ਇਨ੍ਹਾਂ ਹਥਿਆਰ ਉਪਜਾਊ ਕਾਰਖਾਨਿਆਂ ਨੂੰ ਅਤੇ ਇਨ੍ਹਾਂ ਵਿਚ ਕੰਮ ਕਰਦੇ ਸਾਰੇ ਕਾਮਿਆਂ ਲਈ ਮੁਕਾਬਲੇ ਦੇ ਕਿਸੇ ਲਾਭਦਾਇਕ ਕੰਮ ਤੇ ਕਿੱਤੇ ਦਾ ਲੱਭਣਾ ਬੜਾ ਜ਼ਰੂਰੀ ਹੈ।

ਉਪਰੋਕਤ (ਕਾਰਖਾਨਿਆਂ) ਕਿੱਤੇ ਵਿਚ ਰੁੱਝੀ ਹਰ ਪ੍ਰਕਾਰ ਦੀ ਸ਼ਕਤੀ(ਇਨਸਾਨੀ ਤੇ ਮਸ਼ੀਨੀ) ਦੇ ਮੁਕਾਬਲੇ ਦੇ ਅਮਨ-ਸ਼ਾਂਤੀ ਲਈ ਉਪਜਾਊ, ਜ਼ਬਾਨੀ ਕਲਾਮੀ ਅਨੇਕ ਵਿਧੀਆਂ-ਵਿਉਂਤਾਂ ਦੇ ਸੁਝਾਓ ਆਏ ਹਨ, ਪਰ ਨਿਰੇ ਸੁਝਾਓ ਹੀ ਕਾਫੀ ਨਹੀਂ, ਲੋੜ ਹੈ ਕਿ ਦੋਵੇਂ ਸ਼ਕਤੀਸ਼ਾਲੀ ਧਿਰਾਂ ਆਪਸ ਵਿਚ ਠੋਸ ਫੈਸਲਾ ਕਰਨ ਕਿ ਉਨ੍ਹਾਂ ਉਪਰੋਕਤ ਮਸ਼ੀਨਾਂ ਅਤੇ ਮਨੁਖਾਂ ਦੇ ਰੁਝੇਵੇਂ ਲਈ ਮੁਕਾਬਲੇ ਤੇ ਹੋਰ ਕੀ ਸਾਧਨ ਵਿਉਂਤੇ ਹਨ ?

ਪਹਿਲੇ ਸੰਸਾਰ ਯੁੱਧ ਦੇ ਸ਼ੁਰੂ ਹੋਣ ਤੋਂ ਇਕ ਦਹਾਕਾ ਪਹਿਲਾਂ, ਭਾਵੇਂ ਬੜੇ ਛੋਟੇ ਜੇਹੇ ਪੈਮਾਨੇ ਤੇ, ਬਿਲਕੁਲ ਏਹੋ ਜਿਹੀ ਹੀ ਸਮੱਸਿਆ ਉਤਪੰਨ ਹੋਈ ਸੀ। ਉਨ੍ਹੀਵੀਂ ਸਦੀ ਦੌਰਾਨ, ਨਿਪੋਲੀਅਨ ਦੀ ਸ਼ਕੱਸਤ ਉਪਰੰਤ, ਬਰਤਾਨੀਆ ਦੀ ਸਮੁੰਦਰੀ ਮਾਰੂ ਸ਼ਕਤੀ ਦੀ ਸਰਦਾਰੀ ਬੜੀ ਪ੍ਰਤੱਖ ਸੀ। ਵੀਹਵੀਂ ਸਦੀ ਦੇ ਸ਼ੁਰੂ ਵਿਚ, ਜਰਮਨ ਸ਼ਾਹੀ-ਸ਼ਕਤੀ ਨੇ ਬ੍ਰਤਾਨੀਆਂ ਦੀ ਸਮੁੰਦਰੀ ਸਰਦਾਰੀ ਸ਼ਕਤੀ ਨੂੰ ਵੰਗਾਰਿਆ। ਬ੍ਰਤਾਨੀਆ ਸਰਕਾਰ, ਕਿਸੇ ਲੜਾਈ-ਉਲਝਾ ਸਮੇਂ ਆਪਣੀ ਸਮੁੰਦਰੀ ਫੌਜੀ ਸ਼ਕਤੀ ਨੂੰ, ਯੁੱਧ-ਟਕਰਾਉ ਦੀ ਇਕ ਖਾਸ ਰੋਕ ਸਮਝੀ ਸੀ ਅਤੇ ਉਹ ਆਪਣੀ ਏਸ ਸਰਦਾਰੀ ਨੂੰ ਜਰਮਨੀ ਦੇ ਮੁਕਾਬਲੇ ਬਣਾਈ ਰੱਖਣ ਦੀ ਇਛਕ ਸੀ, ਫੇਰ ਵੀ ਬਰਤਾਨੀਆ ਨੇ ਜਰਮਨੀ ਨੂੰ, ਏਸ ਲੜਾਈ-ਹਥਿਆਰਾਂ ਦੀ ਉਪਜਾਊ ਦੌੜ ਤੇ ਰੋਕ ਲੈਣ ਦੇ ਸਮਝੌਤੇ ਦੀ ਕੋਸ਼ਿਸ਼ ਕੀਤੀ।

ਮਾਰਚ 1913 ਵਿਚ ਵਿਨਸੈਂਟ ਚਰਚਿਲ ਜਿਹੜਾ ਬਰਤਾਨੀਆ ਦੇ ਬੇਹਰੀ ਬੇੜੇ ਦ ਫਸਲ ਲੌਰਡ ਸੀ, ਨੇ ਸਲਾਹ ਦਿੱਤੀ ਜਿਹਨੂੰ ਉਹਨੇ "ਨੇਵਲ-ਹੋਲੀ ਡੇ"(ਨੇਵੀ-ਛੁਟੀ) ਆਖਿਆ, ਜਿਹਨੂੰ ਅਜ "ਆਰਮਜ਼-ਫ੍ਰੀਜ਼"(ਹਥਿਆਰਾਂ ਨੂੰ ਬਰਫ ਲਾਉਣਾ) ਆਖਦੇ ਹਨ। ਇਸ ਸਮੇਂ ਬਰਤਾਨੀਆ ਤੇ ਜਰਮਨੀ ਇਕ ਸਾਲ ਲਈ ਹੋਰ ਲੜਾਕੇ ਸਮੁੰਦਰੀ ਜਹਾਜ਼ ਬਣਾਉਣੇ ਬੰਦ ਕਰ ਦੇਣਗੇ ਅਤੇ ਏਸੇ ਹੀ ਦੌਰਾਨ ਉਹ ਨੇਵੀ-ਸ਼ਕਤੀ ਦੀ ਉਪਜ-ਦੌੜ ਤੇ ਕੋਈ ਪਾਬੰਦੀ ਲਾਉਣਗੇ।

ਜਦ ਰਸਮੀ ਤੌਰ ਤੇ ਨੇਵਲ-ਹੋਲੀ ਡੇ ਦਾ ਸੁਝਾਓ ਆਇਆ ਤਾਂ ਜਰਮਨ ਸਰਕਾਰ ਨੇ ਇਹਨੂੰ ਨਾ ਮਨਜ਼ੂਰ ਕਰ ਦਿਤਾ, ਏਸ ਤੇ ਬਰਤਾਨੀਆ ਸਰਕਾਰ ਨੇ ਐਲਾਨ ਕਰ ਦਿਤਾ ਕਿ ਜਰਮਨ ਦੇ ਇਕ ਨਵੇਂ ਸਮੁੰਦਰੀ ਜਹਾਜ਼ੀ ਢਾਂਚੇ ਦੇ ਮੁਕਾਬਲੇ ਬਰਤਾਨੀਆ ਆਪਣੀ ਸਰਦਾਰੀ ਕਾਇਮ ਰੱਖਣ ਲਈ ਦੋ ਜਹਾਜ਼ੀ ਢਾਂਚੇ ਤਿਆਰੀ ਲਈ ਰਖ ਦੇਵੇਗਾ।

1913 ਦੇ ਅਗੇਤਰੇ ਸ਼ੁਰੂ ਵਿਚ, ਵੁਡਰੋ ਵਿਲਸਨ ਅਮਰੀਕਾ ਦਾ ਪ੍ਰਧਾਨ ਬਣਿਆ। ਉਹਨੇ ਵਾਲਟਰ ਪੇਜ ਨੂੰ ਆਪਣਾ ਨਵਾਂ ਐਂਮਬੈਸੈਂਡਰ ਬਣਾ ਕੇ ਬਰਤਾਨੀਆ ਭੇਜਿਆ। ਪੇਜ ਉਥੇ ਉਪੜ ਹਥਿਆਰਾਂ ਦੀ ਵਿਅਰਥਤਾ ਦੌੜ-ਉਪਜ ਦੇਖ ਬੜਾ ਭੈਭੀਤ ਹੋਇਆ ਅਤੇ ਇਹਦੇ ਸੰਭਵੀ ਸਿਟਿਆਂ ਤੋਂ ਬੜਾ ਘਾਬਰਿਆ।

ਅਗਸਤ 1913 ਵਿਚ ਪੇਜ ਨੇ ਪ੍ਰਧਾਨ ਵਿਲਸਨ ਦੇ ਨੇੜਲੇ ਸਲਾਹੂ ਕਰਨਲ ਐਡਵਰਡ ਹਾਊਸ ਨੂੰ ਇਕ ਪੱਤਰ ਦਵਾਰਾ ਲਿਖਿਆ ਕਿ, ਐਂਮਬੈਸੈਂਡਰ ਹੋਣ ਦੇ ਨਾਤੇ, ਉਹ ਕੁਝ ਉਸਾਰੂ ਤੇ ਸਥਿਰ ਕਾਰਨਾਮਾ ਕਰਨ ਦਾ ਇਛੱਕ ਹੈ। ਐਥੇ (ਬਰਤਾਨੀਆ ਵਿਚ) ਬੜੀਆਂ ਸ਼ਕਤੀਸ਼ਾਲੀ ਫੌਜਾਂ ਅਤੇ ਸਮੁੰਦਰੀ ਬੇੜੇ ਹਨ। ਉਪਜਾਊ ਇਨਡਸਟਰੀ ਵਿਚੋਂ ਬੇਅੰਤ ਕਾਮਿਆਂ ਦਾ ਫੌਜ ਵਲ ਨੂੰ ਨਿਕਾਸ ਅਤੇ ਲਕੇ-ਤੁਕੇ ਦੀ ਅਤਿਅੰਤ ਖੇਹ-ਖਰਾਬੀ ਸ਼ੁਰੂ ਹੈ ਕਿਸੇ ਨੂੰ ਜ਼ਰੂਰ ਕੁਝ ਕਰਨ ਦੀ ਲੋੜ ਹੈ। ਜੇ ਅਸੀਂ ਇਨ੍ਹਾਂ ਫੌਜਾਂ, ਨੇਵੀਆਂ, ਰਾਜਿਆਂ ਆਦਿ ਨੂੰ ਇਨਸਾਨੀ ਬੇਹਤਰੀ ਦੀ ਸੇਵਾ ਲਈ, ਮਿਤਰਤਾ ਪੂਰਬਕ ਪਰੇਰ ਸਕੀਏ, ਇਹ ਸ਼ਾਇਦ ਮੰਨ ਜਾਣਗੇ। ਸਾਨੂੰ ਕੋਈ ਰਾਹ ਲੱਭਣਾ ਪਵੇਗਾ, ਤਾਂ ਕਿ ਇਨ੍ਹਾਂ ਨੂੰ ਅਸੀਂ ਏਸ ਭਖਦੇ ਵਾਤਾਵਰਨ ਚੋਂ ਬਾਹਰ ਕੱਢ ਸਕੀਏ। ਇਨ੍ਹਾਂ ਨੂੰ ਕਿੱਤੇ ਦੀ ਲੋੜ ਹੈ ਫੇਰ ਇਹ ਪਿਠ ਭਾਰ ਬੈਠੇ ਇਕ ਦੂਜੇ ਨੂੰ ਘੁਚਕਣੋ ਹਟ ਜਾਣਗੇ।

ਪੇਜ ਨੇ ਇਹ ਸੁਝਾਓ ਪ੍ਰਧਾਨ ਵਿਲਸਨ ਨੂੰ ਬੜੇ ਵਿਸਤ੍ਰਤ ਢੰਗ ਨਾਲ, ਇਕ ਯਾਦ-ਦਾਸ਼ਤੀ ਪੱਤਰ ਵਿਚ ਲਿਖਿਆ ਕਿ :— ਮੈਨੂੰ ਨਹੀਂ ਉਮੈਦ ਅਜ ਨਾਲੋਂ ਪਹਿਲਾਂ ਕਦੀ ਏਨੀ ਸ਼ਕਤੀਸ਼ਾਲੀ ਲੋੜ ਅਨੁਭਵ ਹੋਈ ਹੋਵੇ ਕਿ ਕੋਈ ਅਵੱਲ-ਦਰਜਾ ਆਪਾ-ਤਿਆਗ ਮਨੁੱਖ ਦੁਨੀਆਂ ਦੀ ਸਮੱਸਿਆਵਾਂ ਦੇ ਹਲ ਬਾਰੇ ਨਿਸ਼ਕਾਂਮ ਕੰਮ ਕਰੇ। ਬੜੇ ਕਾਬਲ ਪ੍ਰਬੰਧਕ ਤੇ ਆਪਣੇ ਨਿੱਜੀ ਰੁਝੇਵਿਆਂ ਵਿਚ ਫਾਥੇ ਹੋਏ ਹਨ। ਸਰਕਾਰ ਵਿਚ ਇਕ ਵੀ ਐਸਾ ਬੁੱਧੀਮਾਨ ਨਹੀਂ ਜਿਹੜਾ ਆਪਣੇ ਬੁਧਬਲ ਨਾਲ (ਕੁਰਾਹੇ ਪਈ) ਦੁਨੀਆਂ ਨੂੰ (ਰਾਹੇ ਰਾਸਤੀ ਤੇ ਲਿਆਉਣ ਲਈ) ਲਗਾਂਮ ਦੇ ਸਕੇ।

ਪੇਜ ਨੇ ਹੋਰ ਵੀ ਆਖਿਆ ਕਿ ਸਾਰੇ ਯੂਰਪੀਨ ਆਪਣੀ ਸੋਚ ਅਤੇ ਪੈਸਾ, ਇਕ ਦੂਜੇ ਤੇ ਨਿਗਾਹ ਰਖਦੇ, ਉਹਨੂੰ ਕਾਬੂ ਰਖਣ ਤੇ ਖਰਚ ਕਰ ਰਹੇ ਹਨ। ਏਸ ਸੜਿਹਾਂਦੀ ਨਿਗਾਹ-ਰਖੂ ਸਥਿਤੀ ਵਿਚੋਂ ਇਨ੍ਹਾਂ ਨੂੰ ਬਾਹਰ ਕੱਢਣ ਦੀ ਜ਼ਰੂਰ ਕੋਈ ਯੁਕਤੀ ਸੋਚਣੀ ਪਏਗੀ ਨਹੀਂ ਤੇ ਇਨ੍ਹਾਂ ਦਾ ਟਕਰਾਉ ਆਪਣੇ ਆਪ ਕੋਈ ਖਲਾਸੀ-ਰਾਹ ਲੱਭੇਗਾ।

ਪੇਜ ਨੇ ਇਹ ਅਨੁਭਵ ਕੀਤਾ ਕਿ ਯੂਰਪੀ ਤਾਕਤਾਂ ਕੇਵਲ ਨਿਸ਼ਸ਼ਤ੍ਰੀਕਰਨ ਲਈ ਪਰੇਰੀਆਂ ਨਹੀਂ ਜਾ ਸਕਣਗੀਆਂ। ਉਹਨੇ ਸੁਝਾਓ ਦਿਤਾ ਕਿ ਇਨ੍ਹਾਂ ਫੌਜੀਆਂ ਨੂੰ ਕਿਸੇ ਸਾਂਝੇ ਤੇ ਲਾਭਦਾਇਕ ਕਿੱਤੇ ਲਾ ਦੇਣਾ ਹੀ ਇਕ ਛੁਟਕਾਰੇ ਦਾ ਰਾਹ ਹੈ। ਉਹਨੇ ਅਨੁਭਵ ਕੀਤਾ ਕਿ ਲੋਹੜੇ ਦੀ ਸ਼ਕਤੀ ਜਿਹੜੀ ਅਜ ਫੌਜਾਂ ਅਤੇ ਨੇਵੀਆਂ ਦੇ ਸਾਂਭ-ਸੰਭਾਲ ਤੇ ਖਰਚ ਹੋ ਰਹੀ ਹੈ ਉਹਦੇ ਨਿਕਾਸ ਦਾ ਕੋਈ ਨਵਾਂ ਰਾਹ ਲੱਭਿਆ ਜਾਵੇ - ਉਹ ਬੜੇ ਸ਼ਕਤੀਸ਼ਾਲੀ ਨਿਸ਼ਕਾਮ ਕੰਮ ਸਾਂਝੇ ਤੌਰ ਤੇ ਕਰ ਸਕਦੇ ਹਨ। ਏਹੋ ਜਿਹੇ ਕੰਮ ਦੀ ਉਦਾਹਰਣ ਧਰਤੀ ਤੋਂ ਤਪਦੇ ਸੜਦੇ ਖਿਤਿਆਂ ਦੀ ਸਫਾਈ ਉਹਨੇ ਦੱਸੀ

ਪਹਿਲਾਂ ਤੇ ਪੇਜ ਦੇ ਸੁਝਾਓ ਦੀ ਵਾਸ਼ਿਗਟਨ ਵਿਚ ਬੜੀ ਚਰਚਾ ਹੋਈ ਪਰ 1914 ਦੇ ਸ਼ੁਰੂ ਵਿਚ ਪ੍ਰਧਾਨ ਵਿਲਸਨ ਨੇ ਜਰਮਨ ਦੇ ਬਾਦਸ਼ਾਹ ਨਾਲ ਸਿੱਧਾ ਸੰਪਰਕ ਪੈਦਾ ਕਰਨ ਦਾ ਫੈਸਲਾ ਕੀਤਾ। ਮਈ ਮਹੀਨੇ ਪ੍ਰਧਾਨ ਨੇ ਸ੍ਰੀ ਹਾਊਸ ਨੂੰ ਬਰਲਿਨ ਆਪਣਾ ਪੱਤਰ ਦੇ ਕੇ ਜਰਮਨ ਦੇ ਸ਼ਾਹ ਕੋਲ ਭੇਜਿਆ, ਪਰ ਇਹਦਾ ਕੋਈ ਖਾਸ ਲਾਭ ਨਾ ਹੋਇਆ। ਸਮੁੰਦਰੀ-ਫੌਜੀ ਦੌੜ ਬਦਸੂਤਰ ਓਦੋਂ ਤਕ ਚਲਦੀ ਰਹੀ ਜਦ ਤਕ ਕਿ ਉਸ ਸਾਲ ਦੇ ਅਗਸਤ ਮਹੀਨੇ ਲੜਾਈ ਨਾ ਛਿੜ ਪਈ।

ਸਮੁੰਦਰੀ ਬੇੜਿਆਂ ਨੇ ਰੋਕ ਤੇ ਕੀ ਕਰਨੀ ਸੀ ਉਹ ਯੁੱਧ ਵਿਚ ਬਿਲਕੁਲ ਨਾਕਾਰਾ ਸਾਬਤ ਹੋਏ।

ਤਾਂ ਤੇ ਅਜੋਕੀ ਗੁੱਥੀ ਦੇ ਸੁਲਝਾਓ ਲਈ ਇਕ ਬੜਾ ਸ਼ਕਤੀਸ਼ਾਲੀ ਸੁਝਾਊ ਸਾਹਮਣੇ ਆ ਜਾਂਦਾ ਹੈ ਕਿ ਅਜੋਕੇ ਨੀਊਕਲੀਅਰ ਹਥਿਆਰ ਵੀ ਕਿਸੇ ਪ੍ਰਕਾਰ ਦੀ ਰੋਕ-ਰਾਖੀ ਕਰ ਸਕਣ ਦੀ ਬਜਾਏ ਬਿਲਕੁਲ ਨਾਕਾਰਾ ਸਾਬਤ ਹੋ ਚੁੱਕੇ ਹਨ। ਇਸ ਤੋਂ ਵੀ ਵੱਧ ਪ੍ਰਭਾਵਸ਼ਾਲੀ ਸੁਝਾਊ ਸਾਹਮਣੇ ਆਉਂਦਾ ਹੈ ਕਿ ਸਾਰੀ ਮਨੁਖਤਾ ਦਾ ਭਵਿਖ ਇਨ੍ਹਾਂ ਨੀਊਕਲੀਅਰ ਹਥਿਆਰਾਂ ਤੋਂ ਬਗੈਰ ਵਧੇਰੇ ਸੁਰੱਖਿਅਤ ਹੋਵੇਗਾ।

ਸ੍ਰੀ ਪਿਕ੍ਰਸਗਿਲ ਲਿਖਦਾ ਹੈ ਕਿ ਜਦ ਉਸਨੇ 50 ਸਾਲ ਪਹਿਲਾਂ ਸ੍ਰੀ ਪੇਜ ਦਾ ਸੁਝਾਊ ਪੜ੍ਹਿਆ ਕਿ ਨਿਸ਼ਸਤ੍ਰੀਕਰਨ ਦੀ ਅਸਲ ਉਮੈਦ ਏਸ ਵਿਚ ਹੈ ਕਿ ਫੌਜੀਆਂ ਤੇ ਨੇਵੀ ਵਾਲਿਆਂ ਉਪਰ ਜਿਹੜੀ ਬੇਅੰਤਹਾ ਸ਼ਕਤੀ ਖਰਚ ਹੋ ਰਹੀ ਹੈ ਉਸਦੇ ਨਿਕਾਸ ਦਾ ਕੋਈ ਹੋਰ ਰਾਹ ਲੱਭਿਆ ਜਾਵੇ। ਏਸ ਸੁਝਾਊ ਮਨ ਤੇ ਬੜਾ ਅਸਰ ਛਡ ਜਾਣ ਵਾਲਾ ਹੈ।

ਨੀਊਕਲੀਅਰ ਨਿਸ਼ਸਤਰੀਕਰਨ ਦੇ ਨਿਖੇਧ ਵਾਲੇ ਨਿਸ਼ਾਨਾਂ-ਪ੍ਰਾਪਤੀ ਦੀ ਬਜਾਏ ਕੀ ਇਹ ਬਹੁਤਾ ਯਥਾਰਤਕ ਨਹੀਂ ਹੋਵੇਗਾ ਕਿ ਦੋਵਾਂ ਦਾ ਤਾਕਤਵਰ ਧਿਰਾਂ ਵਲੋਂ, ਸੰਭਵੀ ਨੀਊਕਲੀਅਰ ਜੰਗ ਲਈ ਭਿਆਨਕ ਹਥਿਆਰਾਂ ਦੇ ਬਣਾਉਣ ਦੇ ਬੜ੍ਹਾਵੇ ਤੇ ਬੇਇੰਤਹਾ ਖਰਚ ਹੋ ਰਹੀ ਸ਼ਕਤੀ, ਦੋਵਾਂ ਦੇ ਸਹਿਯੋਗ ਅਤੇ ਸਾਕਾ ਰਤਮਕ ਵਰਤਾਊ ਦਵਾਰਾ, ਕਿਸੇ ਉਸਾਰੂ ਕੰਮ ਤੇ ਲਾਈ ਜਾਵੇ ?

ਅਮਰੀਕਾ ਅਤੇ ਰੂਸ ਕਦੀ ਵੀ ਅਸਲ ਲੜਾਈ ਵਿਚ ਸਾਹਵੇਂ-ਵਿਰੋਧੀ ਬਣਕੇ ਨਹੀਂ ਖਲੋਤੇ। ਕੀ ਇਹ ਸੰਭਵ ਨਹੀਂ ਕਿ ਦੋਵੇਂ ਕਿਸੇ ਵਿਸ਼ਾਲ ਯੋਜਨਾ ਵਿਚ ਜਿਸ ਦਵਾਰਾ ਇਹ ਦੁਨੀਆਂ ਦੇ ਕਿਸੇ ਪਛੜੇ ਦੇਸ਼ ਦੇ ਲਾਭ ਲਈ, ਜਿਵੇਂ ਕਿ ਵਾਲਟਰ-ਪੇਜ ਨੇ 75 ਸਾਲ ਹੋਏ, ਸੁਝਾਊ ਦਿਤਾ ਸੀ, ਭਾਈਵਾਲ ਬਣ ਸਕਣ ?

ਇਨ੍ਹਾਂ ਦੋਵਾਂ ਸ਼ਕਤੀਸ਼ਾਲੀਆਂ ਦੇ ਮਿਲਵਰਤਣ ਦੀ ਉਦਾਹਰਣ, ਸਾਰੀ ਮਨੁੱਖਤਾ ਨੂੰ, ਇਕ ਨਵੇਂ ਅਤੇ ਸਹਿਕਾਰਤਾ ਦੇ ਉਪਰਾਲੇ ਵਲ ਲਾ ਸਕਦੀ ਹੈ। ਜਿਸ ਦਵਾਰਾ ਤੀਜੀ ਦੁਨੀਆਂ ਦੇ ਬੜੇ ਵੱਡੇ ਤੇ ਨਵੇਂ ਸ਼ਹਿਰਾਂ ਦੀਆਂ ਗੰਦੀਆਂ ਬਸਤੀਆਂ ਦੀ ਸਫਾਈ ਅਤੇ ਇੰਡਸਟਰੀਅਲ ਸ਼ਹਿਰਾਂ ਦਾ ਗੰਦ ਮੰਦ ਤੇ ਕੂੜਾ ਜਿਹੜਾ ਧਰਤੀ, ਹਵਾ ਤੇ ਪਾਣੀ ਨੂੰ ਪਲੀਤ ਕਰ ਰਿਹਾ ਹੈ, ਨੂੰ ਸਾਫ ਕਰ ਵਰਤਣ ਯੋਗ ਬਣਾਇਆ ਜਾ ਸਕਦਾ ਹੈ। ਸਾਰੀ ਸ੍ਰਿਸ਼ਟੀ ਦੇ ਆਲੇ ਦੁਆਲੇ ਦੀ ਬੇਹਤਰੀ ਦੀ ਵੀ ਉਨੀ ਹੀ ਇਨਸਾਨੀ-ਜ਼ਰੂਰਤ ਹੈ ਜਿੰਨੀ ਨੀਊਕਲੀਅਰ ਨਿਸ਼ਸਤਰੀਕਰਨ ਦੀ।

ਨੀਊਕਲੀਅਰ ਨਿਸ਼ਸਤਰੀਕਰਨ ਪ੍ਰਾਪਤੀ ਦਾ ਸਭ ਤੋਂ ਵਧੀਆ ਰਾਹ ਇਹੋ ਹੈ ਕਿ ਦੋਵਾਂ ਸੁਪਰ-ਸ਼ਕਤੀਆਂ ਅਤੇ ਸਾਰੇ ਤਰੱਕੀ ਯਾਫਤਾ ਦੇਸ਼ਾਂ ਦੇ ਗੁੰਝਲਦਾਰ ਫੌਜੀ ਸਾਮਾਨ-ਬਣਾਉਂਦੀਆਂ ਮਸ਼ੀਨਾਂ ਤੇ ਮਨੁੱਖਾਂ ਨੂੰ ਅਮਨ-ਭਰਪੂਰ ਉਪਜਾਊ ਕਿੱਤੇ ਲੱਭਕੇ ਦਿਤੇ ਜਾਣ।

## ਯੂਨੈਸਕੋ ਅਮਰੀਕਾ ਦੇ ਦਬਾਅ ਹੇਠ ਨਹੀਂ ਆਏਗਾ

ਪੈਰਿਸ—ਸੰਯੁਕਤ ਰਾਸ਼ਟਰ ਦੀ ਵਿਦਿਅਕ ਵਿਗਿਆਨਕ ਤੇ ਸਭਿਆਚਾਰਕ ਜਥੇਬੰਦੀ(ਯੂਨੈਸਕੋ) ਅਮਰੀਕਾ ਦੇ ਦਬਾਅ ਹੇਠ ਆ ਕੇ ਆਪਣੀਆਂ ਨੀਤੀਆਂ ਤੇ ਪ੍ਰੋਗਰਾਮਾਂ ਵਿਚ ਤਬਦੀਲੀ ਨਹੀਂ ਕਰੇਗੀ। ਇਹ ਗੱਲ ਇਥੇ ਯੂਨੈਸਕੋ ਦੇ ਡਾਇਰੈਕਟਰ ਜਨਰਲ ਸ੍ਰੀ ਅਮਾਦ ਮਹਿਤਰ ਐਮ. ਬੋਦੇ ਤਰਜਮਾਨ ਨੇ ਦੱਸੀ। ਉਹਨਾਂ ਕਿਹਾ ਕਿ ਯੂਨੈਸਕੋ ਦਾ ਉਦੇਸ਼ ਉਸਦੇ ਸੰਵਿਧਾਨ ਵਿਚ ਅਤੇ ਇਸਦੀ ਜਨਰਲ ਕਾਨਫਰੰਸ ਦੇ ਫੈਸਲਿਆਂ ਵਿਚ ਰੂਪਮਾਨ ਹੈ ਤੇ ਇਸੇ ਚੌਖਟੇ ਵਿਚ ਹੀ ਯੂਨੈਸਕੋ ਕੰਮ ਕਰਦੀ ਰਹੇਗੀ ਅਤੇ ਇਸ ਗੱਲ ਦੀ ਪ੍ਰਵਾਹ ਨਹੀਂ ਕਰੇਗੀ ਕਿ ਕੋਈ ਇਕ ਮੈਂਬਰ ਰਾਜ ਜਾਂ ਗਰੁੱਪ ਕਿਵੇਂ ਮਹਿਸੂਸ ਕਰਦੇ ਹਨ।

ਯੂਨੈਸਕੋ ਦੇ ਲੋਕ ਸੰਪਰਕ ਵਿਭਾਗ ਦੇ ਅਧਿਕਾਰੀ ਦਲੀਪ ਪਦਗਾਓਂਕਰ ਨੇ ਦਸਿਆ ਕਿ ਯੂਨੈਸਕੋ ਇਕ ਵਿਸ਼ਵ ਜਥੇਬੰਦੀ ਹੈ ਅਤੇ ਇਕ ਦੇਸ਼ ਜਾਂ ਕਿਸੇ ਇਕ ਗਰੁਪ ਦੇ ਹਿਤਾਂ ਨੂੰ ਪਹਿਲ ਨਹੀਂ ਦੇ ਸਕਦੀ। ਉਹਨਾਂ ਕਿਹਾ ਕਿ ਡਾਇਰੈਕਟਰ ਜਨਰਲ ਅਜਿਹੇ ਸਾਰੇ ਕਦਮ ਚੁਕਣ ਦਾ ਦ੍ਰਿੜ ਇਰਾਦਾ ਰਖਦੇ ਹਨ ਜਿਹਨਾਂ ਨਾਲ ਇਹ 181 ਮੈਂਬਰੀ ਸੰਯੁਕਤ ਰਾਸ਼ਟਰ ਏਜੰਸੀ ਆਪਣੇ ਸੰਵਿਧਾਨ ਅਤੇ ਨਵੰਬਰ ਵਿਚ ਪੈਰਸ ਵਿਚ ਹੋਈ ਆਪਣੀ ਜਨਰਲ ਕਾਨਫਰੰਸ ਦੇ ਫੈਸਲਿਆਂ ਅਨੁਸਾਰ ਆਪਣਾ ਕੰਮ ਜਾਰੀ ਰੱਖ ਸਕੇ।

## ਨਰਿੰਜਨ ਸਿੰਘ ਨੂਰ - ਦਸਤਾਰ ਮੋਰਚੇ ਲਈ ਲੜਦਾ - ਦੀਵਾਲੀਆ

ਲੰਡਨ—ਇਕ ਸੂਚਨਾ ਅਨੁਸਾਰ ਸ੍ਰੀ ਨਰਿੰਜਨ ਸਿੰਘ ਨੂਰ ਜਿੰਨ੍ਹਾਂ ਨੇ ਅੱਗੇ ਹੋ ਕੇ ਇੰਗਲੈਂਡ ਵਿਚ ਦਸਤਾਰ ਮੋਰਚਾ ਲੜਿਆ ਸੀ, ਉਨ੍ਹਾਂ ਨੂੰ ਦੀਵਲੀਆਪਨ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਨੇ 20 ਫਰਵਰੀ, 1984 ਤੱਕ 30 ਹਜ਼ਾਰ ਪੌਂਡ ਅਦਾ ਕਰਨੇ ਹਨ। ਉਨ੍ਹਾਂ ਸਭ ਮਿਤਰਾਂ ਤੇ ਦਾਨੀ ਸੱਜਣਾ ਨੂੰ ਬੇਨਤੀ ਕੀਤੀ ਹੈ ਕਿ ਦਾਨ ਜਾਂ ਕਰਜ਼ੇ ਦੀ ਸ਼ਕਲ ਵਿਚ ਜੋ ਦੋਸਤ, ਮਿਤਰ ਮੱਦਦ ਕਰ ਸਕਦੇ ਹਨ, ਉਹ ਜ਼ਰੂਰ ਕਰਨ। ਇਹ ਬੈਂਕ ਦੇ ਸਟੈਂਡਿੰਗ ਆਰਡਰ ਦੀ ਸ਼ਕਲ ਵਿਚ ਦਿਤੇ ਜਾ ਸਕਦੇ ਹਨ।

ਦਸਤਾਰ ਐਕਸ਼ਨ ਕਮੇਟੀ
C/o DES PARDES
8, The Crescent
Southall, MIDDX, U.K.


**ਇਸ਼ਕ ਠੋਕਰ ਤੇ ਮੁਸਕਰਾਉਂਦਾ ਹੈ**

ਸੁਰਿੰਦਰ ਕੌਰ, ਜਗਜੀਤ ਜ਼ੀਰਵੀ, ਡੌਲੀ ਦੀਆਂ ਮਧੁਰ ਆਵਾਜ਼ਾਂ ਵਿਚ

**ਗੁਰਚਰਨ ਰਾਮਪੁਰੀ ਦੀਆਂ ਗਜ਼ਲਾਂ/ਗੀਤਾਂ ਦੀ ਕੈਸਟ ਟੇਪ ਇਨ੍ਹਾਂ ਸਟੋਰਾਂ ਤੋਂ ਲਵੋ :**

ਅੰਬੀਕਾ ਡ੍ਰਗਜ਼ — ਵਿਕਟੋਰੀਆ ਡਰਾਈਵ, ਵੈਨਕੂਵਰ
ਮਾਨ ਮਿਊਜ਼ਿਕ ਐਂਡ ਫੋਟੋ ਸਟੂਡੀਓ — ਮੇਨ ਸਟਰੀਟ, ਵੈਨਕੂਵਰ



**ਨਰਵਾਲ ਇਨਸ਼ੋਰੈਂਸ ਏਜੰਸੀ ਲਿਮ:**

ਹਰ ਕਿਸਮ ਦੇ ਇਨਸ਼ੋਰੈਂਸ

Autoplan
1984 INSURANCE & LICENCE

- ਨਵੇਂ ਕਰਾਉਣੇ
- ਸੇਫ ਡਰਾਈਵਿੰਗ ਕਾਰਨ ਕਟੌਤੀ
- ਪਲੇਟਾਂ ਤੇ ਡੈਕਲ ਆਦਿ।

ਸੋਮਵਾਰ ਤੋਂ ਸਨਿਚਰਵਾਰ ਤੱਕ 9 ਵਜੇ ਸਵੇਰ ਤੋਂ 5 ਵਜੇ ਸ਼ਾਮ ਤੱਕ ਖੁਲ੍ਹੇ ਰਹਿੰਦੇ
ਅਸੀਂ ਸੋਮਵਾਰ ਤੋਂ ਸਨਿਚਰਵਾਰ ਤੱਕ 9 ਵਜੇ ਸਵੇਰ ਤੋਂ 5 ਵਜੇ ਸ਼ਾਮ ਤੱਕ ਖੁਲ੍ਹੇ ਰਹਿੰਦੇ ਹਾਂ।

FINANCING ON APPROVED CREDIT

6415 Main St.,(at 48th Ave.)Vancouver B.C.



**ਪ੍ਰਿਤਪਾਲ ਸਿੰਘ ਨਾਰਵਾਲ** B.A. (PUP) L.L.B.(KUK)

**ਨੋਟਰੀ ਪਬਲਿਕ**

FORMER (Advocate & Oath Commissioner) Punjab & Haryana Highcourt

- ਜ਼ਮੀਨ ਵੇਚਣ ਜਾਂ ਖਰੀਦਣ ਤੇ
- ਮੌਰਗੇਜ਼ ਸਬੰਧੀ ਹਰ ਤਰ੍ਹਾਂ ਦੇ ਕਾਗਜ਼ ਤਿਆਰ ਕਰਨੇ।
- ਲੀਜ਼ ਦੇ ਕਾਗਜ਼ ਬਣਾਉਣੇ
- ਕਮਰਸ਼ੀਅਲ ਕਨਟਰੈਕਟ ਬਣਾਉਣੇ
- ਬਿਆਨ ਹਲਫੀਆ
- ਮੁਖਤਿਆਰ ਨਾਮੇ
- ਇਮੀਗਰੇਸ਼ਨ ਮਾਮਲਿਆਂ ਸਬੰਧੀ ਸਹਾਇਤਾ
- ਸੌਂਹ ਖਾਣ ਸਬੰਧੀ ਕਾਰਵਾਈ ਨਿਭਾਉਣੀ
- ਦਸਤਖਤ ਅਟੈਸਟ ਕਰਨੇ
- ਕਾਪੀਆਂ ਸਬੰਧੀ
- ਪਾਸਪੋਰਟ ਤੇ ਨਾਂ ਬਦਲੀ ਕਰਨਾ ਆਦਿ।

Off. 324-4944 Res. 325-4744

# ਸਾ ਹਿ ਤ ਦ ਰ ਪ ਣ

ਚੀਨੀ ਕਹਾਣੀ

## ਕੁੰਗ-ਈ-ਚੀ

ਲੂ ਸ਼ੂਨ

ਲੂਚਨ ਕਸਬੇ ਵਿੱਚ ਸ਼ਰਾਬ ਦੀਆਂ ਦੁਕਾਨਾਂ ਚੀਨ ਦੇ ਦੂਸਰੇ ਕਸਬਿਆਂ ਨਾਲੋਂ ਭਿੰਨ ਕਿਸਮ ਦੀਆਂ ਹਨ। ਉਹਨਾਂ 'ਚ ਦਰਵਾਜੇ ਦੇ ਬਿਲਕੁਲ ਸਾਹਮਣੇ ਇਕ ਸਮਕੋਣੀ ਕਾਊਂਟਰ ਬਣਿਆ ਹੁੰਦਾ ਹੈ। ਦੁਕਾਨ ਦਾ ਮਾਲਿਕ ਦੁਕਾਨ ਦੇ ਪਿਛਲੇ ਹਿੱਸੇ ਵਿਚ ਰਹਿੰਦਾ ਹੈ। ਕਾਊਂਟਰ ਤੇ ਹੀ ਸ਼ਰਾਬ ਗਰਮ ਕਰਨ ਲਈ ਗਰਮ ਪਾਣੀ ਧਰਿਆ ਹੁੰਦਾ ਹੈ। ਦੁਪਹਿਰ ਜਾਂ ਸੰਝ ਵੇਲੇ ਜਦੋਂ ਲੋਕ ਕੰਮ ਕਾਰ ਤੋਂ ਵਿਹਲੇ ਹੋ ਕੇ ਆਉਂਦੇ ਹਨ ਤਾਂ ਸ਼ਰਾਬ ਦਾ ਇੱਕ ਅੱਧ ਪੈਗ ਪੀ ਲੈਂਦੇ ਹਨ। ਵੀਹ ਵਰ੍ਹੇ ਪਹਿਲਾਂ ਇਕ ਪੈੱਗ ਦਾ ਮੁੱਲ ਤਾਂਬੇ ਦੇ ਚਾਰ ਸਿੱਕੇ ਹੋਇਆ ਕਰਦਾ ਸੀ ਪਰ ਹੁਣ ਦਸ ਤਾਂਬੇ ਦੇ ਸਿੱਕੇ ਹੋਗਿਆ ਹੈ। ਉਥੇ ਖੜ੍ਹੇ ਖੜ੍ਹੇ ਹੀ ਉਹ ਲੋਕ ਗਰਮ-ਗਰਮ ਸ਼ਰਾਬ ਪੀ ਲੈਂਦੇ ਹਨ ਅਤੇ ਥੋੜਾ ਬਹੁਤ ਅਰਾਮ ਕਰ ਲੈਂਦੇ ਹਨ। ਮੂੰਹ ਸੁਆਦੀ ਕਰਨ ਲਈ ਇਕ ਅੱਧ ਤਾਂਬੇ ਦੇ ਸਿੱਕੇ ਦੀ ਕੋਈ ਨਮਕੀਨ ਚੀਜ਼ ਲੈ ਲੈਂਦੇ ਹਨ। ਬਾਂਸ ਦਾ ਅਚਾਰ ਜਾਂ ਸੌਂਫ਼ ਦੇ ਮਸਾਲੇ 'ਚ ਪਕਾਏ ਹੋਏ ਮਟਰ; ਕਲੇਜੀ-ਕਬਾਬ ਲੈਣਾ ਹੋਵੇ ਤਾਂ ਬਾਰ੍ਹਾਂ ਤਾਂਬੇ ਦੇ ਸਿੱਕਿਆਂ 'ਚ ਮਿਲ ਜਾਂਦਾ ਹੈ। ਗਾਹਕ ਆਮ ਤੋਰ ਤੇ ਗਰੀਬ ਲੋਕ ਹੀ ਹੁੰਦੇ ਹਨ ਜਿੰਨ੍ਹਾਂ ਦੇ ਉੱਚੀ ਜਾਕਟ ਪਹਿਨੀ ਹੁੰਦੀ ਹੈ। ਉਹਨਾਂ 'ਚੋਂ ਸ਼ਾਇਦ ਹੀ ਕੋਈ ਅਜਿਹਾ ਹੋਵੇ ਜੋ ਇਹ ਖ਼ਰਚ ਬਰਦਾਸ਼ਤ ਕਰ ਸਕਦਾ ਹੋਵੇ। ਸਿਰਫ਼ ਉਹੀ ਲੋਕ ਨਾਲ ਦੇ ਕਮਰੇ 'ਚ ਬਹਿ ਕੇ ਖਾਣ-ਪੀਣ ਦਾ ਆਨੰਦ ਲੈ ਸਕਦੇ ਹਨ ਜੋ ਲੰਬੇ ਚੋਗੇ ਪਹਿਨ ਕੇ ਕਾਫ਼ੀ ਸਜਧਜ ਕੇ ਉੱਥੇ ਆਉਂਦੇ ਹਨ।

ਉਦੋਂ ਮੇਰੀ ਉਮਰ ਬਾਰ੍ਹਾਂ ਵਰਿਆਂ ਦੀ ਸੀ। ਮੈਂ 'ਖੁਸ਼ਹਾਲੀ' ਸ਼ਰਾਬਖਾਨੇ 'ਚ ਨੌਕਰੀ ਕਰ ਲਈ ਸੀ। ਇਹ ਸ਼ਰਾਬ ਦੀ ਦੁਕਾਨ ਕਸ਼ਬੇ ਦੇ ਫਾਟਕ ਦੇ ਕੋਲ ਹੀ ਸੀ। ਮਾਲਿਕ ਦਾ ਖ਼ਿਆਲ ਸੀ ਕਿ ਮੈਂ ਨਿਰਾ ਬੁੱਧੂ ਲਗਦਾ ਸਾਂ ਇਸ ਲਈ ਲੰਬੇ ਚੋਗੇ ਵਾਲਿਆਂ ਦੀ ਸੇਵਾ ਕਰਨ ਦੇ ਯੋਗ ਨਹੀਂ ਸਾਂ। ਇਸ ਲਈ ਮੈਨੂੰ ਬਾਹਰ ਦੇ ਕਮਰੇ 'ਚ ਹੀ ਮਾਮੂਲੀ ਲੋਕਾਂ ਦੀ ਸੇਵਾ ਵਿਚ ਹੀ ਲਾ ਦਿੱਤਾ ਗਿਆ ਸੀ। ਵੈਸੇ ਤਾਂ ਛੋਟੇ ਲੋਕ ਬਹੁਤ ਨਖਰੇ ਨਹੀਂ ਦਿਖਾਉਂਦੇ ਪਰ ਕਈ ਕਈ ਟੇਡੇ ਮਿਜ਼ਾਜ਼ ਵਾਲੇ ਵੀ ਉੱਥੇ ਆ ਜਾਇਆ ਕਰਦੇ ਸਨ। ਬੜੀ ਹੀ ਤਿੰਨ-ਪੰਜ ਕਰਦੇ। ਸੰਤਰਾ ਮਾਰਕਾ ਸ਼ਰਾਬ ਲੈਣ ਤੋਂ ਪਹਿਲਾਂ ਆਪਣੀਆਂ ਅੱਖਾਂ ਨਾਲ ਕੇਤਲੀ ਦਾ ਥੱਲਾ ਦੇਖਕੇ ਤਸੱਲੀ ਕਰਦੇ ਕਿ ਕਿਤੇ ਉਹਦੇ 'ਚ ਪਾਣੀ ਤਾਂ ਨਹੀਂ ਹੈ ਤੇ ਫਿਰ ਆਪਣੀਆਂ ਅੱਖਾਂ ਸਾਹਮਣੇ ਹੀ ਕੇਤਲੀ ਨੂੰ ਗਰਮ ਪਾਣੀ ਵਿੱਚ ਰਖਵਾਉਂਦੇ। ਇੰਨੇ ਚੋਕੰਨੇ ਰਹਿੰਦੇ ਬਈ ਮਜ਼ਾਲ ਐ ਇਕ ਤਿਪਕਾ ਵੀ ਪਾਣੀ ਮਿਲਾਇਆ ਜਾ ਸਕੇ। ਮੈਂ ਉਥੇ ਕੁਝ ਦਿਨ ਕੰਮ ਕੀਤਾ। ਮਾਲਿਕ ਨੂੰ ਮਹਿਸੂਸ ਹੋਇਆ ਕਿ ਮੈਂ ਕਰਨ ਦੇ ਯੋਗ ਨਹੀਂ ਹਾਂ। ਕਿਸਮਤ ਨਾਲ ਮੈਨੂੰ ਕਿਸੇ ਵੱਡੇ ਆਦਮੀ ਨੇ ਕੰਮ ਤੇ ਲਗਵਾਇਆ ਸੀ, ਇਸ ਲਈ ਮੈਨੂੰ ਨੌਕਰੀ ਤੋਂ ਤਾਂ ਨਾ ਹਟਾਇਆ ਪਰ ਮੈਨੂੰ ਸ਼ਰਾਬ ਗਰਮ ਕਰਨ ਦਾ ਅਕਾਊ ਕੰਮ ਜ਼ਰੂਰ ਸੌਂਪ ਦਿੱਤਾ ਗਿਆ।

ਉਸ ਤੋਂ ਬਾਦ ਮੈਂ ਸਾਰਾ ਦਿਨ ਕਾਊਂਟਰ ਤੇ ਖੜ੍ਹੋ ਕੇ ਕੰਮ ਕਰਦਾ ਰਹਿੰਦਾ। ਹਾਲਾਂ ਕਿ ਮੈਂ ਮਾਲਿਕ ਦਾ ਕੰਮ ਬੜੀ ਲਗਨ ਨਾਲ ਕਰ ਰਿਹਾ ਸਾਂ ਪਰ ਮੇਰਾ ਮਨ ਉਕਤਾ ਗਿਆ ਸੀ। ਮਾਲਿਕ ਦਾ ਚਿਹਰਾ ਬੜਾ ਹੀ ਡਰਾਉਣਾ ਜਿਹਾ ਸੀ। ਜੋ ਗਾਹਕ ਆਉਂਦੇ ਉਹ ਵੀ ਰੁੱਖੇ ਸੁਭਾਉ ਦੇ ਹੁੰਦੇ ਸਨ। ਸਾਰਾ ਦਿਨ ਬੜੀ ਹੀ ਮਨਹੂਸੀਅਤ ਛਾਈ ਰਹਿੰਦੀ। ਜਦੋਂ ਕਦੀ ਕੁੰਗ-ਈ-ਚੀ ਦੁਕਾਨ ਤੇ ਆਉਂਦਾ ਤਾਂ ਮੈਂ ਵੀ ਥੋੜਾ ਬਹੁਤ ਹੱਸ ਲੈਂਦਾ। ਇਸੇ ਲਈ ਅੱਜ ਵੀ ਉਹਦੀ ਯਾਦ ਆਉਂਦੀ ਹੈ।

ਕੁੰਗ ਵੱਡੇ ਆਦਮੀਆਂ ਵਾਂਗ ਲੰਬਾ ਚੋਗਾ ਪਹਿਨਦਾ ਹੁੰਦਾ ਸੀ। ਲੰਬਾ ਚੋਗਾ ਪਹਿਨ ਕੇ ਮੈਂ ਕਿਸੇ ਗਾਹਕ ਨੂੰ ਕਾਊਟਰ ਤੇ ਖੜ੍ਹੋ ਕੇ ਸ਼ਰਾਬ ਪੀਂਦੇ ਨਹੀਂ ਦੇਖਿਆ ਸੀ। ਕੁੰਗ ਉਚੇ ਕਦ ਵਾਲਾ ਬੰਦਾ ਸੀ ਪਰ ਉਹਦਾ ਚਿਹਰਾ ਹਮੇਸ਼ਾ ਮੁਰਝਾਇਆ ਰਹਿੰਦਾ। ਚਿਹਰੇ ਤੇ ਝੁਰੜੀਆਂ ਵੀ ਸਨ। ਝੁਰੜੀਆਂ ਵਿੱਚ ਕਦੀ ਕਦੀ ਜ਼ਖ਼ਮ ਜਾਂ ਝਰੀਟਾਂ ਦੇ ਨਿਸ਼ਾਨ ਵੀ ਦਿਖਾਈ ਦੇ ਜਾਂਦੇ। ਉਸਦੀ ਲੰਬੀ ਦਾੜ੍ਹੀ ਉਲਝੀ ਉਲਝੀ ਰਹਿੰਦੀ ਜਿੱਥੇ ਵਿੱਚ ਵਿੱਚ ਸਫੈਦੀ ਦੀਆਂ ਲਕੀਰਾਂ ਜਿਹੀਆਂ ਵੀ ਪੈ ਗਈਆਂ ਸਨ। ਕੁੰਗ ਦਾ ਚੋਗਾ ਤਾਂ ਕਾਫ਼ੀ ਲੰਬਾ ਸੀ ਪਰ ਬਹੁਤ ਹੀ ਮੈਲਾ ਤੇ ਚੀਥੜੇ ਵਰਗਾ। ਉਸਤੇ ਵਰ੍ਹਿਆਂ ਦੀ ਮੈਲ ਜੰਮੀ ਹੋਈ ਸੀ, ਜਿੱਥੋਂ ਇਕ ਵਾਰ ਫਟੋ ਜਾਂ ਉੱਧੜੇ ਮੁੜਕੇ ਸਿਲਾਈ ਨਹੀਂ ਹੋ ਸਕੀ। ਕੁੰਗ ਨੂੰ ਕੁੱਝ ਪੁਰਾਣੇ ਔਖੇ ਤੇ ਪੇਚੀਦਾ ਸ਼ਬਦ ਯਾਦ ਸਨ। ਗੱਲ ਬਾਤ ਦੇ ਦੌਰਾਨ ਉਹ ਇਹਨਾਂ ਦੀ ਵਰਤੋਂ ਕਰਦਾ ਰਹਿੰਦਾ ਸੀ। ਉਹਦਾ ਗੋਤ ਕੁੰਗ ਸੀ ਇਸ ਲਈ ਲੋਕਾਂ ਨੇ ਉਹਦਾ ਨਾਂ ਕੁੰਗ-ਈ-ਚੀ ਰੱਖ ਦਿੱਤਾ ਸੀ ਜੋ ਬੱਚਿਆਂ ਦੀ ਕਿਤਾਬ ਦੇ ਪਹਿਲੇ ਤਿੰਨ ਅੱਖਰਾਂ ਨਾਲ ਬਣਦਾ ਸੀ। ਉਹਦੇ ਦੁਕਾਨ 'ਚ ਪੈਰ ਧਰਦਿਆਂ ਹੀ ਲੋਕਾਂ ਦੇ ਚਿਹਰੇ ਤੇ ਮੁਸਕਾਨ ਫ਼ੈਲ ਜਾਂਦੀ ਕੋਈ ਉੱਚੀ ਦੇਣੇ ਕਹਿੰਦਾ, "ਕੁੰਗ-ਈ-ਚੀ ਇਹ ਕੀ ? ਚਿਹਰੇ ਤੇ ਨਮੇਂ ਦਾਗ਼ ਕਿਮੇਂ ਪੈਗੇ ?" ਕੁੰਗ ਸੁਣੀ ਅਣਸੁਣੀ ਕਰਕੇ ਸਿੱਧਾ ਕਾਊਂਟਰ ਤੇ ਆ ਜਾਂਦਾ। ਦੋ ਪੈੱਗ ਸ਼ਰਾਬ ਗਰਮ ਕਰਨ ਦਾ ਆਰਡਰ ਦੇ ਕੇ ਮਸਾਲੇਦਾਰ ਮਟਰਾਂ ਲਈ ਵੀ ਕਹਿ ਦਿੰਦਾ। ਨੌਂ ਤਾਂਬੇ ਦੇ ਸਿੱਕੇ ਕੱਢ ਕੇ ਕਾਊਂਟਰ ਤੇ ਧਰ ਦਿੰਦਾ। ਕੋਈ ਹੋਰ ਜਾਣ-ਬੁਝਕੇ ਹੋਰ ਵੀ ਜ਼ਿਆਦਾ ਉੱਚੀ ਆਵਾਜ਼ 'ਚ ਕਹਿੰਦਾ।

"ਤੂੰ ਜ਼ਰੂਰ ਫਿਰ ਚੋਰੀ ਕੀਤੀ ਹੋਣੀਂ ਐਂ ?"

"ਕੀ ਐਮੇਂ ਅੱਟਲ-ਪਤਾਲ ਦੀਆਂ ਮਾਰੀ ਜਾਨੈਂ ਉਂ। ਕਿਸੇ ਸ਼ਰੀਫ ਆਦਮੀ ਤੇ ਝੂਠੀ ਤੁਹਮਤ ਲਾਉਂਦਿਆਂ ਥੋਨੂੰ ਸ਼ਰਮ ਨੀ ਆਉਂਦੀ।" ਕੁੰਗ ਘੂਰ ਕੇ ਝਾਕਦਾ ਹੋਇਆ ਜੁਆਬ ਦਿੰਦਾ।

"ਝੂਠੀ ਤੋਹਮਤ ? ਅਜੇ ਪਰਸੋਂ ਤਾਂ ਤੇਰੇ ਹੱਥ ਪੈਰ ਬਨ੍ਹ ਕੁੱਟ ਪੈਂਦੀ ਮੈਂ ਆਪਣੀਆਂ ਅੱਖਾਂ ਨਾਲ ਦੇਖੀ ਐ। ਹੋ ਦੇ ਘਰੋਂ ਕਿਤਾਬ ਚੁਰਾਉਂਦਿਆਂ ਨੀ ਸੀ ਫੜ੍ਹਿਆ ਗਿਆ ?"

ਕੁੰਗ ਦਾ ਚਿਹਰਾ ਲਾਲ ਹੋ ਜਾਂਦਾ, ਮੱਥੇ ਦੀ ਨਾੜਾਂ ਫੁਲ ਜਾਂਦੀਆਂ। ਉਹ ਬੜਬੜਾਉਣ ਲੱਗਦਾ, "ਸੁਣ ਲੋ ਇਹਨਾਂ ਦੀਆਂ ਗੱਲਾਂ। ਪੁਸਤਕ ਚੱਕਣਾ ਵੀ ਕੋਈ ਚੋਰੀ ਹੁੰਦੀ ਐ। ਤੁਸੀ ਅੰਨਪੜ੍ਹ ਲੋਕ ਕੀ ਜਾਣੋਂ। ਕੋਈ ਪੜ੍ਹਿਆ ਲਿਖਿਆ ਸਿਆਣਾ ਬੰਦਾ ਹੋਊ ਤਾਂ ਹੀ ਪੁਸਤਕ ਚੁੱਕੂ ਪੜ੍ਹਣ ਲਈ। "ਅਤੇ ਫਿਰ ਪ੍ਰਚੀਨ ਗ੍ਰੰਥ ਵਿਚੋਂ ਕੋਈ ਉਦਾਹਰਣ ਸੁਣਾ ਦਿੰਦਾ ਜਾਂ ਕੋਈ ਹੋਰ ਸਿਆਣੀ ਗੱਲ ਕਹਿਣ ਲੱਗਦਾ ਜਿਵੇਂ, "ਸੱਜਣ ਦੀ ਸੱਚ ਪ੍ਰਤੀ ਨਿਸ਼ਠਾ ਗ਼ਰੀਬੀ 'ਚ ਵੀ ਕਾਇਮ ਰਹਿੰਦੀ ਐ।" ਸਾਰੇ ਲੋਕ ਉਹਦੀਆਂ ਗੱਲਾਂ ਤੇ ਹੱਸਣ ਲੱਗਦੇ ਅਤੇ ਸਾਰੀ ਦੁਕਾਨ 'ਚ ਖੁਸ਼ੀ ਦਾ ਮਾਹੌਲ ਬਣ ਜਾਂਦਾ।

ਲੋਕ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਕਰਦੇ ਸਨ। ਕੋਈ ਕਹਿੰਦਾ, "ਕੁੰਗ-ਈ-ਚੀ ਕਲਾਸਕੀ ਗ੍ਰੰਥ ਪੜ੍ਹ ਚੁਕਿਆ ਹੈ ਪਰ ਕਦੀ ਕੋਈ ਸਰਕਾਰੀ ਇਮਤਿਹਾਨ ਪਾਸ ਨਹੀਂ ਕਰ ਸਕਿਆ। ਨੌਕਰੀ ਭਲਾ ਉਹਨੂੰ ਕੀ ਮਿਲਦੀ। ਹਾਲਤ ਬਿਗੜਦੀ ਗਈ ਤੇ ਇੱਧਰੋਂ ਉੱਧਰੋਂ ਮੰਗਣ ਦੀ ਨੌਬਤ ਆ ਗਈ। ਚੰਗੀ ਕਿਸਮਤ ਨੂੰ ਕੁੰਗ ਦੀ ਲਿਖਾਈ ਬਹੁਤ ਸੁੰਦਰ ਸੀ। ਉਹਨੂੰ ਲਿਖਾਈ ਦਾ ਕੰਮ ਮਿਲ ਜਾਂਦਾ ਸੀ, ਜਿਸ ਨਾਲ ਉਹਦਾ ਗੁਜ਼ਾਰਾ ਹੋ ਜਾਂਦਾ ਸੀ। ਪਰ ਐਬੀ ਵੀ ਤਾਂ ਘੱਟ ਨੀ ਸੀ : ਨਸ਼ੇ-ਪਾਣੀ ਦੀ ਆਦਤ ਪੈ ਗਈ ਸੀ ਤੇ ਪਹਲੇ ਦਰਜੇ ਦਾ ਨਿਖੱਟੂ ਸੀ। ਕੁਸ਼ ਦਿਨ ਠੀਕ ਢੰਗ ਨਾਲ ਕੰਮ ਕਰਦਾ ਫਿਰ ਕਿਤਾਬ, ਕਾਗ਼ਜ਼, ਕਲਮ ਤੇ ਸਿਆਹੀ ਲੈ ਨੇ ਦੋ ਗਿਆਰ੍ਹਾਂ ਹੋ ਜਾਂਦਾ। ਕੰਮ ਨਾ ਮਿਲਿਆ ਤਾਂ ਅੱਕ ਕੇ ਚੋਰੀ ਕਰਨ ਲੱਗ ਪਿਆ। ਪਰ ਸ਼ਰਾਬ ਦੀ ਦੁਕਾਨ ਤੇ ਬੜਾ ਭਲਾ ਮਾਨਸ ਬਣਿਆ ਰਹਿੰਦਾ ਸੀ। ਪੈਸੇ ਹਮੇਸ਼ਾ ਆਪਣੇ ਵਾਯਦੇ ਮੁਤਾਬਿਕ ਦੇ ਜਾਂਦਾ ਪਰ ਕਦੀ ਕਦੀ ਗ਼ਰੀਬ ਦਾ ਹੱਥ ਸੱਚਮੁਚ ਤੰਗ ਰਹਿੰਦਾ ਜਿਸ ਕਾਰਣ ਠੇਕੇ ਦੇ ਮਾਲਿਕ ਨੂੰ ਨਾਉਂ ਉਧਾਰ ਖ਼ਾਤੇ 'ਚ ਲਿਖਣਾ ਪੈ ਜਾਂਦਾ। ਮਾਲਿਕ ਨੇ ਉਧਾਰ ਖ਼ਾਤੇ ਦੀ ਇਕ ਫੱਟੀ ਜਿਹੀ ਦੁਕਾਨ ਵਿਚ ਲਟ-ਕਾਈ ਹੋਈ ਸੀ। ਵਿਚਾਰੇ ਕੁੰਗ ਨੇ ਆਪਣਾ ਉਧਾਰ ਕਦੀ ਮਹੀਨੇ ਤੋਂ ਜ਼ਿਆਦਾ ਨਾ ਲਟਕਾਇਆ। ਜਲਦੀ ਹੀ ਚੁਕਾ ਦਿੰਦਾ ਸੀ।

ਅੱਧਾ ਪੈੱਗ ਪੀ ਲੈਣ ਤੋਂ ਬਾਦ ਹੀ ਕੁੰਗ ਨੂੰ ਕੁੱਝ ਤਸੱਲੀ ਜਿਹੀ ਹੋ ਜਾਂਦੀ। ਉਦੋਂ ਤੱਕ ਕੋਈ ਹੋਰ ਬੋਲ ਪੈਂਦਾ

"ਭਾਈ ਕੁੰਗ ਸੱਚ ਸੱਚ ਦੱਸੀਂ, ਪੁਸਤਕ-ਪੋਥੀ ਪੜ੍ਹ ਵੀ ਲੈਣੈਂ ?"

ਕੁੰਗ ਕੁਣੱਖਾ ਜਿਹਾ ਝਾਕ ਕੇ ਚੁੱਪ ਕਰ ਜਾਂਦਾ। ਇਹੋ ਜਿਹੀ ਗੱਲ ਦਾ ਕੀ ਉੱਤਰ ਦੇ ਦੇਵੇ ? ਫੇਰ ਕੋਈ ਹੋਰ ਪੁੱਛ ਲੈਂਦਾ, "ਚੰਗਾ ਇਹ ਦੱਸ, ਕੋਈ ਇਮਤਿਹਾਨ ਵੀ ਪਾਸ ਕੀਤੈ ?"

ਕੁੰਗ ਖਿਝ ਜਾਂਦਾ ਤੇ ਪਰੇਸ਼ਾਨ ਹੋ ਉੱਠਦਾ। ਉਹਦੇ ਚਿਹਰੇ ਦਾ ਰੰਗ ਫਿੱਕਾ ਪੈ ਜਾਂਦਾ, ਮੂੰਹ 'ਚ ਹੀ ਬੜਬੜਾਉਣ ਲੱਗਦਾ। ਕੋਈ ਸਿਆਣੀ ਗੱਲ ਕਹਿ ਦਿੰਦਾ ਜਿਸਦੀ ਕਿਸੇ ਨੂੰ ਸਮਝ ਨਾ ਆਉਂਦੀ। ਫਿਰ ਸਾਰੇ ਬੰਦੇ ਹੱਸ ਪੈਂਦੇ ਤੇ ਵਾਤਾਵਰਣ ਹਾਸੇ ਭਰਿਆ ਹੋ ਜਾਂਦਾ।

ਸਾਰੇ ਜਣੇ ਹੱਸਦੇ ਤਾਂ ਮੈਂ ਵੀ ਹਾਸੇ 'ਚ ਸ਼ਾਮਿਲ ਹੋ ਜਾਂਦਾ। ਉਹ ਸਭ ਨੂੰ ਹਸਾਉਣ ਲਈ ਆਪ ਵੀ ਕੁੰਗ ਨਾਲ ਛੇੜਖਾਨੀ ਕਰਦਾ ਰਹਿੰਦਾ ਸੀ। ਕੁੰਗ ਉਹਨਾਂ ਦੀਆਂ ਗੱਲਾਂ ਵੱਲ ਧਿਆਨ ਨਾ ਦੇਕੇ ਪਿੱਠ ਮੋੜ ਲੈਂਦਾ ਤੇ ਸਾਡੇ ਵਰਗੇ ਮੁੰਡਿਆਂ ਖੁੰਡਿਆਂ ਨਾਲ ਗੱਲਾਂ ਕਰਨ ਲੱਗ ਪੈਂਦਾ। ਇਕ ਦਿਨ ਉਹਨੇ ਮੈਨੂੰ ਪੁੱਛਿਆ :

"ਤੂੰ ਕਦੀ ਸਕੂਲ 'ਚ ਪੜ੍ਹਿਐਂ ?"

ਮੈਂ ਹਾਮੀ ਭਰੀ, ਤਾਂ ਬੋਲਿਆ, "ਚੰਗਾ ਤਾਂ ਫੇਰ ਲਿਖ ਕੇਦਖਾ 'ਹਵੇਈ ਸਿਆਂਗ (ਸ਼ੋਂਫ਼) ?" ਮੈਨੂੰ ਉਹ ਚੰਗਾ ਨਾ ਲੱਗਿਆ, "ਊਂ, ਇਹ ਮੰਗਤਾ ਮੇਰਾ ਇਮਤਿਹਾਨ ਲਊ !" ਇਹ ਸੋਚ ਕੇ ਮੈਂ ਉਹਦੀ ਗੱਲ ਵੱਲ ਕੋਈ ਧਿਆਨ ਨਾ ਦਿੱਤਾ। ਕੁੱਝ ਦੇਰ ਰੁਕ ਕੇ ਕੁੰਗ ਫਿਰ ਬੜੇ ਹੀ ਪਿਆਰ ਨਾਲ ਬੋਲਿਆ :

"ਹਵੇਈ" ਲਿਖਣਾ ਨੀ ਆਉਂਦਾ ਤੈਨੂੰ ? ਮੈਂ ਸਿਖਾਊਂ। ਬਾਦ ਵਿਚ ਜਦੋਂ ਤੂੰ ਆਪਣੀ ਦੁਕਾਨ ਤੇ ਬੈਠੇਂਗਾ ਤਾਂ ਹਿਸਾਬ ਕਿਤਾਬ ਕਿਮੇਂ ਰੱਖੇਂਗਾ। ?"

ਕੁੰਗ ਦੀ ਗੱਲ ਮੈਨੂੰ ਬੜੀ ਹੀ ਅਜੀਬ ਲੱਗੀ ਕਿਉਂ ਕਿ ਆਪਣੀ ਦੁਕਾਨ ਖੋਲ੍ਹਣ ਦੀ ਗੱਲ ਮੇਰੇ ਲਈ ਇਕ ਸੁਪਨੇ ਤੋਂ ਵੱਧ ਕੁੱਝ ਵੀ ਨਹੀਂ ਸੀ। ਇਸਤੋਂ ਇਲਾਵਾ ਮੇਰਾ ਮਾਲਿਕ ਤਾਂ ਸੌਂਫ਼ ਵਾਲੇ ਮਟਰ ਦਾ ਮਾਮੂਲੀ ਉਧਾਰ ਵਹੀ-

(ਬਾਕੀ ਪੰਨਾ ।। ਤੇ)

## ਸੁੱਖ-ਦੁੱਖ

ਹਰਨਾਮ ਸਿੰਘ ਨਾਜ਼

ਸੁੱਖਾਂ ਦੇ ਦਿਨ
ਏਦਾਂ ਉਡ-ਪੁਡ ਜਾਂਦੇ
ਜਿੱਦਾਂ ਬਾਜ਼ ਛਿਣਾਂ ਦੇ।
ਦੁਖਾਂ ਦੇ ਦਿਨ
ਆਤਰ ਪਿੰਗਲਿਆਂ ਵਰਗੇ
ਤਰਲੇ ਲੈਣ ਹਜ਼ਾਰਾਂ।

ਸੁੱਖਾਂ ਦੇ ਦਿਨ
ਗੁਲਮੋਹਰਾਂ ਦੇ ਰੁੱਖੜੇ
ਦਾਸ ਰੁੱਤਾਂ ਦੇ ਹੋਏ।
ਦੁੱਖਾਂ ਦੇ ਦਿਨ
ਅੱਕਾਂ-ਥੋਰ੍ਹਾਂ ਵਰਗੇ
ਰੁੱਤਾਂ ਤੋਂ ਨਾ ਹਾਰਨ।

ਸੁੱਖਾਂ ਦੇ ਦਿਨ
ਬੁੱਲੇ ਸਰਘੀ ਸੰਦੇ
ਉਡਦੇ ਉਡਦੇ ਲੰਘਦੇ।
ਦੁੱਖਾਂ ਦੇ ਦਿਨ
ਪੋਹ ਦਾ ਕੱਕਰ, ਹਾੜ ਬੋਲਦਾ
ਗੇੜੇ ਕਢਦੇ ਰਹਿੰਦੇ।

ਸੁੱਖਾਂ ਦੇ ਦਿਨ
ਜਿੱਦਾਂ ਛਿਣ ਮੁਕਲਾਵੇ
ਫੜਿਆਂ ਫੜੇ ਨਾ ਰਹਿੰਦੇ।
ਦੁੱਖਾਂ ਦੇ ਦਿਨ
ਜਲ ਤੋਂ ਸੱਖਣੇ ਬੱਦਲ
ਸਿਰ ਤੇ ਰਹਿਣ ਖੜੇ।

ਸੁੱਖਾਂ ਦੇ ਦਿਨ
ਮੁਕਲਾਵੇ ਤੋਂ ਪਹਿਲਾਂ
ਚੀਚ ਵਹੁਟੀ ਵਰਗੇ।
ਦੁਖਾਂ ਦੇ ਦਿਨ
ਜਿੱਦਾਂ ਸੂਹੀ ਵਿਧਵਾ
ਝੀਣੀ ਬਾਣੇ ਰੋਵੇ।

ਸੁੱਖਾਂ ਦੇ ਦਿਨ
ਨਫ਼ਿਆਂ ਭਰੇ ਗੁਬਾਰੇ
ਪੌਣਾਂ ਦੇ ਵਿਚ ਉਡਦੇ।
ਦੁੱਖਾਂ ਦੇ ਦਿਨ
ਉਮਰਾਂ ਜੇਡ ਖਸਾਰਾ
ਅੰਨਿਆਂ ਵਾਂਗ ਉਦਾਸੇ।

ਸੁੱਖਾਂ ਦੇ ਦਿਨ
ਫੁੱਲ ਸਿਵਿਆਂ ਦੇ ਚੁਣ ਕੇ
ਮੁੜ ਕੇ ਕਥਾ ਨਾ ਕਰਦੇ।
ਦੁੱਖਾਂ ਦੇ ਦਿਨ
ਰਾਖ ਸਿਵੇ ਦੀ ਬਣ ਕੇ
ਘੁੰਮਦੀ ਚਾਰ ਚੁਫੇਰੇ।

---

ਤਪਸ਼ਾਂ ਅਜੇ ਵੀ ਮੰਗਦੀਆਂ
ਪਲ ਪਲ ਪਿਆਰ ਨੂੰ
ਜਜ਼ਬੇ ਜਵਾਨੀਆਂ ਦੇ
ਹੁਣ ਜਗਮਗਾਏ ਕੌਣ ?

ਕੋਈ ਅੰਦਾਜ਼ੇ ਨਾ ਕਰੋ
ਹੈ ਇਸ਼ਕ ਬੇਹਿਸਾਬ
ਨਗਮਾ ਅਲਾਮਤਾਂ ਦਾ
ਉਸ ਨੂੰ ਸੁਣਾਏ ਕੌਣ ?

ਪੈਗੰਬਰੀ ਹੈ ਮੰਗਦੀ,
ਬੇਹੋਸ਼ੀਆਂ ਨੂੰ ਫੇਰ
ਜਿਸਮਾਂ ਨੂੰ ਇਕੋ ਹੋਂਦ ਵਿਚ
ਫਿਰ ਤੋਂ ਮਿਲਾਏ ਕੌਣ ?

ਬਦਲੀ ਹੈ ਜੋ ਨੁਹਾਰ
ਉਸ ਦਾ ਭੇਦ ਪਾਏ ਕੌਣ ?

ਪ੍ਰੀਤਮ ਸਿੰਘ ਸਫ਼ੀਰ


ASIA BOOK COMPANY Ltd.

#201 - 2001 East 36th Ave. (Victoria Drive) VANCOUVER, B.C.

ਪੰਜਾਬੀ ਕਿਤਾਬਾਂ ਦੀ ਵੈਨਕੂਵਰ ਵਿਚ ਇਕੋ ਇਕ ਦੁਕਾਨ

Ph. 321-6360

ਗੁਰਬਖਸ਼ ਸਿੰਘ, ਨਾਨਕ ਸਿੰਘ, ਜਸਵੰਤ ਸਿੰਘ ਕੰਵਲ, ਅੰਮ੍ਰਿਤਾ ਪ੍ਰੀਤਮ, ਮੋਹਨ ਸਿੰਘ, ਕਰਤਾਰ ਸਿੰਘ ਦੁੱਗਲ — ਸਭ ਲੇਖਕਾਂ ਦੀਆਂ ਕਿਤਾਬਾਂ ਏਸ਼ੀਆ ਬੁੱਕ ਕੰਪਨੀ ਦਾ ਸ਼ਿੰਗਾਰ ਹਨ

ਸੋਹਨ ਸਿੰਘ ਜੋਸ਼, ਕੇਸਰ ਸਿੰਘ ਨਾਵਲਿਸਟ, ਸ਼ਿਵ ਕੁਮਾਰ ਬਟਾਲਵੀ ਤੇ ਜਸਵੰਤ ਕੰਵਲ

# ਸਾ ਹਿ ਤ ਦ ਰ ਪ ਣ

(ਪੰਨੇ 10 ਦੀ ਬਾਕੀ)

ਖ਼ਾਤੇ 'ਚ ਚੜ੍ਹਾਉਂਦਾ ਹੀ ਨਹੀਂ ਸੀ। ਮੈਂ ਜੁਆਬ ਦਿੱਤਾ, "ਵਾਹ, ਇਹਦੇ ਲਈ ਪੜ੍ਹਾਈ ਦੀ ਕੀ ਲੋੜ ਐ। ਦੇਖੋ, ਕੀ ਇਹ ਬੁਨਿਆਦੀ ਅੱਖਰ ਨਹੀਂ ?"

ਕੁੰਗ ਖਿਲ ਉੱਠਿਆ। ਕਾਊਂਟਰ ਦੀ ਮੇਜ਼ ਤੇ ਹੱਥ ਮਾਰਕੇ ਬੋਲਿਆ, "ਸ਼ਾਬਾਸ਼, ਬੇਟਾ ! ਸ਼ਾਬਾਸ਼ ! 'ਹਵੇਈ' ਲਿਖਣ ਦੇ ਚਾਰ ਅਲੱਗ ਅਲੱਗ ਤਰੀਕੇ ਨੇ। ਕੀ ਤੈਨੂੰ ਆਉਂਦੇ ਨੇ ?" ਮੈਨੂੰ ਕੁੰਗ ਦੀ ਸ਼ੇਖ਼ੀ ਚੰਗੀ ਨਾ ਲੱਗੀ। ਮੈਂ ਮੂੰਹ ਦੂਸਰੇ ਪਾਸੇ ਕਰ ਲਿਆ। ਪਰ ਕੁੰਗ ਪਿਆਲੀ 'ਚ ਉਂਗਲੀ ਡੋਬ ਕੇ ਕਾਊਂਟਰ ਤੇ ਲਿਖਕੇ ਦਿਖਾਉਣ ਲੱਗਾ। ਉਸਨੇ ਮੇਰੀ ਲਾਪਰਵਾਹੀ ਦੇਖੀ ਤਾਂ ਉਹਨੂੰ ਕਾਫ਼ੀ ਅਫਸੋਸ ਹੋਇਆ।

ਠੇਕੇ ਤੇ ਹੁੰਦੇ ਮਜ਼ਾਕ ਦੇ ਰੌਲੇ ਰੱਪੇ ਨੂੰ ਸੁਣਕੇ ਗੁਆਂਢ ਦੇ ਮੁੰਡੇ-ਖੁੰਡੇ ਆ ਜਾਂਦੇ ਤੇ ਕੁੰਗ ਨੂੰ ਘੇਰ ਲੈਂਦੇ। ਕੁੰਗ ਮਸਾਲੇਦਾਰ ਛੋਲੇ-ਮਟਰਾਂ ਦੇ ਇਕ ਇਕ ਦੋ ਦੋ ਦਾਣੇ ਉਹਨਾਂ ਦੇ ਹੱਥ ਤੇ ਧਰ ਦਿੰਦਾ। ਮੁੰਡੇ ਨਮਕੀਨ ਖਾ ਕੇ ਹੋਰ ਮਿਲਣ ਦੀ ਆਸ ਨਾਲ ਉਹਨੂੰ ਘੇਰੀ ਰੱਖਦੇ। ਕੁੰਗ ਪਰੇਸ਼ਾਨ ਹੋ ਜਾਂਦਾ। ਆਪਣੀ ਪਲੇਟ ਨੂੰ ਹੱਥ ਨਾਲ ਡਕ ਕੇ ਲਕੋ ਲੈਂਦਾ ਅਤੇ ਅੱਗੇ ਵੱਲ ਨੂੰ ਝੁਕ ਕੇ ਕਹਿੰਦਾ, "ਜਾਉ ਹੁਣ ਹੋਰ ਹੈਨੀ ਖ਼ਤਮ ਹੋ ਗਿਆ।" ਫਿਰ ਸਿੱਧੇ ਖੜ੍ਹੋ ਕੇ ਮਟਰ ਦੀ ਪਲੇਟ ਤੇ ਇਕ ਝਾਤ ਮਾਰ ਵਿਸ਼ਵਾਸ ਦੁਆਉਂਦਾ, "ਜਾਉ, ਜਾਉ, ਹੋਰ ਹੈਨੀ ਹੁਣ••••••••ਸੱਚੀਉਂ ਈ ਖ਼ਤਮ ਹੋ ਗਿਐ !" ਛੋਕਰੇ ਹੱਸਕੇ ਭੱਜ ਜਾਂਦੇ।

ਠੇਕੇ ਤੇ ਕੁੰਗ ਦੇ ਆਉਣ ਨਾਲ ਪਲ ਦੋ ਪਲ ਰੌਣਕ ਆ ਜਾਂਦੀ। ਪਰ ਜਦੋਂ ਉਹ ਨਾ ਆਉਂਦਾ ਫਿਰ ਵੀ ਕੰਮ ਚੱਲੀ ਹੀ ਜਾਂਦਾ ਸੀ।

ਇਕ ਦਿਨ ਸਰਦੀਆਂ ਦੇ ਤਿਉਹਾਰ ਤੋਂ ਕੁੱਝ ਦਿਨ ਪਹਿਲਾਂ ਮਾਲਿਕ ਦੁਕਾਨ ਦੇ ਲੇਖੇ ਜੋਖੇ ਵਿੱਚ ਰੁੱਝਿਆ ਹੋਇਆ ਸੀ। ਅਚਾਨਕ ਕਲਮ ਰੱਖ ਕੇ ਉਹ ਚੀਕਿਆ, "ਕੁੰਗ-ਈ-ਚੀ ਨੀ ਆਇਆ ਕਈ ਦਿਨਾਂ ਤੋਂ। ਉਹਦੇ ਵੱਲ ਉਨੀਂ ਤਾਂਬੇ ਦੇ ਸਿੱਕੇ ਬਕਾਇਐ।" ਫਿਰ ਖ਼ਿਆਲ ਆਇਆ ਕਿ ਕੁੰਗ ਸੱਚ ਮੁੱਚ ਹੀ ਕਈ ਦਿਨਾਂ ਤੋਂ ਨਹੀਂ ਆਇਆ ਸੀ। "ਉਇ ਉਹਨੇ ਹੁਣ ਕੀ ਆਉਣੈ।" ਕੋਈ ਬੰਦਾ ਬੋਲ ਉਠਿਆ। "ਉਦਨ ਕਮਬਖ਼ਤ ਦੇ ਇੰਨੀ ਕੁੱਟ ਪਈ ਕਿ ਅਗਲਿਆਂ ਗੋਡੇ ਈ ਭੰਨ ਦਿੱਤੇ।"

"ਰਾਮ ••••••••ਰਾਮ•••••• !"

"ਫਿਰ ਚੋਰੀ ਕਰਦਾ ਫੜ੍ਹਿਆ ਗਿਆ। ਹਿੰਮਤ ਤਾਂ ਦੇਖੋ ਉਹਦੀ, ਇਸਵਾਰ ਤਿੰਗ ਸਾਹਿਬ ਦੇ ਚੋਰੀ ਕਰਨ ਜਾ ਪਹੁੰਚਿਆ। ਇੰਨੇਂ ਵੱਡੇ ਸਕਾਲਰ, ਮੰਨੇ ਪ੍ਰਮੰਨੇ ਵਿਦਵਾਨ ਦੇ ਘਰ ਚੋਰੀ ਕਰਨ ਗਿਆ। ਉਥੋਂ ਬਚ ਕੇ ਕਿਮੇਂ ਨਿਕਲਦਾ ?"

"ਫਿਰ ਕੀ ਹੋਇਆ ?"

"ਹੋਣਾ ਕੀ ਸੀ ? ਪਹਿਲਾਂ ਤਾਂ ਉਹਨਾਂ ਲੋਕਾ ਨੇ ਉਹ ਨੂੰ ਫੜ੍ਹਕੇ ਉਹਤੋਂ ਇਕਬਾਲੀਆਂ ਬਿਆਨ ਲਿਖਵਾ ਲਿਆ ਫਿਰ ਖੂਬ ਕੁੱਟਿਆ ••ਖੂਬ ਕੁੱਟਿਆ ••ਸਾਰੀ ਰਾਤ ਕੁੱਟਦੇ ਰਹੇ • ਮਾਰ ਮਾਰ ਕੇ ਗੋਡੇ ਭੰਨ ਦਿੱਤੇ•••।"

"ਫਿਰ ?"

"ਫਿਰ ਕੀ•••ਪੈਰਾਂ ਤੋਂ ਆਂਝਾ ਹੋ ਗਿਆ ਨਾ।"

"ਫਿਰ ਕੀ ਹੋਇਆ ?"

"ਫਿਰ•••••ਕੀ ਪਤਾ ਕੀ ਹੋਇਆ ? ਸ਼ਾਇਦ ਮਰ ਹੀ ਗਿਆ ਹੋਵੇ।"

ਮਾਲਿਕ ਨੇ ਹੋਰ ਕੁੱਝ ਨਾ ਪੁੱਛਿਆ। ਆਪਣੇ ਵਹੀ ਖਾਤੇ ਤੇ ਝੁਕ ਕੇ ਹਿਸਾਬ-ਕਿਤਾਬ ਕਰਦਾ ਰਿਹਾ।

ਸਰਦੀ ਦਾ ਤਿਉਹਾਰ ਬੀਤ ਚੁੱਕਿਆ ਸੀ। ਠੰਢ ਪੈਣ ਲੱਗ ਪਈ ਸੀ। ਠਾਰੀ ਵਧਦੀ ਹੀ ਜਾ ਰਹੀ ਸੀ। ਹਾਲਾਂਕਿ ਮੈਂ ਅੰਗੀਠੀ ਦੇ ਕੋਲ ਹੀ ਖੜ੍ਹਾ ਸਾਂ ਪਰ ਫਿਰ ਵੀ ਮੈਨੂੰ ਰੂੰ ਦੀ ਬੰਡੀ ਪਹਿਨਣੀ ਪੈਂਦੀ ਸੀ। ਇਕ ਦਿਨ ਤੀਜੇ ਪਹਿਰ, ਜਦੋਂ ਦੁਕਾਨ 'ਚ ਕੋਈ ਗਾਹਕ ਨਹੀਂ ਸੀ ਅਤੇ ਮੈਂ ਅੰਗੀਠੀ ਕੋਲ ਬੈਠਾ ਊਂਘ ਰਿਹਾ ਸਾਂ ਤਾਂ ਅਚਾਨਕ ਕਿਸੇ ਦੇ ਪੈਰੀਂ ਦੀ ਆਹਟ ਸੁਣਾਈ ਦਿੱਤੀ ਤੇ ਫਿਰ ਆਵਾਜ਼ ਸੁਣਾਈ ਪਈ :

"ਇਕ ਪਿਆਲੀ ਸ਼ਰਾਬ ਦੀ ਤਾਂ ਗਰਮ ਕਰਦੇ।"

ਆਵਾਜ਼ ਬਹੁਤ ਹੀ ਧੀਮੀ ਸੀ ਪਰ ਜਾਣੀ-ਪਹਿਚਾਨੀ ਲੱਗਦੀ ਸੀ। ਅੱਖਾਂ ਖੋਲ੍ਹੀਆਂ ਤਾਂ ਕੋਈ ਵੀ ਨਜ਼ਰੀਂ ਨਾ ਪਿਆ। ਖੜ੍ਹੇ ਹੋਕੇ ਕਾਊਂਟਰ ਦੇ ਉੱਤੋਂ ਦੀ ਝੁਕ ਕੇ ਦੇਖਿਆ ਤਾਂ ਥੱਲੇ ਫ਼ਰਸ਼ ਤੇ ਕੁੰਗ-ਈ-ਚੀ ਬੈਠਾ ਦਿਖਾਈ ਦਿੱਤਾ। ਕੁੰਗ ਦਰਵਾਜ਼ੇ ਤੇ ਨਜ਼ਰਾਂ ਟਿਕਾਈ ਬੈਠਾ ਸੀ। ਚਟਾਈ ਦਾ ਇੱਕ ਟੁਕੜਾ ਉਹਦੀ ਪਿੱਠ ਤੇ ਬੰਨ੍ਹਿਆ ਹੋਇਆ ਸੀ। ਮੇਰੇ ਨਾਲ ਅੱਖਾਂ ਮਿਲੀਆਂ ਤਾਂ ਕਹਿਣ ਲੱਗਾ :

"ਇਕ ਪਿਆਲੀ ਸ਼ਰਾਬ ਤਾਂ ਗਰਮ ਕਰਦੇ ਭਾਈ।"

ਮਾਲਿਕ ਨੇ ਗੱਦੀ ਤੋਂ ਝੁਕਕੇ ਦੇਖਿਆ ਤੇ ਬੋਲਿਆ, "ਕੁੰਗ-ਈ-ਚੀ ਐਂ ਬਈ ? ਉਇ ਤੇਰੇ ਵੱਲ ਤਾਂ ਤਾਂਬੇ ਦੇ ਉਨੀਂ ਸਿੱਕੇ ਪਹਿਲਾਂ ਵੀ ਬਕਾਇਆ ਨੇ।"

"ਉਹ••••••ਉਹ ਵੀ ਦੇ ਦੂੰ ਭਾਈ, ਐਤਕਾਂ ਜਦੋਂ ਆਇਆ ਦੇ ਜੂੰਗਾ।" ਕੁੰਗ ਨੇ ਉਦਾਸ ਆਵਾਜ਼ 'ਚ ਕਿਹਾ, ਹੁਣ ਦੇ ਤਾਂ ਨਗਦ ਲੈਲੋ ਭਾਈ, ਪਰ ਸ਼ਰਾਬ ਚੰਗੀ ਦੇਈਉ ਕੇਰਾਂ।" ਮਾਲਿਕ ਨੇ ਹਮੇਸ਼ਾ ਵਾਂਗ ਮਜ਼ਾਕ ਕੀਤਾ।

"ਕੁੰਗ-ਈ-ਚੀ, ਫੇਰ ਚੋਰੀ ਕਰਦਾ ਫੜਿਆ ਗਿਐਂ ?"

ਇਸ ਵਾਰ ਕੁੰਗ ਨੇ ਕੋਈ ਜ਼ਿੱਦ ਨਾ ਕੀਤੀ। ਕੁੱਝ ਜਿਹਾ ਕੱਢ ਕੇ ਕਹਿਣ ਲੱਗਾ "ਤੂੰ ਬੜਾ ਈ ਮਜ਼ਾਕੀਐਂ ਯਾਰ।"

"ਇਹਦੇ 'ਚ ਹਾਸੇ ਦੀ ਕੀ ਗੱਲ ਐ। ਜੇ ਚੋਰੀ ਕਰਦਾ ਨਹੀਂ ਫੜਿਆ ਗਿਆ ਤਾਂ ਇਹ ਹੱਡ ਗੋਡੇ ਕਿਥੋਂ ਭੰਨਵਾ ਆਇਐਂ ?"

"ਡਿੱਗ ਪਿਆ ਸੀ, ਭਾਈ," ਕੁੰਗ ਹੌਲੀ ਦੇਣੇ ਬੋਲਿਆ ਡਿੱਗ ਪਿਆ ਸੀ, ਕਾਫ਼ੀ ਸੱਟ ਲੱਗਗੀ।" ਉਸਨੇ ਬੜੀ ਹੀ ਦੀਨਤਾ ਨਾਲ ਮਾਲਿਕ ਵੱਲ ਵੇਖਿਆ ਜਿਵੇਂ ਕਹਿ ਰਿਹਾ ਹੋਵੇ ਕਿ ਉਹ ਹੁਣ ਇਹ ਗੱਲ ਅੱਗੇ ਨਾ ਹੀ ਤੋਰੇ ਤਾਂ ਚੰਗਾ। ਉਦੋਂ ਤੱਕ ਹੋਰ ਬੰਦੇ ਵੀ ਆ ਗਏ ਸਨ। ਕੁੰਗ ਨੂੰ ਦੇਖ ਕੇ ਉੱਚੀ ਉੱਚੀ ਹੱਸਣ ਲੱਗ ਪਏ। ਕੁੰਗ ਨੇ ਆਪਣੀ ਫਟੀ ਹੋਈ ਬੰਡੀ ਦੀ ਜੇਬ 'ਚੋਂ ਚਾਰ ਤਾਂਬੇ ਦੇ ਸਿੱਕੇ ਕੱਢ ਕੇ ਮੇਰੇ ਹੱਥ ਉੱਤੇ ਧਰ ਦਿੱਤੇ। ਉਹਦੇ ਹੱਥ ਮਿੱਟੀ ਨਾਲ ਲਿੱਬੜੇ ਹੋਏ ਸਨ। ਸਮਝ ਗਿਆ ਕਿ ਬੇਚਾਰਾ ਹੱਥਾਂ ਸਹਾਰੇ ਰਿੜਦਾ ਆਇਆ ਹੋਣੈਂ। ਕੁੰਗ ਨੇ ਸ਼ਰਾਬ ਦੀ ਪਿਆਲੀ ਪੀਤੀ ਤੇ ਫਿਰ ਹੱਥਾਂ ਸਹਾਰੇ ਰੀਂਗਦਾ ਹੋਇਆ ਦੁਕਾਨ ਤੋਂ ਬਾਹਰ ਨਿਕਲ ਗਿਆ। ਦੂਸਰੇ ਬੰਦੇ ਹਾਸਾ-ਮਜ਼ਾਕ ਤੇ ਤਾਨੇਬਾਜ਼ੀ ਕਰਦੇ ਰਹੇ।

ਕਾਫ਼ੀ ਦਿਨ ਬੀਤ ਗਏ, ਕੁੰਗ ਫੇਰ ਦਿਖਾਈ ਨਾ ਦਿੱਤਾ। ਸ਼ਾਲ ਦੇ ਅੰਤ ਵਿੱਚ ਮਾਲਿਕ ਜਦ ਬਹੀ-ਖਾਤੇ 'ਚੋਂ ਹਿਸਾਬ ਲਾਹਿਆ ਤਾਂ ਉਹਨੂੰ ਯਾਦ ਆਇਆ ਕਿ ਕੁੰਗ ਵੱਲ ਅਜੇ ਵੀ ਤਾਂਬੇ ਦੇ ਉਨੀਂ ਸਿੱਕੇ ਬਕਾਇਆ ਸਨ। ਅਗਲੇ ਸਾਲ ਨਾਗ-ਪੰਚਮੀ ਦੇ ਤਿਉਹਾਰ ਵੇਲੇ ਉਹਨੂੰ ਫੇਰ ਕੁੰਗ ਦੇ ਉਨੀਂ ਤਾਂਬੇ ਦੇ ਸਿੱਕਿਆਂ ਦੀ ਯਾਦ ਆਈ। ਸਾਲ ਬਾਦ ਫਿਰ ਸਰਦੀ ਦੀ ਰੁੱਤ ਦਾ ਤਿਉਹਾਰ ਆਇਆ। ਇਸ ਵਾਰ ਮਾਲਿਕ ਨੇ ਕੁੰਗ ਦੇ ਬਕਾਏ ਨੂੰ ਯਾਦ ਨਾ ਕੀਤਾ। ਇਕ ਹੋਰ ਨਵਾਂ ਸਾਲ ਆ ਗਿਆ ਸੀ ਪਰ ਕੁੰਗ ਫੇਰ ਦਿਖਾਈ ਨਾ ਦਿੱਤਾ।

ਇਸ ਤੋਂ ਬਾਦ ਕੁੰਗ ਕਦੀ ਦਿਖਾਈ ਨਾ ਦਿੱਤਾ। ਲੱਗਦੈ ਕੁੰਗ ਹੁਣ ਸੱਚਮੁੱਚ ਇਸ ਸੰਸਾਰ 'ਚ ਨਹੀਂ ਰਿਹਾ।

(ਪੰਜਾਬੀ ਰੂਪ :-ਕੇ. ਐਲ. ਗਰਗ)

## ਬਾਗੀ ਕੁੜੀ

ਮੁਹਿੰਦਰ ਸੁਮਲ

ਮਾਏ ਨੀ ਮੈਂ ਬਾਗੀ ਹੋਈ
ਜਦ ਆਈਆਂ ਮੈਨੂੰ ਜਾਗਾਂ
ਮਨ ਅੱਥਰੇ ਨੂੰ ਰੋਕ ਨਾ ਸਕੀ
ਮੇਥੋਂ ਖਿਚ ਨਾ ਹੋਈਆਂ ਬਾਗਾਂ
ਸਦਾਚਾਰ ਦਾ ਗੁੰਬਦ ਮਾਏ
ਢਾਹ ਢੇਰੀ ਮੈਂ ਕੀਤਾ
ਮੇਰੇ ਗੋਰੇ ਪਿੰਡੇ ਉਤੇ
ਬਗਲ ਲਿਆ ਜੋ ਨਾਗਾ
ਮੇਰਾ ਚਾਨਣ ਚੂਸ ਲਿਆ ਨੀ
ਇਕ ਪ੍ਰਦੇਸੀ ਦੀਵੇ
ਹੁਣ ਸੂਰਜ ਅਸੀਂ ਹੋਰ ਉਗਾਉਣਾ
ਦਬ ਰਿਸ਼ਮਾਂ ਦੀਆਂ ਦਾਬਾਂ
ਨਾ ਬਾਪੂ ਦੀਆਂ ਇਜ਼ਤਾਂ ਰੱਖੀਆਂ
ਨਾ ਮਨ ਪੱਥਰ ਹੋਇਆ
ਰੂਹ ਨੂੰ ਸੂਲੀ ਟੰਗ ਕੇ ਜੀਉਣਾ
ਇਹ ਨਾ ਮਾਏ ਹੋਇਆ
ਜਿਸਮ ਮੇਰਾ ਸੀ ਕੱਚ ਦਾ ਅੜੀਏ
ਝਾਂਟੇ ਜ਼ਰ ਨਾ ਸਕਿਆ
ਬੇਰਹਿਮਾਂ ਨੇ ਚਰਖੀ ਕੀਤਾ
ਰੂਹ ਦਾ ਭੇਦ ਲਕੋਇਆ
ਜੇ ਸਾਡਾ ਕੋਈ ਹੋਵੇ ਅੰਮੀਏ
ਫਿਰ ਸੁਨੇਹੜੇ ਘੱਲਾਂ
ਇਸ ਜੰਗਲ ਵਿਚ ਕੀ ਮੈਂ ਖੱਟਿਆ
ਕੀ ਕੀ ਮਾਰੀਆਂ ਮੱਲਾਂ
ਇਸ ਜੰਗਲ ਵਿਚ ਗੈਰਤ ਮੇਰੀ
ਗਈ ਪਿਆਲੇ ਪਰਖੀ
ਫਿਰ ਫਰੇਬੀ ਡਿਸਕੋ ਕਰਕੇ
ਪਰਖਣ ਲੱਗੇ ਖੱਲਾਂ
ਬੁੱਲੀਂ ਲੈ ਕੇ ਚੁੱਪ ਨੀ ਅੜੀਏ
ਮੈਂ ਸ਼ਰਮਾਂ ਵਿਚ ਡੁੱਬੀ
ਜਿਵੇਂ ਸਮੁੰਦਰ ਡੁੱਬ ਜਾਵੇ ਨੀ
ਲੈ ਆਪਣੀਆਂ ਛੱਲਾਂ।



## ਗ਼ਜ਼ਲ

ਤੁਰਿਆ ਸਾਂ ਜਿਸ ਦੇ ਘਰ ਨੂੰ, ਲੱਖਾਂ ਹੀ ਖ਼ਾਬ ਲੈ ਕੇ,
ਮੁੜਿਆ ਹਾਂ ਉਸ ਦੇ ਦਰ ਤੋਂ, ਕੋਰਾ ਜਵਾਬ ਲੈ ਕੇ।
ਨੈਣਾਂ 'ਚ ਹੰਝੂਆਂ ਦੇ, ਦੀਵੇ ਜਗਾ ਗਿਆ ਹੈ,
ਮਿਲਿਆ ਸੀ ਹੋਠਾਂ ਤੇ ਜੋ, ਸੂਹੇ ਗੁਲਾਬ ਲੈ ਕੇ।
ਉਹ ਨਾਲ ਹੀ ਰਿਹਾ ਪਰ, ਉਸ ਹਰਫ਼ ਵੀ ਨਾ ਪੜ੍ਹਿਆ,
ਵਾਪਿਸ ਮੈਂ ਪਰਤ ਆਇਆ, ਦਿਲ ਦੀ ਕਿਤਾਬ ਲੈ ਕੇ।
ਮਾਸੂਮ ਚਿਹਰਿਆਂ ਤੋਂ, ਇਸ ਕਰਕੇ ਡਰਦਾਂ ਅਜ ਕਲ,
ਇਕ ਇਕ ਚਿੜੀ ਹੈ ਉਡਦੀ, ਸੌ ਸੌ ਉਕਾਬ ਲੈ ਕੇ।
ਗ਼ੁਰਬਤ ਦੇ ਨ੍ਹੇਰਿਆਂ ਵਿਚ, ਸ਼ਾਇਰ ਉਹ ਮਰ ਗਿਆ ਹੈ,
ਘੁੰਮਦਾ ਰਿਹਾ ਜੋ ਸ਼ਿਅਰਾਂ ਦੇ ਆਫ਼ਤਾਬ ਲੈ ਕੇ।
ਕਹਿੰਦਾ ਸੀ ਇਕ ਅਲੋਚਕ, ਜੇ ਸਿਫ਼ਤ ਹੈ ਕਰਾਉਣੀ,
ਸ਼ਾਮੀਂ ਤੂੰ ਘਰ ਨੂੰ ਆਈਂ, ਵਧੀਆ ਸ਼ਰਾਬ ਲੈ ਕੇ।
ਅਮਰੀਕ ਆਪਣੇ ਸਾਏ, ਕੋਲੋਂ ਵੀ ਖ਼ੌਫ਼ ਖਾ ਤੂੰ,
ਹੁਣ ਮੌਤ ਘੁੰਮ ਰਹੀ ਹੈ, ਮੂੰਹ 'ਤੇ ਨਕਾਬ ਲੈ ਕੇ।

ਅਮਰੀਕ ਡੋਗਰਾ

ਭਾਰਤੀ ਮਜ਼ਦੂਰ ਨਾਲ ਵਿਤਕਰਾ

## ਹੱਕ ਦਾ ਨਾਅਰਾ

ਡਾ: ਨੂਰ ਭਾਰਤੀ
(ਜੇ: ਪੀ: ਗਲਾਸਗੋ, ਸਕੌਟਲੈਂਡ)



ਜੇਲ੍ਹਾਂ ਵਿਚ ਡੱਕੇ ਹੜਤਾਲੀ
ਸੱਚ ਨੂੰ ਸੂਲੀ ਉਤੇ ਫਾਹਾ
ਅਤਿ ਘੋਰ ਦੇ ਜ਼ੁਲਮਾਂ ਸਦਕੇ
ਮਿਹਨਤ ਦੀ ਹੋਈ ਮੰਦਹਾਲੀ

ਜੰਤਾ ਦੀ ਸਰਕਾਰ ਕਿਹੋ ਜਿਹੀ
ਜਿੱਥੇ ਜਾਇਜ਼ ਮੰਗ ਗੁਨਾਹ ਹੈ
ਹੱਕਾਂ ਖਾਤਰ ਝੰਡਾ ਲੈ ਕੇ
ਟੁਰਨਾ ਸਾਥੀ ਸੰਗ ਗੁਨਾਹ ਹੈ

ਕੰਮ ਵੱਧ ਤੇ ਉਜਰਤ ਥੋੜੀ ਹੈ
ਬੇਇਨਸਾਫ਼ੀ ਟੱਪੀ ਹੱਦ ਹੈ
ਜ਼ੁਲਮ ਤਸ਼ੱਦਦ ਰਾਜ ਕਰੇਂਦਾ
ਜ਼ੁਲਮਤ ਇਹੋ ਵੱਧ ਤੋਂ ਵੱਧ ਹੈ

ਪਰ ਕਿੰਨਾਂ ਚਿਰ ਆਸਾਂ ਸਦਕੇ
ਲੋਕਤਾ ਨਾਲ ਹੋਵੇਗਾ ਧੋਖਾ
ਕਾਲ ਦੀ ਮਾਰੀ ਭੁੱਖੀ ਜੰਤਾ
ਸਹਿੰਦੀ ਰਹੇਗੀ ਦੁੱਖ ਅਜੋਕਾ

ਜਾਗ ਪਿਆ ਹਰ ਕਿਰਤੀ ਕਾਮਾ
ਤੁੱਲ ਪਿਆ ਲੈਣੇ ਲਈ ਡਾਹਾ
ਅਣਖਾਂ ਦੀ ਪਲਟਣ ਹੋ ਭਰਤੀ
ਵੱਢੇਗਾ ਹੈਂਕੜ ਦਾ ਫਾਹਾ

ਲੈ ਕੇ ਉਸ਼ਾ ਭਲਕ ਦਾ ਸੂਰਜ
ਧਰਤੀ ਉਤੇ ਜਦ ਆਵੇਗਾ
ਜੈ "ਨੂਰ" ਮਜ਼ਦੂਰ ਕਿਸਾਨ
ਹੱਕ ਦਾ ਨਾਅਰਾ ਲਾ ਜਾਵੇਗਾ।

## ਜਿਊਣ ਦੇ

ਨਕਸ਼ਦੀਪ ਪੰਜਕੋਹਾ

ਇਤਿਹਾਸ ਬਣਿਆਂ
ਘਟਨਾਵਾਂ ਦੇ ਨਾਲ
ਮੇਰੇ ਮਹਿਬੂਬ
ਘਟਨਾ ਬਣ ਜਿਊਣ ਦੇ ਮੈਨੂੰ
ਜ਼ਿੰਦਗੀ ਉਧਾਰ ਤਾਂ ਨਹੀਂ
ਕਿ ਬਚ ਬਚਾ ਜੀਵੀਏ
ਹੱਕ ਏ ਆਪਣਾ
ਹੰਢਾਉਣ ਦੇ ਮੈਨੂੰ।
ਫ਼ਜ਼ੂਲ ਜਿਹਾ ਫ਼ਿਕਰ
ਸ਼ਾਂਤ ਸਾਗਰ ਦੀ ਚੁੱਪ ਦਾ
ਅਸ਼ਾਂਤ ਹਨ ਜੋ ਮੁੱਢ ਤੋਂ
ਉਹ ਲਹਿਰਾਂ ਚੁੰਮਣ ਦੇ ਮੈਨੂੰ।

B & D ENTERTAINMENT

ਕਿਰਾਏ ਲਈ ਕਿਸੇ ਵੀ ਤਰ੍ਹਾਂ ਦਾ ਸਾਊਂਡ ਸਿਸਟਮ ਦਾ ਕੰਮ ਹੋਵੇ, ਸਪੈਸ਼ਲ ਵਿਆਹ ਦੀ ਪਾਰਟੀ ਅਤੇ ਵੱਡੇ ਤੋਂ ਵੱਡੇ ਸ਼ੋਅ ਲਈ ਜਾਣੀ ਕਿ ਹਰ ਤਰ੍ਹਾਂ ਦਾ ਸਟੀਰੀਓ, ਐਂਪਲੀਫਾਇਰ ਦਾ ਕੰਮ ਹੋਵੇ ਤਾਂ ਫ਼ੋਨ

ਕਰੋ :— 321-6360

(ਨੋਟ :- ਬੁਕਿੰਗ ਲਈ ਇਕ ਹਫਤਾ ਪਹਿਲਾਂ ਫੋਨ ਜ਼ਰੂਰੀ ਹੈ)

# ਕੈਲਗਰੀ ਦਰਪਣ

## ਕੈਲਗਰੀ ਵਿਚ 'ਹਰੇ ਰਾਮਾ ਹਰੇ ਕ੍ਰਿਸ਼ਨਾ' ਲਹਿਰ ਦਾ ਆਰੰਭ

**—ਵਿਸ਼ੇਸ਼ ਪੱਤਰਕਾਰ ਵਲੋਂ—**

ਪਿਛਲੇ ਦਿਨੀਂ ਕੈਲਗਰੀ ਵਿਚ ਸਾਈ ਨਰਸਰੀ ਵਿਚ ਸਾਈ ਨਰਸਰੀ ਦੇ ਮਾਲਕ ਪ੍ਰਿਯ ਸ਼ਰਮਾ ਤੇ ਉਨ੍ਹਾਂ ਦੇ ਤਿੰਨ ਭਰਾਵਾਂ ਨੂੰ ਮਿਲਣ ਦਾ ਮੌਕਾ ਮਿਲਿਆ। ਉਸ ਸਮੇਂ 'ਹਰੇ ਰਾਮਾ ਹਰੇ ਕ੍ਰਿਸ਼ਨਾ' ਲਹਿਰ ਦੇ ਗੁਰੂ ਜੀ ਵੀ ਉਥੇ ਪਧਾਰੇ ਹੋਏ ਸਨ। ਪ੍ਰਿਯ ਸ਼ਰਮਾ ਦੇ ਦੱਸਣ ਅਨੁਸਾਰ ਉਨ੍ਹਾਂ ਦੇ ਮਾਤਾ ਪਿਤਾ ਨੈਰੋਬੀ ਵਿਚ ਹੀ ਵੱਡੇ ਗੁਰੂ ਜੀ ਦੇ ਉਪਾਸ਼ਕ ਸਨ। ਪ੍ਰਿਯ ਸ਼ਰਮਾ ਅਨੁਸਾਰ ਉਨ੍ਹਾਂ ਅਤੇ ਉਨ੍ਹਾਂ ਦੇ ਪਰਵਾਰ ਵਿਚੋਂ ਤਿੰਨਾਂ ਭਰਾਵਾਂ ਨੇ ਗੁਰੂ ਜੀ ਤੋਂ 'ਪਾਹੁਲ' ਲੈ ਲਈ ਹੈ ਅਤੇ ਉਨ੍ਹਾਂ ਆਪਣੀ ਚੰਡੀਗੜ੍ਹ ਵਿਚਲੀ ਜ਼ਮੀਨ ਵੀ ਇਸ ਲਹਿਰ ਨੂੰ ਸਮਰਪਣ ਕਰ ਦਿਤੀ ਹੈ। ਚੰਡੀਗੜ੍ਹ ਵਿਚ 'ਹਰੇ ਰਾਮਾ ਹਰੇ ਕ੍ਰਿਸ਼ਨਾ' ਦਾ ਬਹੁਤ ਵੱਡਾ ਮਦਰ ਉਸਾਰਿਆ ਜਾ ਰਿਹਾ ਹੈ। ਜਿਥੇ ਉਨ੍ਹਾਂ ਦੇ ਬਹਿਨੋਈ ਉਸਦੀ ਦੇਖ ਭਾਲ ਕਰ ਰਹੇ ਹਨ।

ਵੈਨਕੂਵਰ ਵਾਂਗ ਵਡੇ ਮੰਦਰ ਦੀ ਉਸਾਰੀ ਕੈਲਗਰੀ ਵਿਚ ਕਰਨ ਦਾ ਸ਼ਰਮਾ ਪ੍ਰਵਾਰ ਦਾ ਅਜੇ ਇਰਾਦਾ ਨਹੀਂ ਪਰ ਉਨ੍ਹਾਂ ਆਪਣੇ ਘਰ ਅੰਦਰ ਹੀ ਬਹੁਤ ਖੂਬਸੂਰਤ ਮੰਦਰ ਦੀ ਉਸਾਰੀ ਕੀਤੀ ਹੈ। ਪ੍ਰਿਯ ਸ਼ਰਮਾ ਨੇ ਕਿਹਾ ਕਿ ਇਹ ਲਹਿਰ ਕੈਲਗਰੀ ਵਿਚ ਅਜੇ ਆਰੰਭ ਹੀ ਹੋਈ ਹੈ ਪਰ ਸਮਾਂ ਪੈਣ ਤੇ ਕੈਲਗਰੀ ਵਿਚ ਇਕ ਵਡਾ ਸੈਂਟਰ ਉਸਾਰਿਆ ਜਾਵੇਗਾ।



'ਹਰੇ ਰਾਮਾ ਹਰੇ ਕ੍ਰਿਸ਼ਨਾ' ਲਹਿਰ ਦੇ ਕੈਨੇਡਾ ਦੇ ਸੰਚਾਲਕ



ਸ੍ਰੀ ਪ੍ਰਿਯ ਸ਼ਰਮਾ



ਪ੍ਰਿਯਾ ਸ਼ਰਮਾ ਦੇ ਮਾਤਾ ਜੀ ਭਗਤੀ ਸਮੇਂ

## ਕਾਮਰੇਡ ਸੰਘੇੜਾ ਤੇ ਕਾਮਰੇਡ ਅਣਖੀ ਦਾ ਇਨਕਲਾਬੀ ਪ੍ਰੋਜੈਕਟ

ਵੈਨਕੂਵਰ—ਇਕ ਸੂਚਨਾ ਅਨੁਸਾਰ ਮਾਰਕਸੀ ਪਾਰਟੀ ਦੇ ਕਾਮਰੇਡ, ਗੁਰਨਾਮ ਸਿੰਘ ਸੰਘੇੜਾ ਤੇ ਕਾਮਰੇਡ ਜੀਤ ਸਿੰਘ ਅਣਖੀ ਵਲੋਂ ਇਕ ਪ੍ਰੋਜੈਕਟ ਸ਼ੁਰੂ ਕੀਤਾ ਗਿਆ ਹੈ ਜਿਸ ਵਿਚ 900 ਵਿਅਕਤੀਆਂ ਤੋਂ 54,000 ਡਾਲਰ ਇਕੱਤਰ ਕੀਤੇ ਜਾਣਗੇ।

ਇਸ ਰਕਮ ਨਾਲ ਇਕ ਪੁਸਤਕ ਤਿਆਰ ਕੀਤੇ ਜਾਣ ਦੀ ਯੋਜਨਾ ਹੈ ਜਿਸਦੀ ਜਿਲਦ ਦਾ ਐਸਟੀਮੇਟ ਦਸ ਹਜ਼ਾਰ ਡਾਲਰ ਦੱਸਿਆ ਜਾਂਦਾ ਹੈ।

ਸੂਚਨਾ ਅਨੁਸਾਰ ਜਿਹੜਾ ਵਿਅਕਤੀ 60 ਡਾਲਰ ਦਿੰਦਾ ਹੈ, ਉਸਦੀ ਜਨਮ ਤਾਰੀਖ ਅਤੇ ਕੈਨੇਡਾ, ਭਾਰਤ ਵਿਚ ਕੀਤੇ ਉਸਦੇ ਅਹਿਮ ਕੰਮ ਸ਼ਾਮਲ ਕੀਤੇ ਜਾ ਰਹੇ ਹਨ।

ਕੁਝ ਲੋਕਾਂ ਵਲੋਂ ਹੈਰਾਨੀ ਵੀ ਪ੍ਰਗਟ ਕੀਤੀ ਜਾ ਰਹੀ ਹੈ ਕਿ ਇੰਨੀ ਰਕਮ ਨਾਲ ਤਾਂ ਪੰਜਾਬੀਆਂ ਦਾ ਕੈਨੇਡਾ ਵਿਚਲਾ ਮੁਕੰਮਲ ਇਤਿਹਾਸ ਲਿਖਿਆ ਜਾ ਸਕਦਾ ਹੈ। ਹੋ ਸਕਦਾ ਹੈ ਕਿ ਕਾਮਰੇਡ ਸੰਘੇੜਾ ਤੇ ਕਾਮਰੇਡ ਅਣਖੀ ਦੀ ਕੈਨੇਡਾ ਦਾ ਇਤਿਹਾਸ ਲਿਖਣ ਦੀ ਹੀ ਯੋਜਨਾ ਹੋਵੇ.

ਬੀ. ਸੀ. ਦੇ ਸ਼ਹਿਰਾਂ ਵਿਚ ਇਹ ਪੁਸਤਕ ਦਿਲਚਸਪੀ ਦਾ ਕੇਂਦਰ ਜ਼ਰੂਰ ਬਣ ਰਹੀ ਹੈ।

## ਪਾਕ 'ਚ ਹੁਣ ਔਰਤਾਂ ਦੇ ਕੋੜੇ ਨਹੀਂ ਲਗਣਗੇ

ਇਸਲਾਮਾਬਾਦ— ਪਾਕਿਸਤਾਨੀ ਸਰਕਾਰ ਨੇ ਔਰਤਾਂ ਨੂੰ ਕੋੜੇ ਮਾਰਨ ਦੀ ਸਜ਼ਾ ਉਪਰ ਰੋਕ ਲਗਾ ਦਿਤੀ ਹੈ। ਰਾਸ਼ਟਰਪਤੀ ਜ਼ਿਆ-ਉਲ ਹੱਕ ਨੇ ਇਸ ਸਬੰਧ ਵਿਚ ਇਕ ਹੁਕਮ ਜਾਰੀ ਕੀਤਾ। ਇਥੇ ਇਹ ਵਰਨਣਯੋਗ ਹੈ ਕਿ ਛੇ ਹਫਤੇ ਹੋਏ ਪੇਸ਼ਾਵਰ ਜੇਲ ਵਿਚ ਇਕ ਔਰਤ ਦੇ ਕੋੜੇ ਮਾਰੇ ਜਾਣ ਉਪਰ ਦੇਸ਼ ਭਰ ਦੀਆਂ ਔਰਤਾਂ ਜਥੇਬੰਦੀਆਂ ਨੇ ਸਖਤ ਇਤਰਾਜ ਕੀਤਾ ਸੀ।

## ਪਤੀ ਨੂੰ ਸ਼ਰਾਬ 'ਚ ਸੈਂਖੀਆ ਦੇ ਦਿਤਾ

ਜਗਰਾਓਂ —ਇਥੋਂ 8 ਕਿਲੋਮੀਟਰ ਦੂਰ ਪਿੰਡ ਅਖਾੜਾ ਵਿਖੇ ਮੇਜਰ ਸਿੰਘ ਨਾਮੀਂ 34-35 ਸਾਲਾ ਇਕ ਵਿਅਕਤੀ ਨੂੰ ਆਪਣੀ ਹੀ ਪਤਨੀ ਵਲੋਂ ਸੈਂਖੀਆ ਦਿਤੇ ਜਾਣ ਦੀ ਸੂਚਨਾ ਮਿਲੀ ਹੈ.

ਸਿਵਲ ਹਸਪਤਾਲ 'ਚ ਇਲਾਜ ਅਧੀਨ ਮੇਜਰ ਸਿੰਘ ਨੇ ਦਸਿਆ ਕਿ ←

ਉਸ ਨੂੰ ਇਹ ਸੈਂਖੀਆ ਸ਼ਰਾਬ ਵਿਚ ਮਿਲਾ ਕੇ ਦਿਤਾ ਗਿਆ. ਉਹ ਛੇ ਬੱਚਿਆਂ ਦੀ ਮਾਂ ਹੈ.

## ਅਮਨ ਕੌਂਸਲ ਮੀਟਿੰਗ ਦਿੱਲੀ 'ਚ

ਬਰਲਿਨ—ਸੰਸਾਰ ਅਮਨ ਕੌਂਸਲ ਦੀ ਬਿਊਰੋ ਮੀਟਿੰਗ 5 ਤੋਂ 8 ਮਾਰਚ ਤਾਈਂ ਦਿੱਲੀ ਵਿਚ ਹੋ ਰਹੀ ਹੈ। ਇਹ ਗੱਲ ਪੱਛਮੀ ਬਰਲਿਨ ਵਿਚ ਸੰਸਾਰ ਅਮਨ ਕੌਂਸਲ ਦੀ ਪ੍ਰਧਾਨਗੀ ਮੰਡਲ ਦੀ ਕਮੇਟੀ ਮੀਟਿੰਗ ਵਿਚ ਦਸੀ ਗਈ ਹੈ। ਸੋਵੀਅਤ ਯੂਨੀਅਨ ਵੀਅਤਨਾਮ, ਪੂਰਬੀ ਜਰਮਨੀ, ਬੁਲਗਾਰੀਆ, ਅਫਗਾਨਿਸਤਾਨ, ਸ੍ਰੀ ਲੰਕਾ ਤੇ ਨੇਪਾਲ ਨੇ ਇਸ ਸਬੰਧੀ ਸੱਦੇ ਪ੍ਰਵਾਨ ਕਰ ਲਏ ਹਨ।

Harcharan S. Sanghera
B.A.,(Hons.)B.T.
We wish to let everybody know, that Harry, top salesman has rejoined our firm, and is eager to help in matters of real estate.
Call (403)274-9586
COMMISSIONER FOR OATHS
HEIN REAL ESTATE CORPORATION 272-3382



ਭਾਰਤ ਜਾਣ ਦੀ ਤਿਆਰੀ ਹੈ?
East West Travel Ltd.
ਹਵਾਈ ਟਿਕਟਾਂ
ਸਾਥੋਂ ਹਰ ਏਅਰਲਾਈਨ ਦੀਆਂ ਹਵਾਈ ਟਿਕਟਾਂ ਮਿਲਦੀਆਂ ਹਨ।



Special for India, Pakistan, Fiji and West Indies.
Mike Brar
ਭਾਰਤ, ਪਾਕਿਸਤਾਨ, ਦੁਨੀਆਂ ਦੇ ਕਿਸੇ ਵੀ ਕੋਨੇ ਜਾਣ ਵਾਸਤੇ ਟਿਕਟਾਂ ਲਈ ਆਪਣੇ ਹਰਮਨ ਪਿਆਰੇ ਈਸਟ ਵੈਸਟ ਟਰੈਵਲ ਨੂੰ ਯਾਦ ਰੱਖੋ ਜਿਥੇ ਤੁਹਾਡੀਆਂ ਸਭ ਸਹੂਲਤਾਂ ਦਾ ਖਿਆਲ ਰੱਖਿਆ ਜਾਂਦਾ ਹੈ।
ਮਲਕੀਤ ਬਰਾੜ ਨੂੰ ਫ਼ੋਨ ਕਰੋ
Ph.(403)235-3661
#206-3517, 17 Ave. S.E. Calgary, Alta
T2A 0R5

# ਧਾਰਮਿਕ ਦਰਪਣ

## ਮੂਲ ਮੰਤ੍ਰ

(ਕਿਸ਼ਤ ਤੀਜੀ)

## ਸਤਿ ਨਾਮੁ

ਹਰਚੰਤ ਸਿੰਘ (ਮੈਨੀਟੋਬਾ)

### ਸਤਿ

ਗੁਰਬਾਣੀ ਅੰਦਰ 'ਸਤੁ' ਸ਼ਬਦ ਸਦਾ ਸੰਗਿਆ (Noun) ਦੇ ਭਾਵ ਨੂੰ ਦਰਸਾਉਂਦਾ ਹੈ, ਜਦ ਕਿ ਏਸ ਪਦ ਦਾ 'ਸਤਿ' ਰੂਪ, ਪ੍ਰਮੁੱਖ ਤੌਰ ਤੇ, ਵਿਸ਼ੇਸ਼ਣ (Adjective) ਦੇ ਰੂਪ ਵਿਚ ਵਰਤਿਆ ਜਾਂਦਾ ਹੈ। ਕਦੇ ਕਦੇ 'ਸਤਿ' ਦੀ ਵਰਤੋਂ, ਸੰਗਿਆ ਦੇ ਤੌਰ ਤੇ, ਸੱਚ ਅਤੇ ਸੱਚ ਸਰੂਪ ਓਅੰਕਾਰ ਲਈ, ਵੀ ਕੀਤੀ ਜਾਂਦੀ ਹੈ, ਜਿਵੇਂ ਕਿ,

ਸਤਿ ਮਾਹਿ ਲੇ ਸਤਿ ਸਮਾਇਆ। (890 : 12)
ਨਾ ਸਤਿ ਦੁਖੀਆ ਨਾ ਸਤਿ ਸੁਖੀਆ,
ਨਾ ਸਤਿ ਪਾਣੀ ਜੰਤ ਫਿਰਹਿ।
ਨਾ ਸਤਿ ਮੂੰਡ ਮੁਡਾਈ ਕੇਸੀ,
ਨਾ ਸਤਿ ਪੜਿਆ ਦੇਸ ਫਿਰਹਿ। (952 : 7)

ਸਾਫ ਤੌਰ ਤੇ, ਉਪਰਲੇ ਵਾਕਾਂ ਵਿਚ 'ਸਤਿ' ਪਦ ਦੀ ਵਰਤੋਂ ਸੰਗਿਆ ਦਾ ਭਾਵ ਦਰਸਾਉਂਦੀ, ਅਤੇ ਆਦਿ ਪੁਰਖ ਪ੍ਰਮਾਤਮਾ ਦੇ ਅਰਥ ਵਿਚ ਕੀਤੀ ਗਈ ਹੈ। ਏਸੇ ਸਬੰਧ ਵਿਚ ਵੇਖੋ ਥੱਲੇ ਦਾ ਵਾਕ,

ਕਿਰਤਮ ਨਾਮ ਕਥੇ ਤੇਰੇ ਜਿਹਬਾ,
ਸਤਿ ਨਾਮੁ ਤੇਰਾ ਪਰਾ ਪੂਰਬਲਾ। (1083 : 11)

ਸ੍ਰੀ ਗੁਰੂ ਅਰਜਨ ਦੇਵ ਜੀ ਆਦਿ ਪੁਰਖ ਨੂੰ ਸੰਬੋਧਤ ਕਰਦੇ ਹੋਏ ਫਰਮਾਉਂਦੇ ਹਨ ਕਿ ਮਨੁੱਖ ਨੇ ਤੇਰੀਆਂ ਵੱਖ ਵੱਖ ਕ੍ਰਿਆਵਾਂ ਨੂੰ ਸਾਹਮਣੇ ਰੱਖ ਤੈਨੂੰ ਵੱਖ ਵੱਖ ਨਾਮ ਦੇ ਦਿੱਤੇ ਹਨ, ਪਰ ਤੇਰਾ ਸਭ ਤੋਂ ਸ੍ਰੇਸ਼ਟ ਅਤੇ ਸਭ ਤੋਂ ਪਹਿਲਾ ਨਾਮ 'ਸਤਿ' ਹੀ ਹੈ।

ਇਸ ਤੋਂ ਸਾਡੇ ਲਈ ਇਹ ਨਿਰਣਾ ਕੱਢ ਲੈਣਾ ਠੀਕ ਨਹੀਂ ਹੈ ਕਿ ਗੁਰਬਾਣੀ ਅੰਦਰ ਇਹ ਪਦ ਸਦਾ ਪ੍ਰਮਾਤਮਾ ਦੇ ਨਾਮ ਲਈ ਵਰਤਿਆ ਜਾਂਦਾ ਹੈ। ਨਾ ਹੀ ਸਾਡੇ ਲਈ ਇਹ ਕਹਿਣਾ ਠੀਕ ਹੈ ਕਿ ਇਹ ਪਦ ਸਦਾ ਸੰਗਿਆ ਦੇ ਭਾਵ ਨੂੰ ਹੀ ਦਰਸਾਉਂਦਾ ਹੈ। ਆਦਿ ਗਰੰਥ ਵਿਚ 'ਸਤਿ' ਸ਼ਬਦ ਦੀ ਆਮ ਪ੍ਰਚਲਤ ਵਿਸ਼ੇਸ਼ਣ ਦੇ ਰੂਪ ਵਿਚ ਹੀ ਕੀਤੀ ਹੋਈ ਮਿਲਦੀ ਹੈ। ਸਤਿਗੁਰ, ਸਤਿ ਅਸਥਾਨ, ਪੁਰਖ ਸਤਿ, ਕਰਤੂਤਿ ਸਤਿ, ਸਤਿ ਜਾ ਕੀ ਬਾਣੀ, ਸਤਿ ਬਚਨ, ਸਤਿ ਕਰਮੁ, ਸਤਿ ਕਰਣੀ, ਬਿਸ੍ਰਾਸ ਸਤਿ ਆਦਿ, ਵਾਕਾਂਸ਼ਾਂ ਵਿਚ, 'ਸਤਿ' ਪਦ ਸਪਸ਼ਟ ਰੂਪ ਵਿਚ ਸੱਚ ਅਤੇ ਸਦੀਵੀ (true and eternal) ਦੇ ਅਰਥਾਂ ਵਿਚ ਵਰਤਿਆ ਗਿਆ ਹੈ। ਇਸ ਸਬੰਧ ਵਿਚ ਗੁਰਬਾਣੀ ਦੀਆਂ ਥੱਲੇ ਲਿਖਤ ਤੁਕਾਂ ਸ਼ਾਤਰ ਦੇ ਧਿਆਨ ਯੋਗ ਹਨ :

ਸਤਿ ਨਾਮੁ ਪ੍ਰਭ ਕਾ ਸੁਖਦਾਈ।
ਬਿਸ੍ਰਾਸ ਸਤਿ ਨਾਨਕ ਗੁਰ ਤੇ ਪਾਈ। (284 6 ੧੭)

ਨਾਨਕ ਕੰਮਿ ਨਾ ਆਵਈ,
ਜਿਤ ਤਨਿ ਨਾਹੀ ਸਚਾ ਨਾਉ। (730 : 8)

ਹਉ ਵਾਰੀ ਜੀਉ ਵਾਰੀ,
ਸਚਾ ਨਾਮੁ ਮੰਨਿ ਵਸਾਵਣਿਆ। (116 : 16)

ਰੂਪੁ ਸਤਿ ਜਾ ਕਾ ਸਤਿ ਅਸਥਾਨੁ।
ਪੁਰਖੁ ਸਤਿ ਕੇਵਲ ਪਰਧਾਨੁ। (284 : 15)

ਸਤਿ ਸਤਿ ਸਤਿ ਪ੍ਰਭੁ ਜਾਤਾ।
ਗੁਰ ਪਰਸਾਦਿ ਸਦਾ ਮਨੁ ਰਾਤਾ। (1072 : 9)

ਸਤਿ ਪੁਰਖ ਅਕਾਲ ਮੂਰਤਿ,
ਰਿਦੇ ਧਾਰਹੁ ਧਿਆਨੁ। (1121 : 10)

ਇਹਨਾਂ ਗੁਰਵਾਕਾਂ ਵਿਚ, ਨਿਸ਼ਚਿਤ ਰੂਪ ਵਿਚ, 'ਸਤਿ' ਅਤੇ ਇਸ ਦਾ ਸਮਾਨਾਰਥਕ ਪਦ 'ਸਚਾ', ਵਿਸ਼ੇਸ਼ਣ ਦੇ ਰੂਪ ਵਿਚ ਵਰਤੇ ਗਏ ਹਨ।

ਉਪਰ ਆਏ ਪ੍ਰਮਾਣਾਂ ਤੋਂ ਪਤਾ ਲਗਦਾ ਹੈ ਕਿ ਗੁਰਬਾਣੀ ਅੰਦਰ 'ਸਤਿ' ਪਦ ਦੀ ਵਰਤੋਂ, ਸੰਗਿਆ ਅਤੇ ਵਿਸ਼ੇਸ਼ਣ, ਦੋਨਾਂ ਭਾਵਾਂ ਵਿਚ ਹੀ ਕੀਤੀ ਗਈ ਹੈ। ਸੰਗਿਆਂ ਦੇ ਰੂਪ ਵਿਚ, ਸੱਚ ਅਤੇ ਸੱਚ ਸਰੂਪ ਪ੍ਰਮਾਤਮਾ ਲਈ, ਅਤੇ ਵਿਸ਼ੇਸ਼ਣ ਦੇ ਰੂਪ ਵਿਚ। ਇਹ ਪਦ, ਸੱਚਾ ਅਤੇ ਸਦੀਵੀ ਦੇ ਅਰਥ ਵਿਚ, ਵਰਤਿਆ ਗਿਆ ਹੈ। ਕਿਸੇ ਖਾਸ ਥਾਂ ਤੇ ਇਸ ਪਦ ਦਾ ਕਿਹੜਾ ਆਸ਼ਾ ਲੈਣਾ ਹੈ, ਇਸ ਗਲ ਦਾ ਨਿਰਣਾ, ਸਦਾ ਸ਼ਬਦ ਦੇ ਪ੍ਰਕਰਨ (context) ਨੂੰ ਧਿਆਨ ਵਿਚ ਰੱਖ ਕੇ ਕੀਤਾ ਜਾਂਦਾ ਹੈ।

### ਨਾਮੁ

ਗੁਰਬਾਣੀ ਅੰਦਰ ਇਹ ਪਦ ਤਿੰਨ ਮੁੱਖ ਅਰਥਾਂ ਵਿਚ ਵਰਤਿਆ ਗਿਆ ਹੈ :

ੳ. ਓਅੰਕਾਰ ਪੁਰਖ ਦੇ ਨਾਮ ਲਈ, ਜਿਵੇਂ ਕਿ
ਨਾਮੁ ਨਿਧਾਨੁ ਜਾ ਕੇ ਮਨ ਮਾਹਿ।
ਤਿਸੁ ਕਉ ਚਿੰਤਾ ਸੁਪਨੈ ਨਾਹਿ। (388 : 11)

ਹਰਿ ਕਾ ਨਾਮੁ ਜਪਤ ਦੁਖੁ ਜਾਇ।
ਨਾਨਕ ਬੋਲੈ ਸਹਜਿ ਸੁਭਾਇ। (266 : 3)

ਅ. ਵਿਅਕਤੀ ਦੀ ਨਾਮ ਸਿਮਰਨ ਦੀ ਕ੍ਰਿਆ ਲਈ ਜਿਵੇਂ ਕਿ,
ਬਿਨੁ ਬਾਜੇ ਕੈਸੋ ਨਿਰਤਕਾਰੀ॥
ਬਿਨੁ ਕੰਠੈ ਕੈਸੇ ਗਾਵਨਹਾਰੀ।
ਜੀਲ ਬਿਨਾ ਕੈਸੇ ਬਜੈ ਰਬਾਬ।
ਨਾਮ ਬਿਨਾ ਬਿਰਥੇ ਸਭਿ ਕਾਜ। (1140 : 9)

ਸ੍ਰੀ ਗੁਰੂ ਅਰਜਨ ਦੇਵ ਜੀ ਫਰਮਾਉਂਦੇ ਹਨ ਕਿ ਰਾਗ ਦੀ ਅਣਹੋਂਦ ਕਾਰਨ ਨਰਤਕੀ ਦਾ ਨਾਚ ਅਧੂਰਾ ਰਹਿ ਜਾਂਦਾ ਹੈ। ਗਾਉਣ ਵਾਲੀ ਇਸਤਰੀ ਦਾ ਗਲਾ ਚੰਗਾ ਨਾ ਹੋਣ ਕਾਰਨ ਉਸ ਦਾ ਸੰਗੀਤ ਬੇਰਸ ਬਣ ਜਾਂਦਾ ਹੈ। ਜੇ ਰਬਾਬ ਦੀਆਂ ਤਾਰਾਂ ਹੀ ਸਾਬਤ ਨਾ ਹੋਣ ਤਾਂ ਉਸ ਵਿਚੋਂ ਕੀ ਰਾਗ ਨਿਕਲ ਸਕਦਾ ਹੈ ? ਏਸ ਤਰ੍ਹਾਂ ਨਾਮ ਸਿਮਰਨ ਦੀ ਅਣਹੋਂਦ ਕਾਰਨ, ਮਨੁੱਖੀ ਜੀਵਨ ਬੇਅਰਥ ਅਤੇ ਬੇਸੁਆਦਾ ਬਣ ਕੇ ਰਹਿ ਜਾਂਦਾ ਹੈ।

ੲ. ਓਅੰਕਾਰ(ਜਾਂ ਉਸਦੀ ਸੱਤਾ) ਲਈ ਜਿਵੇਂ ਕਿ,
ਨਾਮ ਕੇ ਧਾਰੇ ਖੰਡ ਬ੍ਰਹਮੰਡ। (284 : 12)

ਨਾਮ ਕੇ ਧਾਰੇ ਆਗਾਸ ਪਾਤਾਲਾ।
ਨਾਮ ਕੇ ਧਾਰੇ ਸਗਲ ਆਕਾਰ।
ਨਾਮ ਕੇ ਧਾਰੇ ਪੁਰੀਆਂ ਸਭ ਭਵਨ। (284 : 13)

ਗੁਰੂ ਜੀ ਸੁਖਮਨੀ ਸਾਹਿਬ ਵਿਚ ਦੱਸਦੇ ਹਨ ਕਿ ਵਿਸ਼ਵ, ਖੰਡ, ਆਕਾਸ਼ ਅਤੇ ਪਾਤਾਲ, ਸਭ ਪ੍ਰਮਾਤਮਾ ਦੇ ਸਹਾਰੇ ਹੀ ਖੜੇ ਹੋਏ ਹਨ।

ਗੁਰਬਾਣੀ ਵਿਚ, 'ਨਾਮ' ਪਦ, ਥੱਲੇ ਅੰਕਿਤ ਤਿੰਨ ਹੋਰ ਰੂਪਾਂ ਵਿਚ ਲਿਖਿਆ ਹੋਇਆ ਵੀ ਮਿਲਦਾ ਹੈ :

ੳ. ਨਾਉ, ਜਿਵੇਂ ਕਿ,
ਸਭੇ ਵਸਤੂ ਕਉੜੀਆਂ,
ਸਚੇ ਨਾਉ ਮਿਠਾ। (321 : 6)

ਅ. ਨਾਵ, ਜਿਵੇਂ ਕਿ :
ਪੂਰੇ ਸਤਿਗੁਰਿ ਬੂਝ ਬੁਝਾਈ।
ਵਿਣੁ ਨਾਵੈ ਮੁਕਤਿ ਕਿਨੈ ਨ ਪਾਈ। (1052 : 3)

ੲ. ਨਾਇ, ਜਿਵੇਂ ਕਿ :
ਨਾਇ ਸੁਣਿਐ ਮਨੁ ਰਹਸੀਐ,
ਨਾਮੇ ਸਾਂਤਿ ਆਈ। (1239 : 19)

### ਸਤਿ ਨਾਮੁ

ਵਾਕਾਂਸ਼ 'ਸਤਿ ਨਾਮੁ' ਵਿਚ, ਨਾਮੁ ਤੋਂ ਭਾਵ, ਪ੍ਰਮਾਤਮਾ ਦੇ ਨਾਮ ਤੋਂ ਹੈ।

ਗੁਰੂ ਜੀ ਸਾਨੂੰ ਦੋ ਪ੍ਰਕਾਰ ਦੇ ਨਾਵਾਂ ਤੋਂ ਜਾਣੂ ਕਰਵਾਉਂਦੇ ਹਨ। ਇਕ ਉਹ ਜੋ ਸਦੀਵੀ, ਸਥਿਰ ਅਤੇ ਕਦੇ ਨਾ ਮਿਟਣ ਵਾਲੇ ਹੋਣ, ਅਤੇ ਦੂਜੇ ਉਹ, ਜੋ ਅਲਪਕਾਲੀ, ਸਥਿਰ ਅਤੇ ਸਮੇਂ ਦੇ ਪੰਨਿਆਂ ਤੋਂ ਮਿਟ ਜਾਣ ਵਾਲੇ ਹੋਣ। 'ਓਅੰਕਾਰ' ਪਹਿਲੀ ਸ਼ਰੇਣੀ ਦਾ ਨਾਮ ਹੈ ਜੋ ਅਮਰ ਅਤੇ ਸਥਾਈ ਹੈ। ਬਾਕੀ ਸਭ ਨਾਮ, ਜੋ ਜੀਵਤ ਅਤੇ ਨਿਰਜਿੰਦ ਪਦਾਰਥਾਂ ਲਈ ਵਰਤੇ ਜਾਂਦੇ ਹਨ, ਥੋੜਾ ਸਮਾਂ ਜਿਉਂ ਕੇ ਸਮੇਂ ਦੇ ਚਿੱਤਰ-ਟਾਟ ਤੋਂ ਮਿਟ ਜਾਣ ਵਾਲੇ ਨਾਮ ਹਨ।

ਭਾਈ ਗੁਰਦਾਸ ਜੀ ਨੇ ਵਾਰ 11 ਦੀਆਂ ਪਾਉੜੀਆਂ 23,24 ਅਤੇ 25 ਵਿਚ, ਆਪਣੇ ਸਮੇਂ ਦੇ ਕੁਝ ਵਿਸ਼ੇਸ਼ ਸਿੱਖਾਂ ਦੇ ਨਾਮ ਦੱਸੇ ਹਨ। ਪੈੜਾ, ਪੀਰਾਣਾ, ਜੱਜਾ, ਜੇਠਾ, ਬਾਲਾ, ਲੱਧਾ, ਮੰਝ, ਰੂਹੜ, ਉਗਵੰਦਾ, ਓਹਰੀ, ਸਾਈਂ, ਸੰਹਾਰੀ, ਢੇਸੀ, ਧਉਣ ਮੁਰਾਰੀ, ਸੇਦੋ, ਨਾਨੋ, ਲੱਖੂ, ਬੁੱਧੂ, ਹੇਮੁ ਭਾਨੂੰ ਅਤੇ ਨਿਹਾਲੂ, 16-ਵੀਂ ਅਤੇ 17-ਵੀਂ ਸਦੀ ਦੇ ਕੁਝ ਸਿੱਖਾਂ ਦੇ ਨਾਮ ਹਨ। ਇਹ ਸਿੱਖ ਕੋਈ ਸਾਧਾਰਨ ਵਿਅਕਤੀ ਨਹੀਂ ਸਨ। ਭਾਈ ਜੀ ਨੇ ਇਹਨਾਂ ਨੂੰ ਭਗਤ, ਗੁਰੂ ਰਜ਼ਾ ਵਿਚ ਚਲਣ ਵਾਲੇ, ਪਰਉਪਕਾਰੀ ਅਤੇ ਗੁਰੂ ਦੇ ਆਗਿਆਕਾਰੀ ਸਿੱਖ ਕਹਿ ਕੇ ਸਤਿਕਾਰਿਆ ਹੈ।

ਦੱਸੋ ਉਪਰ ਦਿੱਤੇ ਨਾਵਾਂ ਵਿਚੋਂ ਅਜ ਕਿੰਨੇ ਨਾਮ ਪ੍ਰਚਲਤ ਹਨ ? ਅਜ ਦੇ ਸਮੇਂ ਵਿਚ, ਇਹਨਾਂ ਵਿਚੋਂ ਕੋਈ ਵਿਰਲਾ ਨਾਮ ਹੀ ਆਮ ਲੋਕਾਂ ਦੀ ਯਾਦ ਵਿਚ ਜੀਵਤ ਹੋਵੇਗਾ, ਬਾਕੀ ਸਭ ਅਲੋਪ ਹੋ ਗਏ ਹਨ।

ਬਾਬੂ ਸਿੰਘ, ਜਾਗੀਰ ਸਿੰਘ, ਪ੍ਰਦੁਮਣ ਸਿੰਘ, ਅਤੇ ਪੂਰਨ ਸਿੰਘ, ਇਹ ਅਜ ਦੇ ਸੱਠ ਸਾਲ ਦੇ ਨੇੜ ਤੇੜ-ਆਯੂ ਰੱਖਣ ਵਾਲੇ ਕੁਝ ਵਿਅਕਤੀਆਂ ਦੇ ਨਾਮ ਹਨ। ਪਰ ਅਜੋਕੀ ਪੀੜ੍ਹੀ ਵਿਚ ਇਹਨਾਂ ਨਾਵਾਂ ਦਾ ਸਥਾਨ ਬਲਵਿੰਦਰਪਾਲ ਸਿੰਘ, ਜਤਿੰਦਰ ਪਾਲ ਸਿੰਘ, ਹਰਮਨਦੀਪ ਸਿੰਘ, ਕਮਲਦੀਪ ਸਿੰਘ, ਸਿਮਰਪ੍ਰੀਤ ਸਿੰਘ, ਸੁਖਪ੍ਰੀਤ ਸਿੰਘ, ਕੁਲਜੀਤ ਸਿੰਘ, ਹਿਰਦੇਜੀਤ ਸਿੰਘ, ਨਵਜੋਤ ਸਿੰਘ, ਪ੍ਰਭਜੋਤ ਸਿੰਘ, ਉਂਕਾਰ ਸਿੰਘ, ਪ੍ਰਮੇਸ਼ਰ ਸਿੰਘ, ਅਮਰ ਇਕਬਾਲ ਸਿੰਘ ਅਤੇ ਰਾਜਨਬੀਰ ਸਿੰਘ ਨੇ ਲੈ ਲਿਆ ਹੈ।

ਇਹ ਗੱਲ ਕੀ ਸਿੱਧ ਕਰਦੀ ਹੈ ? ਇਹ, ਕਿ ਕਿਸੇ ਇਨਸਾਨ ਦਾ ਨਾਮ ਸਥਾਈ ਨਹੀਂ ਕਿਸੇ ਇਨਸਾਨੀ ਨਾਮ ਦੇ ਸਥਾਈ ਨਾ ਹੋਣ ਦਾ ਕਾਰਨ, ਉਸ ਇਨਸਾਨ ਦੀ ਹੋਂਦ ਦੇ ਸਥਾਈ ਨਾ ਹੋਣ ਵਿਚ ਵੇਖਿਆ ਜਾ ਸਕਦਾ ਹੈ। ਜਦ ਜੱਜਾ ਅਤੇ ਜੇਠਾ ਆਪ ਹੀ ਨਾ ਰਹੇ, ਤਾਂ ਉਹਨਾਂ ਦੇ ਨਾਵਾਂ ਨੇ ਪਿੱਛੇ ਕਿਸ ਆਸਰੇ ਖੜੇ ਰਹਿਣਾ ਸੀ ? ਜਦ ਲੱਖੂ ਅਤੇ ਬੁੱਧੂ ਆਪ ਹੀ ਇਹ ਸੰਸਾਰ ਛੱਡ ਕੇ ਚਲੇ ਗਏ, ਤਾਂ ਉਹਨਾਂ ਦੇ ਨਾਵਾਂ ਨੇ ਉਹਨਾਂ ਦੇ ਨਾਲ ਹੀ ਚਲੇ ਜਾਣਾ ਸੀ।

ਇਸ ਨਿਰਾਸ਼ਾ-ਜਨਕ ਸਥਿਤੀ ਵਿਚ, ਇਕ ਆਸ਼ਾ ਦੀ ਕਿਰਨ ਵੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੱਸਦੇ ਹਨ ਕਿ ਇਕ ਨਾਮ ਐਸਾ ਹੈ, ਜੋ ਸਦਾ ਹੀ ਜੀਵਤ ਰਹਿੰਦਾ ਹੈ, ਜੋ ਕਦੇ ਵੀ ਅਲੋਪ ਨਹੀਂ ਹੁੰਦਾ। ਉਹ ਨਾਮ ਹੈ, 'ਓਅੰਕਾਰ'। 'ਓਅੰਕਾਰ' ਨਾਮ ਅਮਰ, ਅਮਿਟ, ਸਦੀਵੀ ਅਤੇ ਸਦਾ ਹੋਂਦ ਰੱਖਣ ਵਾਲਾ ਹੈ। ਏਸੇ ਲਈ ਹੀ ਗੁਰੂ ਜੀ ਕਹਿੰਦੇ ਹਨ ਕਿ ਓਅੰਕਾਰ ਪੁਰਖ ਦਾ ਨਾਮ 'ਸਤਿ' ਹੈ।

'ਓਅੰਕਾਰ' ਨਾਮ ਕਿਉਂ ਸਤਿ ਹੈ ? ਇਸ ਲਈ ਕਿ ਇਹ ਨਾਮ ਜਿਸ ਹਸਤੀ ਲਈ ਵਰਤਿਆ ਜਾਂਦਾ ਹੈ ਉਹ ਹਸਤੀ ਆਪ ਸਤਿ ਅਤੇ ਸਦੀਵੀ ਹੈ। ਗੁਰੂ ਜੀ ਨੇ ਜਪੁ ਜੀ ਸਾਹਿਬ ਵਿਚ ਫਰਮਾਇਆ ਹੈ :

ਸਾਚਾ ਸਾਹਿਬੁ ਸਾਚੁ ਨਾਇ। (ਪਉੜੀ 4)

ਉਹ ਮਾਲਕ ਆਪ ਸਦਾ ਰਹਿਣ ਵਾਲਾ ਹੈ, ਉਸ ਦਾ ਨਾਮ ਵੀ ਸਦਾ ਰਹਿਣ ਵਾਲਾ ਹੈ।

ਸਿੱਖ ਸ਼ਾਤਰ ਲਈ ਇਹ ਸਚਾਈ ਇਕ ਸਵੈ-ਸਿੱਧ ਕਥਨ ਬਣ ਜਾਣਾ ਚਾਹੀਦਾ ਹੈ : ਜੋ ਤੱਥ ਆਪ ਵਿਨਾਸ਼ੀ ਹੈ ਉਸ ਦਾ ਨਾਮ ਸਦਾ ਰਹਿਣ ਵਾਲਾ ਨਹੀਂ ਹੋ ਸਕਦਾ, ਕਿਸੇ ਸਦੀਵੀ ਤੱਥ ਦਾ ਨਾਮ ਹੀ ਸਦੀਵੀ ਹੋ ਸਕਦਾ ਹੈ।

(ਬਾਕੀ ਪੰਨਾ ੧੭ ਤੇ)

## ਨਰਮ ਫੈਸਲਾ ਲੈਣਾ ਦਲ਼ ਦੀ ਸਿਆਣਪ

—ਬਲਦੇਵ ਪ੍ਰਕਾਸ਼

ਅੰਮ੍ਰਿਤਸਰ, (ਪੱਤਰ ਪਰੇਰਕ)—ਭਾਰਤੀ ਜਨਤਾ ਪਾਰਟੀ ਪੰਜਾਬ ਸ਼ਾਖਾ ਦੇ ਆਗੂ ਡਾਕਟਰ ਬਲਦੇਵ ਪਰਕਾਸ਼ ਨੇ ਕਿਹਾ : "ਅਕਾਲੀ ਲੀਡਰਸ਼ਿਪ ਨੇ ਕੋਈ ਸਖਤ ਫੈਸਲਾ ਨਾ ਲੈਕੇ ਇਕ ਸਿਆਣਪ ਵਾਲੀ ਗੱਲ ਕੀਤੀ ਹੈ. ਕਿਉਂਕਿ ਕਿਸੇ ਵੀ ਸਖਤ ਫੈਸਲੇ ਨਾਲ ਪੰਜਾਬ ਦੀ ਫਿਰਕੂ ਏਕਤਾ ਭੰਗ ਹੋਣੀ ਸੀ."

ਡਾ: ਬਲਦੇਵ ਪਰਕਾਸ਼ ਨੇ ਹੋਰ ਕਿਹਾ ਕਿ ਆਮ ਸ਼ਹਿਰੀਆਂ ਵਿਚ ਇਹ ਡਰ ਪਾਇਆ ਜਾ ਰਿਹਾ ਸੀ ਕਿ ਜੇਕਰ ਅਕਾਲੀ ਦਲ ਨੇ ਕੋਈ ਸਖਤ ਫੈਸਲਾ ਕੀਤਾ ਤਾਂ ਇਸ ਨਾਲ ਹਿੰਸਕ ਘਟਨਾਵਾਂ ਹੋਣ ਦੀ ਸੰਭਾਵਨਾ ਹੈ. ਪਰ ਅਕਾਲੀ ਦਲ ਦੇ ਨਵੇਂ ਲਏ ਗਏ ਫੈਸਲੇ ਤੋਂ ਲੋਕਾਂ ਨੇ ਕਾਫੀ ਸੁਖ ਦਾ ਸਾਹ ਲਿਆ.

## ਠੰਢ ਨਾਲ ਦੋ ਮੌਤਾਂ

ਅੰਮ੍ਰਿਤਸਰ, — ਸਥਾਨਕ ਅਟਾਰੀ ਰੋਡ ਤੇ ਇਕ ਭਿਖਾਰੀ ਦੀ ਠੰਢ ਲਗਣ ਨਾਲ ਮੌਤ ਹੋ ਗਈ ਹੈ. ਦਸਿਆ ਜਾਂਦਾ ਹੈ ਕਿ ਮ੍ਰਿਤਕ ਕਈ ਦਿਨਾਂ ਤੋਂ ਘਟਨਾ ਵਾਲੀ ਥਾਂ ਤੇ ਰਹਿ ਰਿਹਾ ਸੀ.

ਇਕ ਹੋਰ ਸੂਚਨਾ ਅਨੁਸਾਰ ਫਿਲੌਰ ਦੇ ਬਾਈਪਾਸ ਪੁਲ ਦੇ ਨੇੜੇ ਇਕ 40 ਸਾਲਾ ਭਿਖਾਰੀ ਦੀ ਠੰਢ ਲਗਣ ਨਾਲ ਮੌਤ ਹੋਣ ਦੀ ਸੂਚਨਾ ਮਿਲੀ ਹੈ. ਬਾਅਦ ਵਿਚ ਨਗਰ-ਪਾਲਿਕਾ ਫਿਲੌਰ ਵਲੋਂ ਭਿਖਾਰੀ ਦਾ ਅੰਤਮ ਸਸਕਾਰ ਕਰ ਦਿਤਾ ਗਿਆ ਹੈ.

## ਦਲ ਦੀ ਧੜੇਬੰਦੀ ਗਲਬਾਤ ਸਿਰੇ ਨਹੀਂ ਚੜਨ ਦਿੰਦੀ

—ਢਿਲੋਂ


ਕਿਸੇ ਹੋਰ ਥਾਂ ਮੂਵ ਹੋ ਰਹੇ ਹੋ?
ਕ੍ਰਿਪਾ ਕਰਕੇ ਸਾਨੂੰ ਜਰੂਰ ਦੱਸੋ।

ਚਿਟ ਨੰਬਰ--------------------
ਪੁਰਾਣਾ ਪਤਾ--------------------
--------------------
--------------------
--------------------
ਨਵਾਂ ਪਤਾ ਸਟਰੀਟ/ਐਵੇਨਿਊ--------------------
ਟਾਊਨ--------------------
ਸਟੇਟ--------------------
ਪੋਸਟਲ ਕੋਡ--------------------
ਫੋਨ ਨੰਬਰ--------------------





ਦਲਜੀਤ ਸਿੰਘ ਸਿੱਧੂ

S. & S. INSURANCE

ਇਨ੍ਹਾਂ ਦਾ ਦਫਤਰ ਤੁਹਾਡੀ ਸਹੂਲਤ ਲਈ 6658 Main Street. Vancouver, B.C. (ਜਿੱਥੇ ਪਹਿਲਾਂ ਸ਼ਾਨ ਸਾੜ੍ਹੀਜ਼ ਹੁੰਦਾ ਸੀ) ਉਥੇ ਮੂਵ ਹੋ ਗਏ ਹਨ। ਇਹਨਾਂ ਕੋਲੋਂ ਕਾਰਾਂ, ਟਰੱਕਾਂ, ਵੈਨਾਂ, ਪਿਕਅੱਪਾਂ ਦੀ ਇਨਸ਼ੋਰੈਂਸ ਕਰਾਉਣ ਲਈ ਚਲੇ ਆਓ।
ਪਹਿਲਾਂ ਇਨ੍ਹਾਂ ਨਾਲ ਗੱਲ ਜ਼ਰੂਰ ਕਰ ਲਓ।

Autoplan
1984 INSURANCE & LICENCE

Ph. 324-2311
324-5711



ਹਰਦੇਵ ਸਿੰਘ ਸਿੱਧੂ

# ਬਾਬਾ ਦੀਪ ਸਿੰਘ ਜੀ
# ਸਿਰ ਲੌ ਦਾਨੀ ਸਿਦਕੀ ਸੂਰੇ

**ਸਤਿਬੀਰ ਸਿੰਘ ਪ੍ਰਿੰਸੀਪਲ**

ਸਮੁੱਚੀ ਕੌਮ ਬਾਬਾ ਦੀਪ ਸਿੰਘ ਜੀ ਦਾ ਤਿੰਨ ਸੌ ਸਾਲਾ ਜਨਮ ਦਿਹਾੜਾ ਮਨਾ ਰਹੀ ਹੈ ਅਤੇ ਨਾਲ ਹੀ ਨਿਤ ਅਰਦਾਸ ਵਿਚ ਪੜ੍ਹੇ ਜਾ ਰਹੇ ਸ਼ਬਦਾਂ "ਜਹਾਂ ਜਹਾਂ ਖਾਲਸਾ ਜੀ ਸਾਹਿਬ ਤਹਾਂ ਤਹਾਂ ਰਛਿਆ ਰਿਆਇਤ" ਨੂੰ ਦੁਹਰਾ ਕੇ ਹੱਕਾਂ ਹੁਕਨਾਂ ਲਈ ਜੂਝਣ ਲਈ ਤਿਆਰ ਹੈ ਅਤੇ ਕਿਸੇ ਦੋਖੀ ਸ਼ਤਰੂ ਦੀ ਵਾਹ ਨਹੀਂ ਲੱਗਣ ਦੇਵੇਗੀ।

ਬਾਬਾ ਦੀਪ ਸਿੰਘ ਜੀ ਬਾਲ ਹੁੰਦੇ ਹੀ ਗੁਰੂ ਚਰਨਾਂ ਵਿਚ ਅਨੰਦਪੁਰ ਪੁਜ ਗਏ ਸਨ ਅਤੇ ਕਲਗੀਧਰ ਪਾਸੋਂ ਹੀ ਉਹਨਾਂ ਅੰਮ੍ਰਿਤ ਪਾਨ ਕੀਤਾ ਸੀ। ਹਰ ਪੰਥਕ ਮੁਹਿਮ ਤੇ ਅੱਗੇ ਹੋ ਕੇ ਜੂਝਦੇ ਅਤੇ ਸ਼ਹੀਦੀ ਗਾਨਾ ਬੰਨ੍ਹੀ ਰੱਖਦੇ। ਸਾਡੇ ਇਤਿਹਾਸ ਨੇ ਇਸੇ ਲਈ ਉਨ੍ਹਾਂ ਨੂੰ :

ਜਤੀ ਸਤੀ ਹਠ ਤਪ ਪ੍ਰਣ ਪੂਰੇ ॥
ਸਿਰ ਲੌ ਦਾਨੀ ਸਿਦਕੀ ਸੂਰੇ ॥ ੧੧॥

(ਪੰਥ ਪ੍ਰਕਾਸ਼, ਅਧਿ: ੫੦)

ਕਰਕੇ ਸਨਮਾਨਿਆ ਹੈ।

ਜਦ ਦਸਮ ਪਿਤਾ ਨੇ ਆਪੂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਭਾਵ-ਅਰਥ ਟੀਕਾ ਸਹਿਤ ਕੀਤੇ ਤਾਂ ਬਾਬਾ ਦੀਪ ਸਿੰਘ ਜੀ, ਉਹਨਾਂ ਅਠਤਾਲੀ ਸਿੱਖਾਂ ਵਿਚੋਂ ਇਕ ਸਨ। ਉਹਨਾਂ ਦੇ ਸਹਿਪਾਠੀ ਭਾਈ ਮਨੀ ਸਿੰਘ ਜੀ, ਬਾਬਾ ਰਾਮ ਕੁਇਰ, ਭਾਈ ਧੀਰ ਰੰਘਰੇਟੇ, ਭਾਈ ਬਿਸ਼ੰਬਰ ਸਿੰਘ ਉਜੈਨ; ਭਾਈ ਧਰਮ ਸਿੰਘ ਜੀ ਭਿੰਡਰਾਂਵਾਲੇ ਤੇ ਭਾਈ ਮਲਿਆਗਰ ਸਿੰਘ ਸੰਤੋਖੀ ਵੀ ਸੀ।

ਆਪਸ ਵਿਚ ਸਿੰਘਾਂ ਦਾ ਕਿਤਨਾ ਪਿਆਰ ਸੀ, ਉਸ ਦੀ ਉਦਾਹਰਣ ਬਾਬਾ ਦੀਪ ਸਿੰਘ ਜੀ ਦਾ ਸਮਾਂ ਹੈ ਜਦ ਉਹ ਕਰਤਾਰ ਪੁਰ(ਜਲੰਧਰ) ਲਿਖੀ ਬੀੜ ਦੀ ਸੁਧਾਈ ਕਰਨ ਲਈ ਆਏ ਸਨ। ਨਾ ਸਿਰਫ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਰੱਖਿਆ ਦਾ ਪ੍ਰਬੰਧ ਕੀਤਾ, ਸਗੋਂ ਬਾਬਾ ਜੀ ਦੀ ਰਹਾਇਸ਼ ਲੰਗਰ ਦਾ ਆਪੂੰ ਧਿਆਨ ਰੱਖਦੇ।

ਜਦ ਸ੍ਰੀ ਦਰਬਾਰ ਸਾਹਿਬ ਦੀ ਬੇਅਦਬੀ ਦੀ ਸੋਅ ਕੰਨੀਂ ਪਈ ਤਾਂ ਉਸ ਵੇਲੇ ਖੰਡਾ ਸੰਭਾਲ ਲਿਆ। ਸ੍ਰੀ ਦਰਬਾਰ ਸਾਹਿਬ, ਕੂਚ ਕਰਨ ਵੇਲੇ ਦਮਦਮਾ ਸਾਹਿਬ ਪਹਿਲਾਂ ਅਖੰਡ-ਪਾਠ ਕਰਵਾਇਆ ਅਤੇ ੮ ਸਿੰਘਾਂ ਨਾਲ ਚਲ ਪਏ। ਰਾਹ ਵਿਚ ਜਿਸ ਕਿਸੇ ਸੁਣਿਆ ਸ਼ਹੀਦੀ ਜਥੇ ਨਾਲ ਹੋ ਤੁਰਿਆ। ਬਾਬਾ ਜੀ ਵੰਗਾਰ ਹੀ ਐਸੇ ਪਾਂਦੇ ਸਨ ਕਿ ਹਰ ਕੋਈ ਨਿਜ ਦਾ ਖਿਆਲ ਛੱਡ ਦੇਂਦਾ ਸੀ ਬਹਮਨ, ਨੀਹਾਂ ਵਾਲੀ, ਗੁਰੂ ਕੇ ਚੌਤਰੇ, ਲਖੀ ਜੰਗਲ, ਡੂਲ, ਮੇਹਰਾਜ, ਭਲੂ, ਗੋਬਿੰਦ ਪੁਰਾ, ਕੋਟ, ਦਰਾਜ਼, ਹਰੀ ਕੇ ਪਤਨ ਦੇ ਪਿੰਡਾਂ ਦਾ ਉਚੇਚਾ ਜ਼ਿਕਰ ਸਿੱਖ ਇਤਿਹਾਸ ਨੇ ਕੀਤਾ ਹੈ। ਜਦ ਤਰਨ ਤਾਰਨ ਪੁਜੇ ਤਾਂ ਸ਼ਹਿਬਾਜ ਪੁਰ, ਦਿਆਲ ਪੁਰ, ਪੱਟੀ, ਗੋਇੰਦਵਾਲ ਤੇ ਇਲਾਕੇ ਦੇ ਸਿੰਘਾਂ ਦਾ ਭਾਰੀ ਇਕੱਠ ਹੋ ਗਿਆ।

ਤਰਨ ਤਾਰਨ ਤੋਂ ਲੈ ਕੇ, ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ ਤੱਕ ਅਨੇਕਾਂ ਸਿੰਘ ਸ਼ਹੀਦ ਹੋਏ, ਪਰ ਦਰਬਾਰ ਸਾਹਿਬ ਦੀ ਬੇਅਦਬੀ ਕਰਨ ਵਾਲਿਆਂ ਨੂੰ ਐਸੀ ਸਜ਼ਾ ਦਿਤੀ ਕਿ ਫਿਰ ਕਿਸੇ ਦੀ ਜੁਰਅਤ ਨਾ ਹੋਈ। ਅੰਮ੍ਰਿਤਸਰ ਵਿਚ ਜੋ ਇਹ ਮਨੌਤ ਹੈ ਕਿ ਇਥੇ ਸ਼ਹੀਦਾਂ ਦਾ ਪਹਿਰਾ ਹੈ, ਉਹ ਨਿਰੀ ਕਈ ਹੋਈ ਗੱਲ ਨਹੀਂ, ਹਕੀਕਤ ਹੈ।

ਚੱਬੇ ਬਾਬਾ ਨੋਧ ਸਿੰਘ, ਸੰਗਰਾਣਾ ਸਾਹਿਬ ਬਾਬਾ ਹਰੀ ਸਿੰਘ, ਬੀਰ ਸਿੰਘ, ਚਾਟੀਵਿੰਡ ਭਾਈ ਮਹਿਤਾਬ ਸਿੰਘ, ਬਿਬੇਕਸਰ-ਬਾਬਾ ਬੀਰ ਸਿੰਘ, ਬਾਬਾ ਕੌਰ ਸਿੰਘ, ਬਾਬਾ ਮੰਨਾ ਸਿੰਘ, ਬਾਬਾ ਬਸੰਤ ਸਿੰਘ ਗੁਰੂ ਕੇ ਬਾਗ ਮੰਜੀ ਸਾਹਿਬ ਬਾਬਾ ਦਿਆਲ ਸਿੰਘ, ਬਾਬਾ ਨਿਹਾਲ ਸਿੰਘ, ਬਾਬਾ ਬਾਲ ਸਿੰਘ, ਬਾਬਾ ਤਾਰਾ ਸਿੰਘ ਕੰਧ, ਬਾਬਾ ਖਿਆਲਾ ਸਿੰਘ, ਸ਼ਹੀਦ ਬੁੰਗੇ ਬਾਬਾ ਦੀਪ ਸਿੰਘ, ਚੁਰੱਸਤੀ ਅਟਾਰੀ-ਬਾਬਾ ਨਿਹਾਲ ਸਿੰਘ, ਅਕਾਲ ਤਖਤ, ਬਾਬਾ ਗੁਰਬਖਸ਼ ਸਿੰਘ, ਥੜਾ ਸਾਹਿਬ-ਬਾਬਾ ਬਸੰਤ ਸਿੰਘ, ਰਾਮਗੜ੍ਹੀਆ ਦੇ ਕਟੜੇ-ਬਾਬਾ ਰਾਮ ਸਿੰਘ ਅਤੇ ਹੋਰ ਅਨੇਕਾਂ। ਇਸੇ ਲਈ ਤਾਂ ਪ੍ਰੋਫੈਸਰ ਪੂਰਨ ਸਿੰਘ ਨੇ ਭਾਵਕ ਹੋ ਕੇ ਕਿਹਾ ਸੀ ਕਿ —

**ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ ਕਰਦੇ ਕਦੇ ਕਾਹਲੀ ਨਾ ਪਾਈਂ, ਛੇਤੀ ਨਾ ਕਰੀਂ, ਕਿਉਂਕਿ ਹਰ ਸਿਲਾਂ ਹੇਠਾਂ, ਇਕ ਸ਼ਹੀਦ ਸੁੱਤਾ ਪਿਆ ਹੈ।**

ਬਾਬਾ ਦੀਪ ਸਿੰਘ ਜੀ ਨੇ 'ਸਿਰੁ ਧਰਿ ਤਲੀ ਗਲੀ ਮੇਰੀ ਆਉ' ਦਾ ਪ੍ਰਤੱਖ ਉਲੱਥਾ ਕਰਕੇ ਦਖਾਲ ਦਿੱਤਾ ਸੀ। ਜੰਗ ਵਿਚ ਜੂਝਦੇ ਜਦ ਆਪ ਜੀ ਦਾ ਸਿਰ ਧੜ ਨਾਲੋਂ ਅਲੱਗ ਹੋ ਗਿਆ ਤਾਂ ਇਕ ਸਿੰਘ ਨੇ ਕਿਹਾ ਕਿ ਬਾਬਾ ਜੀ ਦਾ ਪ੍ਰਣ ਤਾਂ ਪੂਰਾ ਨਾ ਹੋਇਆ। ਗਿਆਨੀ ਗਿਆਨ ਸਿੰਘ ਜੀ ਦੇ ਸ਼ਬਦਾਂ ਵਿਚ :—

"ਫਿਰ ਤੈ ਏਕ ਸਿੰਘ ਪਿਖਿ ਕਹਯੋ।
ਪਰਣ ਤੁਮਾਰ ਦੀਪ ਸਿੰਘ ਰਹਯੋ।
ਗੁਰੂ ਪੁਰਿ ਜਾਇ ਸੀਸ ਮੈ ਦੈਹੌਂ।
ਸੋ ਤੇ ਦੋਇ ਕੋਸ ਇਸੇ ਹੌਂ ॥੫੭॥

(ਪੰਥ ਪ੍ਰਕਾਸ਼, ਅਧਿਆਇ ੫੦)

ਉਸ ਸਮੇਂ ਬਾਬਾ ਜੀ ਨੇ ਖੱਬੇ ਹੱਥ ਆਪਣਾ ਸੀਸ ਉਠਾ ਲਿਆ ਤੇ ਸੱਜੇ ਹੱਥ ਖੰਡਾ ਦੋ-ਧਾਰਾ ਜਿਸ ਦਾ ਵਜਨ ੧੮ ਸੇਰ ਸੀ।

ਨਿਜ ਸਰ ਬਾਮ (ਖੱਬੇ) ਹਾਥਿ ਨਿਜ ਧਾਰਾ।
ਦਹਿਨੇ ਹਾਥਿ ਤੇਗ ਖਰ ਧਾਰਾ ॥ (ਉਹੀ))

ਇਸ ਤਰ੍ਹਾਂ ਜੂਝਦੇ ਵੈਰੀਆਂ ਦੀਆਂ ਸਫ਼ਾਂ ਨੂੰ ਚੀਰਦੇ ਦਰਬਾਰ ਸਾਹਿਬ ਪੁਜ ਕੇ ਆਪਣਾ ਸੀਸ ਦਲੀਜ ਤੇ ਰੱਖ ਕੇ ਉਚੀ ਫ਼ਤਹ ਗਜਾਈ। ਤਬ ਇਹ ਦ੍ਰਿਸ਼ ਦੇਖ

ਇਕ ਸਿੰਘ ਨੇ ਐਸ ਉਬਾਚਾ।
ਧੰਨ ਦੀਪ ਸਿੰਘ ਪ੍ਰਣ ਕਿਯੋ ਸਾਚਾ। (ਉਹੀ)



ਬਾਬਾ ਦੀਪ ਸਿੰਘ ਜੀ ਨੇ ਤਰਨ ਤਾਰਨ ਤੋਂ ਬਾਹਰ ਨਿਕਲ ਕੇ ਸਿੰਘਾਂ ਨੂੰ ਵੰਗਾਰ ਕੇ ਲਕੀਰ ਖਿੱਚੀ।

ਬਾਬਾ ਗੁਰਬਖਸ਼ ਸਿੰਘ ਜੀ ਨੇ ਜਦ ਸ੍ਰੀ ਦਰਬਾਰ ਸਾਹਿਬ ਦੇ ਸਨਮੁਖ ਰਹਿੰਦੇ ਸ਼ਹੀਦੀ ਪਾਈ ਸੀ ਤਾਂ ਉਹਨਾਂ ਵੀ ਕਿਹਾ ਸੀ ਕਿ ਕਲਗੀਧਰ ਦੇ ਦਰਬਾਰ ਜਾ ਕੇ ਅਰਜੋਈ ਕਰਾਂਗਾ ਕਿ, ਕੀ ਇਹ ਪੰਥ ਬੁਚੜਾਂ ਅੱਗੇ ਦੇਣ ਲਈ ਬਣਾਇਆ ਸੀ। ਇਕ ਪੰਜਾਬ ਤਾਂ ਸਾਨੂੰ ਦਿੱਤਾ ਸੀ, ਪਰ ਦੇਖੋ ਕਿ ਦੱਖਣੀ ਪੱਛਮੀ ਰਲ ਲੁਟੀ ਜਾ ਰਹੇ ਹਨ।

"ਪੰਜਾਬ ਦੌਲਤ ਯਾਹਿ ਸਿਖ ਖਾਂਹਿ।
ਦੱਖਣੀ ਪੱਛਮੀ ਰਲ ਲੁਟ ਲੈ ਜਾਂ।"

ਅੱਜ ਯਕਜਹਤੀ ਦਰਸਾਉਣ ਦੀ ਲੋੜ ਹੈ ਤਾਂ ਕਿ ਕੋਈ ਕੌਮ ਘਾਤਕ ਆਪਣੇ ਭੈੜੇ ਮਨ-ਸੂਬਿਆਂ ਵਿਚ ਕਾਮਯਾਬ ਨਾ ਹੋ ਸਕੇ। ਪ੍ਰਾਚੀਨ ਪੰਥ ਪ੍ਰਕਾਸ਼ ਵਿਚ ਜੋ ਲਿਖਿਆ ਹੈ, ਉਸੇ ਤੇ ਅੱਜ ਫਿਰ ਤੁਰਨ ਦੀ ਲੋੜ ਹੈ। ਇਕ ਪੱਖ ਨਹੀਂ ਦੋਵੇਂ ਪੱਖ ਮਜ਼ਬੂਤ ਕਰਨੇ ਚਾਹੀਦੇ ਹਨ ਤਾਂ ਹੀ ਪੰਥ ਗਵਾਚਿਆ ਮਾਨ ਅਤੇ ਖੁਆਹੇ ਇਲਾਕੇ ਲੈ ਸਕੇਗਾ। ਭੰਗੂ ਜੀ ਲਿਖਦੇ ਹਨ ਕਿ "ਜਦ ਪੰਥ ਖਾਲਸਾ ਸ੍ਰੀ ਦਰਬਾਰ ਸਾਹਿਬ ਵੈਸਾਖੀ ਜਾਂ ਦੀਵਾਲੀ ਨੂੰ ਪੁਜਦਾ ਸੀ ਤਾਂ ਹਰਿਮੰਦਰ ਸਾਹਿਬ ਟਿਕ ਕੇ ਕੀਰਤਨ ਸੁਨਣ, ਗੁਰੂ ਦੇ ਹਰ ਬਚਨ ਤੇ ਧਿਆਨ ਟਿਕਾਂਦਾ। ਆਤਮਿਕ ਬਲ ਇਕੱਠਾ ਕਰਕੇ ਅਕਾਲ ਤਖਤ ਤੇ ਪੁਜਦਾ ਤੇ ਫਿਰ ਹੋਰ ਵੀ ਗੁਰਮਤੇ ਪਕਾਂਦੇ, ਗੁਰੂ ਸਹਾਈ ਹੋ ਫਤਹਯਾਬੀ ਬਖਸ਼ਦਾ :—

'ਦੀਵਾਲੀ ਬਿਸਾਖੀ ਮੇਲਾ ਲਾਵੈ।
ਬੈਠ ਹਰਿਮੰਦਰ ਸੁਨੈ ਸੁ ਗਿਆਨਾ।
ਗੁਰ ਬਚਨਨ ਪਰ ਲਾਵੈ ਧਯਾਨਾ।
ਅਕਾਲ ਬੁੰਗੇ ਚੜ੍ਹ ਤਖਤੇ ਬਹਿਹੈ।
ਲਾਇ ਦੀਵਾਨ ਗੁਰਮਤੇ ਮਤੈ ਹੈ।
ਸਰਬਤਿ ਖਾਲਸੇ ਹੋਇ ਅਦਾਲਤ।
ਅਸਿਖਨ ਗਾਰ ਸਿੰਘਨ ਪ੍ਰਤਿਪਾਲਤ।'


United Realty Ltd.

3879 Oak Street, Vancouver, B.C. V6H 2M6

■ BUYING
■ SELLING

Free Evaluation For Your Property Call Any Time Without Any Obligation.

Malkit Dhami, M.A. (Eco.)
Res.879-1273 Pager 524-8581, #2229
Office. 736-3831


## ਲਾਰਕਿਨਜ ਨੇ ਅਸਾਮ ਦਾ ਨਿਜੀ ਦੌਰਾ ਵੀ ਕੀਤਾ ਸੀ

ਦਿਬਰੂਗੜ੍ਹ—ਅਮਰੀਕਾ ਲਈ ਜਸੂਸੀ ਕਾਰਨ ਅਤੇ ਗੁਪਤ ਸੁਰਖਿਆ ਦਸਤਾਵੇਜ਼ ਸੀ. ਆਈ. ਏ. ਦੇ ਹਵਾਲੇ ਕਰਨ ਦੇ ਦੋਸ਼ ਵਿਚ ਨਵੀਂ ਦਿੱਲੀ ਵਿਖੇ ਪਿਛੇ ਜਿਹੇ ਗ੍ਰਿਫਤਾਰ ਕੀਤੇ ਗਏ ਸਾਬਕਾ ਏਅਰ-ਵਾਈਸ ਮਾਰਸ਼ਲ ਕੀਨਥ ਲਾਰਕਿਨਜ ਨੇ ਭਰੋਸੇਯੋਗ ਸੂਤਰਾਂ ਅਨੁਸਾਰ ਪਿਛਲੇ ਸਾਲ ਅਕਤੂਬਰ ਮਹੀਨੇ ਵਿਚ ਅਸਾਮ ਅਤੇ ਮਹਤਵਪੂਰਨ ਤੇਲ ਸ਼ਹਿਰ ਦੂਲੀਆਜਾਨ ਦਾ ਵੀ ਦੌਰਾ ਕੀਤਾ ਸੀ। ਲਾਰਕਿਨਜ ਵਲੋਂ ਕੀਤੇ ਗਏ ਇਸ ਦੌਰ ਨੇ ਇਥੋਂ ਦੇ ਕੁਝ ਖੇਤਰਾਂ ਵਿਚ ਹੋਰ ਸ਼ੰਕੇ ਪੈਦਾ ਕਰ ਦਿਤੇ। ਦਲੀਆਜਾਨ ਵਿਖੇ ਆਇਲ ਇੰਡੀਆ ਲਿਮ: ਦਾ ਹੈਡਕੁਆਟਰ ਹੈ। ਇਥੇ ਛੇ ਤੇਲ ਖੇਤਰ ਹੈ ਜਿਹਨਾਂ ਵਿਚ 30 ਲੱਖ ਟਨ ਕਚੇ ਤੇਲ ਦਾ ਉਤਪਾਦਨ ਹੁੰਦਾ ਹੈ।

ਲਾਰਕਿਨਜ ਵਲੋਂ ਇਸ ਤੇਲ ਸ਼ਹਿਰ ਦਾ ਕੀਤਾ ਗਿਆ ਦੌਰਾ ਨਿਜੀ ਦੱਸਿਆ ਗਿਆ ਹੈ। ਪਰ ਰੀਪੋਰਟ ਅਨੁਸਾਰ ਇਥੇ ਆਇਲ ਇੰਡੀਆ ਕੰਪਨਾਂ ਦੇ ਅਧਿਕਾਰੀਆਂ ਨੇ ਉਹਨਾਂ ਦਾ ਨਿੱਘਾ ਸਵਾਗਤ ਕੀਤਾ ਅਤੇ ਉਸ ਨੂੰ ਉਹ ਥਾਵਾਂ ਵੀ ਦਿਖਾਈਆਂ ਜਿਹਨਾਂ ਨੂੰ ਦਿਖਾਉਣ ਉਪਰ ਰੋਕ ਹੈ। ਇਹ ਡਰ ਪ੍ਰਗਟ ਕੀਤਾ ਜਾ ਰਿਹਾ ਹੈ ਕਿ ਉਸ ਨੇ ਜ਼ਰੂਰ ਹੀ ਤੇਲ ਖੇਤਰਾਂ ਬਾਰੇ ਖਾਸ ਜਾਣਕਾਰੀ ਪ੍ਰਾਪਤ ਕਰ ਲਈ ਹੋਵੇਗੀ ਜੋ ਸਰੱਖਿਆ ਦੇ ਪੱਖੋਂ ਬਹੁਤ ਹੀ ਹਾਨੀਕਾਰਕ ਸਿੱਧ ਹੋ ਸਕਦੀ ਹੈ।

## ਪਾਕਿ 'ਚ ਮਟਰ 27 ਰੁਪੈ ਕਿਲੋ !!

ਨਵੀਂ ਦਿੱਲੀ — ਪਾਕਿਸਤਾਨ ਦੀ ਰੋਜ਼ਾਨਾ ਅਖਬਾਰ 'ਜੰਗ' ਦੇ ਅਨੁਸਾਰ ਕਰਾਚੀ ਅਤੇ ਪਿਸ਼ਾਵਰ ਵਿਚ ਮਟਰ ਦੀ ਫਲੀ ਦਾ ਭਾਅ 27 ਰੁਪਏ ਪ੍ਰਤੀ ਕਿਲੋ ਹੈ. ਟਮਾਟਰ 22 ਰੁਪਏ ਕਿਲੋ, ਭਿੰਡੀ 14 ਰੁਪਏ, ਬੈਂਗਣ 21 ਰੁਪਏ ਅਤੇ ਲਸਣ 37 ਰੁਪਏ ਪ੍ਰਤੀ ਕਿਲੋ ਮਿਲ ਰਿਹਾ ਹੈ.

ਅਖਬਾਰ ਨੇ ਅੱਗੇ ਕਿਹਾ ਹੈ ਕਿ ਦਸੰਬਰ ਵਿਚ ਪਿਆਜ ਦਾ ਭਾਅ 20 ਰੁਪਏ ਕਿਲੋ ਤਕ ਪਹੁੰਚ ਗਿਆ ਸੀ, ਲੇਕਿਨ ਜਨਵਰੀ ਦੇ ਸ਼ੁਰੂ ਵਿਚ ਭਾਰਤ ਵਿਚੋਂ ਬਹੁਤ ਜ਼ਿਆਦਾ ਮਾਤਰਾ ਵਿਚ ਪਿਆਜ ਪਾਕਿਸਤਾਨ ਪਹੁੰਚਣ ਨਾਲ ਪਿਆਜ ਦਾ ਭਾਅ 6 ਰੁਪੈ ਪ੍ਰਤੀ ਕਿਲੋ ਰਹਿ ਗਿਆ ਹੈ.


Member—President's Club
ਦਰਸ਼ਨ ਗਿੱਲ—ਮੈਂਬਰ ਪ੍ਰੈਜੀਡੈਂਟ ਕਲੱਬ

PRESIDENT'S CLUB
Bronze Section
1983 - 1984

■ Group Insurance
■ Life Insurance
■ Mortgage Insurance
■ Children's educational Plans
■ R R S P
■ Family indexed inflation Plans

DARSHAN GILL, M.A.
Life Underwriter
Suite 501, 1155 West Pender Street
Vancouver, B.C. V6E 2P7
Bus: 685-1041 Res: 321-6360

NATIONAL LIFE OF CANADA

ਜੀਵਨ ਬੀਮਾ, ਮਾਰਗੇਜ ਬੀਮਾ, ਬੱਚਿਆਂ ਦੀ ਪੜ੍ਹਾਈ ਸਕੀਮ ਬੀਮਾ, ਰਜਿਸਟਰਡ ਰੀਟਾਇਰਡ ਸੇਵਿੰਗਜ਼ ਪਲੈਨ....ਬਾਰੇ ਪ੍ਰੋਫੈਸ਼ਨਲ ਸਲਾਹ



Bus. 685-1041
Res. 321-6360

# ਚਰਚਾ

## ਇੰਡੋ-ਕਨੇਡੀਅਨ ਟਾਈਮਜ਼ ਅਤੇ ਪੰਜਾਬੀ ਪੱਤ੍ਰਕਾ ਦੇ ਐਡੀਟਰ ਤਾਰਾ ਸਿੰਘ ਹੇਅਰ ਨੂੰ ਬੇਨਤੀ

ਟਰਾਂਟੋ ਵਿਚਲੇ ਪੰਜਾਬੀ ਪੱਤ੍ਰਕਾ ਅਤੇ ਵੈਨਕੂਵਰ ਵਿਚਲੇ ਇੰਡੋ-ਕੇਨੇਡਾ ਟਾਈਮਜ ਦਾ ਤਾਰਾ ਸਿੰਘ ਹੇਅਰ ਐਡੀਟਰ ਹੈ। ਪਿਛਲੇ ਸਮੇਂ ਵਿਚ ਸਾਡੀ ਇਹਨਾਂ ਪੇਪਰਾਂ ਨੇ ਕਾਫੀ ਮਦਦ ਕਰਕੇ ਸਾਡੇ ਲੋਕਾਂ ਵਿਚਲੇ ਕੰਮਾਂ ਅਤੇ ਸਟੇਂਡ ਨੂੰ ਨਿਖਾਰ ਕੇ ਆਮ ਲੋਕਾਂ ਨੂੰ ਸਾਡੇ ਤੋਂ ਜਾਣੂ ਕਰਵਾਉਣ ਵਿਚ ਮਦਦ ਕੀਤੀ ਹੈ ਅਤੇ ਕਾਫੀ ਹੱਦ ਤੱਕ ਅਣਭੋਲ ਲੋਕਾਂ ਨੂੰ ਮੌਕਾ ਪ੍ਰਸਤਾਂ ਅਤੇ ਗੁੰਮਰਾਹ ਕੁੰਨ ਵਿਅਕਤੀਆਂ ਅਤੇ ਜਥੇਬੰਦੀਆਂ ਜਾਂ ਪਾਰਟੀਆਂ ਤੋਂ ਜਾਣੂ ਕਰਵਾ ਕੇ ਉਹਨਾਂ ਤੋਂ ਦੂਰ ਕਰਨ ਵਿਚ ਮਦਦ ਕੀਤੀ ਹੈ। ਸਾਨੂੰ ਇਹ ਵੀ ਪਤਾ ਹੈ ਕਿ ਇਹ ਪੇਪਰ ਸਾਡੇ ਉਤੇ ਗੋਲੀਆਂ ਵਰ੍ਹਾਉਣ ਵਾਲਿਆਂ ਨੂੰ ਕਿਵੇਂ ਜਾਣ ਬੁਝ ਕੇ ਲੋਕਾਂ ਵਿਚ ਹਰਮਨ ਪਿਆਰੇ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਅਤੇ ਅਸੀਂ ਇਸ ਪਾਸੇ ਜ਼ਿਆਦਾ ਧਿਆਨ ਵੀ ਨਹੀਂ ਦੇ ਰਹੇ ਕਿਉਂ ਜਿਨ੍ਹਾਂ ਲੋਕਾਂ ਦੀਆਂ ਸਿਫਤਾਂ ਦੇ ਪੁਲ ਬੰਨ੍ਹਣ ਦੀ ਕੋਸ਼ਿਸ਼ ਕੀਤੀ ਜਾ ਰਹੀ ਉਨ੍ਹਾਂ ਦੀਆਂ ਕਾਲੀਆਂ ਕਰਤੂਤਾਂ ਦਾ ਸਾਰੇ ਲੋਕਾਂ ਨੂੰ ਬਹੁਤ ਚੰਗੀ ਤਰ੍ਹਾਂ ਪਤਾ ਹੈ ਕਿ ਉਨ੍ਹਾਂ ਦਾ ਪਖੰਡ ਕਿੰਨੀ ਕੁ ਅਹਿਮੀਅਤ ਦਾ ਮਾਲਕ ਹੈ ਅਤੇ ਸਾਨੂੰ ਇਹ ਵੀ ਪਤਾ ਹੈ ਕਿ ਐਡੀਟਰ ਸਾਹਿਬ ਨੇ ਮਜਬੂਰ ਹੋ ਕੇ ਇਕ ਦਿਨ ਇਨ੍ਹਾਂ ਤੋਂ ਪਾਸਾ ਵੱਟਣਾ ਹੈ, ਖੈਰ ਇਹ ਤਾਂ ਆਉਣ ਵਾਲਾ ਸਮਾਂ ਹੀ ਦਸੇਗਾ ਪਰ ਐਡੀਟਰ ਸਾਹਿਬ ਤੇ ਸਾਨੂੰ ਬਹੁਤ ਹੀ ਅਫਸੋਸ ਹੈ। ਅਜੇ ਵੀ ਅਸੀਂ ਆਸ ਰਖਦੇ ਹਾਂ ਕਿ ਆਪ ਹੁਰੀਂ ਇਸ ਆਪਣੇ ਘਟੀਆ ਪੱਧਰ ਨੂੰ ਜ਼ਰੂਰ ਦੂਰ ਕਰਨ ਦੀ ਕੋਸ਼ਿਸ਼ ਕਰਨਗੇ। ਪਰ ਮੈਂ ਇਸ ਅਫਸੋਸਨਾਕ ਕਰਤੂਤ ਤੋਂ ਜ਼ਰੂਰ ਲੋਕਾਂ ਨੂੰ ਜਾਣੂ ਕਰਾਵਾਂਗਾ ਕਿਉਂਕਿ ਆਪ ਹੁਰਾਂ ਨੇ ਮੇਰੇ ਨਾਂ ਨੂੰ ਗਲਤ ਤਰੀਕੇ ਨਾਲ ਵਰਤਕੇ ਮੇਰੇ ਉਤੇ ਧੱਬਾ ਲਗਾਉਣ ਦੀ ਕੋਸ਼ਿਸ਼ ਕੀਤੀ ਹੈ। ਮੈਂ ਉਮੀਦ ਰੱਖਦਾ ਹਾਂ ਕਿ ਪਾਠਕ ਮੇਰੇ ਪਿਛਲੇ ਸਟੇਂਡ ਨੂੰ ਪਰਖ ਕੇ ਐਡੀਟਰ ਨੂੰ ਅਜਿਹੇ ਘਟੀਆ ਕੰਮਾਂ ਨੂੰ ਰੋਕਣ ਬਾਰੇ ਕਹਿਣਗੇ। ਮੈਂ ਐਡੀਟਰ ਸਾਹਿਬ ਨੂੰ ਸਾਫ ਕਰਦਾ ਹਾਂ ਕਿ ਮੈਨੂੰ ਪੇਪਰਾਂ ਵਿਚ ਐਵੇਂ ਹੀ ਆਪਦਾ ਨਾਉਂ ਦੇਖਣ ਦੀ ਕੋਈ ਖਾਹਿਸ਼ ਨਹੀਂ ਹੈ। ਮੇਰੇ ਅਸੂਲ ਹਨ। ਇਨ੍ਹਾਂ ਅਸੂਲਾਂ ਤੇ ਚਲਦੇ ਹੋਏ ਹੀ ਸਾਡੇ ਸਾਥੀ ਭਾਰਤੀ ਹਾਕਮ ਜਮਾਤਾਂ ਦੇ ਮੁਕਾਬਲੇ ਵਿਚ ਜ਼ੋਰਦਾਰ ਸੰਘਰਸ਼ ਕਰਦੇ ਹੋਏ ਜਾਨਾਂ ਤੱਕ ਦੀ ਬਾਜ਼ੀ ਲਾ ਗਏ ਅਤੇ ਅੱਜ ਵੀ ਉਨ੍ਹਾਂ ਸਾਥੀਆਂ ਦਾ ਸੰਘਰਸ਼ ਜਾਰੀ ਹੈ। ਅਤੇ ਇਹ ਉਨਾ ਚਿਰ ਚਲਦਾ ਰਹੇਗਾ ਜਿੰਨਾ ਚਿਰ ਕਿ ਸਾਡੇ ਅਸੂਲਾਂ ਦੀ ਜਿੱਤ ਨਹੀਂ ਹੋ ਜਾਂਦੀ। ਸਾਨੂੰ ਇਹ ਵੀ ਪਤਾ ਹੈ ਕਿ ਇਥੇ ਕਨੇਡਾ ਵਿਚ ਵੀ ਅੱਜ ਉਨ੍ਹਾਂ ਸੰਘਰਸ਼ ਕਰ ਰਹੇ ਲੋਕਾਂ ਅਤੇ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਕੁਝ ਲੋਕ ਵਰਤ ਰਹੇ ਹਨ ਜਿੰਨ੍ਹਾਂ ਵਿਚ ਤੁਸੀਂ ਵੀ ਹੋ ਜਿਹਾ ਕਿ ਨਾਟਕਕਾਰ ਗੁਰਸ਼ਰਨ ਸਿੰਘ ਦੇ ਨਾਂ ਨੂੰ ਵਰਤਣ ਦੀ ਕੋਸ਼ਿਸ਼ ਕਰਨੀ ਆਦਿ। ਅਜਿਹੇ ਕੰਮ ਵੈਨਕੂਵਰ ਵਿਚ ਤਾਂ ਹੋ ਸਕਦੇ ਹਨ ਪਰ ਟਰਾਂਟੋ ਵਿਚ ਨਹੀਂ ਕਿਉਂਕਿ ਅਸੀਂ ਆਪਣੇ ਅਸੂਲਾਂ ਤੇ ਖੜੇ ਹੋ ਕੇ ਲੋਕਾਂ ਵਿਚ ਜਗ੍ਹਾ ਬਣਾਈ ਹੋਈ ਹੈ। ਜਿਸਦੇ ਸਦਕਾ ਹੀ ਗੁਰਸ਼ਰਨ ਦੇ ਪਰੋਗਰਾਮਾਂ ਵਿਚ 2-2 ਹਜ਼ਾਰ ਤੱਕ ਲੋਕ ਇਕੱਠੇ ਹੋਏ ਅਤੇ ਲੋਕਾਂ ਨੂੰ ਇਹ ਵੀ ਪਤਾ ਹੈ ਕਿ ਅਸੀਂ ਲੋਕ ਦੋਖੀਆਂ ਦੀਆਂ ਗੋਲੀਆਂ ਦੀ ਵੀ ਪ੍ਰਵਾਹ ਨਹੀਂ ਕਰਦੇ। ਜੇਕਰ ਸਾਡੇ ਅਸੂਲਾਂ ਬਾਰੇ ਟਰਾਂਟੋ ਦੇ ਬੱਚੇ ਬੱਚੇ ਨੂੰ ਪਤਾ ਹੈ ਤਾਂ ਤੁਹਾਨੂੰ ਵੀ ਅਸੀਂ ਜ਼ਰੂਰ ਚਾਨਣਾ ਪਾਉਣਾ ਚਾਹੁੰਦੇ ਹਾਂ ਤਾਂ ਕਿ ਤੁਸੀਂ ਵੀ ਅਗੋਂ ਤੋਂ ਗਲਤ ਪਾਸੇ ਨਾ ਜਾਵੋਂ।

ਤਾਰਾ ਸਿੰਘ ਜੀ ਤੁਹਾਨੂੰ ਮੈਂ ਇਕ ਖਤ ਲਿਖਿਆ ਸੀ ਭਾਰਤੀ ਹਾਕਮ ਜਮਾਤਾਂ ਦੀ ਸਾਡੇ ਬਾਹਰ ਵਸਦੇ ਲੋਕਾਂ ਪ੍ਰਤੀ ਲੋਕ ਦੁਸ਼ਮਣ ਨੀਤੀ ਬਾਰੇ ਜੋ ਤੁਸੀਂ 13 ਜਨਵਰੀ, 84 ਦੇ ਇੰਡੋ ਕਨੇਡੀਅਨ ਟਾਈਮਜ ਵਿਚ ਦਿਤਾ ਹੈ। ਮੈਂ ਅਗੇ ਵੀ ਤੁਹਾਨੂੰ ਇਸ ਤਰ੍ਹਾਂ ਲਿਖ ਕੇ ਭੇਜਦਾ ਰਹਿੰਦਾ ਹਾਂ ਜਿੰਨਾਂ ਵਿਚੋਂ ਤੁਸੀਂ ਕਦੀ ਛਾਪ ਦੇਂਦੇ ਹੋ ਅਤੇ ਕਦੀ ਨਹੀਂ। ਇਸ ਬਾਰੇ ਮੈਂ ਕਦੀ ਵੀ ਇਤਰਾਜ ਨਹੀਂ ਕੀਤਾ ਕਿਉਂਕਿ ਇਹ ਤੁਹਾਡੀ ਆਪਣੀ ਨੀਤੀ ਹੋ ਸਕਦੀ ਹੈ। ਪਰ ਜੋ ਹਰਕਤ ਤੁਸੀਂ ਇਸ ਵੇਰਾਂ ਕੀਤੀ ਹੈ ਮੈਨੂੰ ਸਮਝ ਨਹੀਂ ਆ ਰਹੀ ਕਿ ਤੁਸੀਂ ਏਨੀ ਘਟੀਆ ਪੱਧਰ ਤੇ ਕਿਉਂ ਆ ਗਏ ਹੋ। ਜੇਕਰ ਮੈਂ ਚਾਹਵਾਂ ਤਾਂ ਤੁਹਾਨੂੰ ਕਚਿਹਰੀ ਵਿਚ ਲਿਜਾ ਕੇ ਕਾਫੀ ਨੁਕਸਾਨ ਪਹੁੰਚਾ ਕੇ ਅਕਲ ਦੇਵਾਂ ਪਰ ਮੈਂ ਅਜੇਹਾ ਨਹੀਂ ਕਰਨਾ ਚਾਹੁੰਦਾ ਕਿਉਂਕਿ ਫਿਰ ਵੀ ਤੁਸੀਂ ਜੋ ਕੁਝ ਵੀ ਪਹਿਲਾਂ ਸਾਡੇ ਲੋਕਾਂ ਲਈ ਕੀਤਾ ਹੈ ਉਸ ਲਈ ਅਸੀਂ ਤੁਹਾਡੇ ਨਾਲ ਹਮਦਰਦੀ ਰਖਦੇ ਹਾਂ ਅਤੇ ਤੁਹਾਡੇ ਵਲੋਂ ਅਗੋਂ ਵੀ ਥੋੜੀ ਬਹੁਤ ਆਸ ਰਖਦੇ ਹਾਂ ਪਰ ਇਹ ਤਾਂ ਤੁਹਾਡੇ ਉਤੇ ਹੀ ਨਿਰਭਰ ਕਰਦਾ ਹੈ ਕਿ ਤੁਸੀਂ ਕੀ ਕਰਨਾ ਹੈ ਪਰ ਅਗਰ ਤੁਸੀਂ ਫਿਰ ਵੀ ਨਾ ਹਟੇ ਤਾਂ ਅਸੀਂ ਜ਼ਰੂਰ ਤੁਹਾਡੀਆਂ ਇਨ੍ਹਾਂ ਹਰਕਤਾਂ ਦਾ ਲੋਕਾਂ ਵਿਚ ਚਾਨਣਾ ਪਾਉਂਦੇ ਹੋਏ ਮੁਕਾਬਲਾ ਕਰਾਂਗੇ। ਮੇਰੇ ਲੇਖ ਵਿਚੋਂ ਜੋ ਸਤਰਾਂ ਕੱਟਕੇ ਲੇਖ ਦਾ ਕਰੇਕਟਰ ਖਤਮ ਕੀਤਾ ਹੈ ਮੈਂ ਬੇਨਤੀ ਕਰਦਾ ਹਾਂ ਕਿ ਉਹ ਲੇਖ ਦੁਬਾਰਾ ਛਾਪਿਆ ਜਾਵੇ ਜਾਂ ਫਿਰ ਮੇਰੇ ਉਸ ਹਥ ਲਿਖਤ ਦੇ ਖਤ ਦੀ ਕਾਪੀ ਛਾਪੀ ਜਾਵੇ ਤਾਂ ਜੋ ਸਭ ਨੂੰ ਪਤਾ ਚਲੇ ਕਿ ਲੇਖ ਅਸਲ ਵਿਚ ਕੀ ਸੀ। ਤੁਸੀਂ ਮੇਰੇ ਲੇਖ ਦਾ ਰੁਖ ਮੋੜ ਕੇ ਸਿਰਫ ਇੰਦਰਾ, ਡਿਸਾਈ ਵਿਰੋਧੀ ਹੀ ਦਿਖਾਵਾ ਕਰਕੇ ਹਿੰਦੂਆਂ ਪ੍ਰਤੀ ਨਫਰਤ ਦੀ ਜ਼ਹਿਰ ਭਰਕੇ ਮੈਨੂੰ ਬਕਵਾਸ ਭਰਪੂਰ ਖਾਲਿਸਤਾਨ ਪੱਖੀ ਹੋਣ ਦੀ ਸਾਜ਼ਿਸ਼ ਰਚੀ ਹੈ ਜਿਵੇਂ ਕਿ ਤੁਹਾਡੇ ਹੋਰ ਵੀ ਲੇਖ ਹਿੰਦੂਆਂ ਪ੍ਰਤੀ ਈਰਖਾ ਭਰਨ ਲਈ ਆਮ ਦੇਖੇ ਜਾਂਦੇ ਹਨ। ਪਰ ਐਡੀਟਰ ਸਾਹਿਬ, ਇਹ ਦੀਪ ਸਿੰਘ ਬੋਪਾਰਾਏ, ਇੰਦਰਾ ਗਾਂਧੀ ਦੀ ਲੋਕ ਦੁਸ਼ਮਣਾ ਨੀਤੀ ਨੂੰ ਜ਼ਾਹਿਰ ਕਰਦਾ ਹੋਇਆ ਖਾਲਿਸਤਾਨੀਆਂ ਦੇ ਧਰਮ ਦੇ ਬੁਰਕੇ ਵਿਚ ਛਪਾਏ ਹੋਏ ਮਾਸੂਮ ਲੋਕਾਂ ਦੇ ਸਿਰਾਂ ਵਿਚ ਮਾਰਨ ਵਾਲੇ ਸਿਪਤੋਲਾਂ ਵਾਰੇ ਵੀ ਸਾਰੇ ਲੋਕਾਂ ਨੂੰ ਜਾਣੂ ਕਰਵਾਉਂਦਾ ਹੈ। ਐਡੀਟਰ ਸਾਹਿਬ ਜੇਕਰ ਪੂੰਜੀਪਤੀ ਲੋਕ ਮਜਦੂਰ ਜਮਾਤ ਦਾ ਸ਼ੋਸਣ ਕਰਦੇ ਹਨ ਤਾਂ ਜਾਗੀਰਦਾਰ ਵੀ ਖੇਤ ਮਜ਼ਦੂਰਾਂ ਦਾ ਸ਼ੋਸ਼ਣ ਕਰਦੇ ਹਨ। ਜੇਕਰ ਸਰਮਾਏਦਾਰ ਆਪਣੀ ਲੁਟ ਨੂੰ ਬਰਕਰਾਰ ਰਖਣ ਲਈ ਆਪਣੇ ਵਿਰੁਧ ਜਥੇਬੰਦ ਹੋ ਰਹੇ ਲੋਕਾਂ ਨੂੰ ਦਬਾਉਣ ਲਈ ਅਤਿਆਚਾਰ ਕਰਦੇ ਹਨ ਤਾਂ ਜਗੀਰਦਾਰ ਅਤੇ ਜ਼ਿਮੀਦਾਰ ਵੀ....। ਜੇਕਰ ਫੈਕਟਰੀ ਦੇ ਮਾਲਕ ਮਜ਼ਦੂਰ ਦੀ ਯੂਨੀਅਨ ਦੇ ਲੀਡਰਾਂ ਨੂੰ ਫੈਕਟਰੀ ਦੀਆਂ ਮਸ਼ੀਨਾਂ ਜਾਂ ਅੱਗ ਦੀਆਂ ਭੱਠੀਆਂ ਵਿਚ ਸੁੱਟ ਕੇ ਮਾਰ ਦੇਂਦੇ ਹਨ ਤਾਂ ਇਕ ਜਗੀਰਦਾਰ ਵੀ ਖੇਤ ਮਜ਼ਦੂਰਾਂ ਦੇ ਕਤਲ ਕਰਵਾ ਕੇ ਉਨ੍ਹਾਂ ਦੀਆਂ ਧੀਆਂ ਭੈਣਾਂ ਦੀਆਂ ਇਜ਼ਤਾਂ ਲੁਟਦਾ ਹੈ। ਮਜ਼ਦੂਰ ਭਾਵੇਂ ਫੈਕਟਰੀ ਦਾ ਹੋਵੇ ਜਾਂ ਖੇਤ ਦਾ, ਉਸ ਦੇ ਹੱਕ ਉਸ ਦਿਨ ਹੀ ਮਿਲਣਗੇ ਜਿਸ ਦਿਨ ਉਸ ਦਾ ਆਪਣਾ ਰਾਜ ਹੋਵੇਗਾ। ਅਤੇ ਤੁਸੀਂ ਇਹਨਾਂ ਧਰਮਾਂ, ਜਾਤਾਂ-ਪਾਤਾਂ, ਰੰਗ, ਬੋਲੀ ਜਾਂ ਭਰਮਾਂ-ਵਹਿਮਾਂ ਆਦਿ ਦੇ ਬੁਰਕਿਆਂ ਵਿਚ ਛੁਪੇ ਹੋਏ ਬਾਦਲਾਂ ਅਤੇ ਭਿੰਡਰਾਂ ਵਾਲੇ ਰਾਖਸ਼ਾਂ(ਜਿਨ੍ਹਾਂ ਨੇ ਸਾਡੀਆਂ ਅੱਖਾਂ ਸਾਹਮਣੇ ਸਾਡੇ ਵੀਰਾਂ ਦੇ ਖੂਨ ਕੀਤੇ, ਸਾਡੀਆਂ ਧੀਆਂ ਭੈਣਾ ਦੀਆਂ ਇਜ਼ਤਾ ਲੁੱਟੀਆਂ ਅਤੇ ਜੋ ਸਾਡੀ ਮਿਹਨਤ ਦੀ ਅਜ ਵੀ ਲੁਟ ਕਰ ਰਹੇ ਹਨ) ਦਾ ਪ੍ਰਚਾਰ ਕਰਵਾਉਣ ਲਈ ਸਾਨੂੰ ਵਰਤਣਾ ਚਾਹੁੰਦੇ ਹੋ! ਐਡੀਟਰ ਸਾਹਿਬ, ਤੁਸੀਂ ਅਜਿਹਾ ਪ੍ਰਚਾਰ ਕਰਨ ਲੱਗੇ ਹੋਏ ਹੋ ਤੁਹਾਨੂੰ ਜ਼ਰੂਰ ਇਕ ਦਿਨ ਇਸ ਦੇ ਸਿੱਟੇ ਭੁਗਤਣੇ ਪੈਣਗੇ। ਉਸ ਵਕਤ ਅਗਰ ਅਸੀਂ ਨਹੀਂ ਵੀ ਹੋਵਾਂਗੇ ਪਰ ਸਾਡੇ ਹੋਰ ਵੀਰ ਜ਼ਰੂਰ ਹੋਣਗੇ ਜਿਹੜੇ ਤੁਹਾਡੇ ਪਾਏ ਜਾਣ ਵਾਲੇ ਤਰਲਿਆਂ ਸਾਹਮਣੇ ਤੁਹਾਡੇ ਪਿਛਲੇ ਇਤਿਹਾਸ ਨੂੰ ਫੋਲਣਗੇ।

ਪਰ ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਭਾਵੇਂ ਅੱਗੋਂ ਤੋਂ ਤੁਸੀਂ ਸਾਡਾ ਲੇਖ ਨਾ ਹੀ ਛਾਪੋ ਪਰ ਸਾਨੂੰ ਇਸ ਤਰ੍ਹਾਂ ਵਰਤਣ ਦੀ ਕੋਸ਼ਿਸ਼ ਨਹੀਂ ਕਰਨੀ ਕਿਉਂਕਿ ਅਸੀਂ ਤਾਂ ਇਸ ਲੋਕ ਵਿਰੋਧੀ ਨੀਤੀ ਦਾ ਆਪਣੀਆਂ ਜਾਨਾਂ ਤੱਕ ਵਾਰ ਕੇ ਵੀ ਮੁਕਾਬਲਾ ਕਰਦੇ ਹਾਂ। ਉਮੀਦ ਹੈ ਕਿ ਤੁਸੀਂ ਜ਼ਰੂਰ ਮੇਰੇ ਇਸ ਖਤ ਦਾ ਜਵਾਬ ਆਪਣੇ ਪੇਪਰਾਂ ਵਿਚ ਦੇਵੋਗੇ। ਮੈਂ ਆਸ ਰਖਦਾ ਹਾਂ ਕਿ ਅਗਰ ਤੁਸੀਂ ਪਹਿਲਾਂ ਕੋਈ ਗਲਤੀ ਕਰ ਵੀ ਲਈ ਹੈ ਪਰ ਅਗੋਂ ਤੋਂ ਨਹੀਂ ਕਰੋਂਗੇ। ਜੇਕਰ ਤੁਸੀਂ ਆਪਣੀ ਇਸ ਗਲਤੀ ਨੂੰ ਮਹਿਸੂਸ ਕਰੋਗੇ ਤਾਂ ਮੈਂ ਹੀ ਨਹੀਂ ਸਗੋਂ ਹੋਰ ਵੀ ਬਹੁਤ ਸਾਰੇ ਟਰਾਂਟੋ ਤੋਂ ਸਾਡੇ ਸਾਥੀ ਤੁਹਾਡੇ ਨਾਲ ਕਾਫੀ ਹੱਦ ਤੱਕ ਹਮਦਰਦੀ ਰਖਣਗੇ।

**ਦੀਪ ਸਿੰਘ ਬੋਪਾਰਾਏ, ਟਰਾਂਟੋ**

ਸੰਪਾਦਕ,

ਮੈਂ ਤੁਹਾਨੂੰ ਤੁਹਾਡੇ ਪੇਪਰ ਵਿਚ ਇਹ ਕੁਝ ਗੱਲਾਂ ਛਾਪਣ ਲਈ ਭੇਜ ਰਿਹਾ ਹਾਂ ਅਗਰ ਤੁਸੀਂ ਇਹ ਆਪਣੇ ਪੇਪਰ ਵਿਚ ਇਹ ਨਾ ਛਾਪ ਸਕੋ ਤਾਂ ਮੈਨੂੰ ਵਾਪਸ ਭੇਜ ਦੇਣਾ। ਅਗਰ ਛਾਪ ਦੇਵੋਂ ਤਾਂ ਧੰਨਵਾਦੀ ਹੋਵਾਂਗਾ।

ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਤੁਸੀਂ ਮੈਨੂੰ ਇਕ ਕੇਨੇਡਾ ਦਰਪਣ ਦਾ ਪਰਚਾ ਲਾ ਦੇਵੋ। ਇਕ ਸਾਲ ਦਾ ਜੋ ਖਰਚ ਹੋਵੇ ਦੱਸ ਦੇਣਾ। ਮੈਂ 2-4 ਹਫਤਿਆਂ ਤੱਕ ਭੇਜ ਦੇਵਾਂਗਾ ਕਿਉਂਕਿ ਅਜੇ ਮੇਰੀ ਵਿਤੀ ਹਾਲਤ ਕੁਝ ਕਮਜ਼ੋਰ ਹੈ। ਮੈਨੂੰ ਪੂਰੀ ਆਸ ਹੈ ਕਿ ਤੁਸੀਂ ਜ਼ਰੂਰ ਇਕ ਪਰਚਾ ਲਗਾ ਦੇਵੋਗੇ। ਹੋਰ ਕਿਸੇ ਵੀ ਕਿਸਮ ਦੀ ਗਲਬਾਤ ਲਈ ਮੇਰਾ ਸਿਰਨਾਵਾਂ ਅਤੇ ਫੋਨ ਦੇ ਰਿਹਾ ਹਾਂ।

Deep Singh
2405 Finch Ave.
#1405 Weston Ont. M9M 2X2
Ph. 416-745-9796

ਸੰਪਾਦਕ ਜੀ,

ਤੁਹਾਡਾ ਪੇਪਰ ਕੁਝ ਸਮੇਂ ਤੋਂ ਆ ਰਿਹਾ ਹੈ। ਕਾਫੀ ਸਲਾਘਾ ਯੋਗ ਕੰਮ ਕਰ ਰਹੇ ਹੋ। ਦਿਲ ਦੇ ਵਲਵਲੇ ਚਿਰਾਂ ਤੋਂ ਕਵਿਤਾ ਦਾ ਰੂਪ ਧਾਰਨ ਕਰ ਰਹੇ ਹਨ। ਅਜੇ ਦੋ ਗਜ਼ਲਾਂ ਹੀ ਭੇਜ ਰਿਹਾ ਹਾਂ। ਛਾਪਣ ਯੋਗ ਹੋਣ ਤਾਂ ਛਾਪ ਦੇਣੀਆਂ। ਹੋਰ ਵੀ ਬਹੁਤ ਕੁਝ ਲਿਖਿਆ ਪਿਆ ਹੈ। ਫੇਰ ਭੇਜਦਾ ਰਹਾਂਗਾ।

ਸ਼ੁਭਚਿੰਤਕ
ਇਕਬਾਲ ਚੌਹਾਨ, ਓਨਟੇਰੀਓ

## ਗਜ਼ਲ

### ਇਕਬਾਲ ਚੌਹਾਨ, ਗੁਅਲਫ ਉਨਟੇਰੀਓ

ਨਾ ਦਿਨ ਨੂੰ ਚੈਨ ਆਇਆ ਨਾ ਰਾਤ ਨੀਂਦ ਆਈ !
ਸਾਡੇ ਤਾਂ ਦਿਲ ਤੇ ਹਰ ਪਲ ਹੀ ਗਮ ਦੀ ਬਦਲੀ ਛਾਈ !

ਬੜੀਆਂ ਲੁਕਾ ਕੇ ਰੱਖੀਆਂ ਪੀੜਾਂ ਪ੍ਰਾਹੁਣੀਆਂ ਮੈਂ,
ਅਰਮਾਨ ਅੱਥਰੇ ਪਰ ਦੇਂਦੇ ਰਹੇ ਦੁਹਾਈ !

ਜਦ ਵੀ ਪੁਰੇ ਦੀ ਵਾ ਨੇ ਮੱਥੇ ਨੂੰ ਆਣ ਚੁੰਮਿਆ,
ਬਚਪਨ ਦੀ ਮਾਤ ਭੂਮੀ ਰਹਿ ਰਹਿ ਕੇ ਯਾਦ ਆਈ !

ਹੌਕਾ ਜਿਗਰ ਦਾ ਜਦ ਵੀ ਬੁਲ੍ਹਾਂ ਤੇ ਆਣ ਰੁਕਿਆ,
ਓਹਦਾ ਗਮ ਭੁਲਾਣ ਖਾਤਰ ਰਜ ਰਜ ਕੇ ਮੈਂ ਪਿਆਈ !

ਖੁਦ ਹੀ ਨਸੀਬ ਮੇਰੇ ਅਜ਼ਲਾਂ ਤੋਂ ਰਹੇ ਦੁਸ਼ਮਣ,
ਬਹਿ ਸਾਗਰਾਂ ਦੇ ਕੰਢੇ ਰਹੀ ਰੂਹ ਮੇਰੀ ਧਿਆਈ !

ਬਣਕੇ ਯਤੀਮ ਰੁਲਨੇ ਆਂ ਦਿਲ ਦੇ ਚੈਨ ਖਾਤਰ,
ਸੱਧਰਾਂ ਬੇਸਬਰੀਆਂ ਨੂੰ ਹਾਲਾਂ ਨਾ ਹੋਸ਼ ਆਈ।

BENNETT - SANGRA
INSURANCE AGENCIES LTD.
6653 Victoria Drive, Vancouver, B.C.
Ph. (604)321-6557
ਪ੍ਰੋਫੈਸ਼ਨਲ ਅਡਵਾਈਸ ਲੈਣ ਤੇ ਤੁਹਾਡਾ ਕੋਈ ਖਰਚ ਨਹੀਂ ਹੁੰਦਾ। ਸਾਨੂੰ ਸੇਵਾ ਦਾ ਮੌਕਾ ਦਿਓ ਤੇ ਟਾਈਮ ਅਤੇ ਪੈਸੇ ਦੀ ਬੱਚਤ ਕਰੋ। ਕਾਰ ਪਾਰਕਿੰਗ ਲਈ ਕਾਫੀ ਜਗ੍ਹਾ ਹੈ।
It Costs No More To Get Professional Advice Let us Help You Save Time And Money. Easy Parking.
Insurance for all your needs :
* Commercial
* Homeowner - Tenants
* Disability
* Travel - Medical Coverage
* Trailers & Campers
autoplan
——AUTHORIZED AGENT

Jeffrey Clough Res.: 324-4355
Baldev Sangra
Res. 325-5857
Pager 687-7711 #7648
Monday Thru. Saturday 9.30 AM to 6.00 PM
FEBRUARY 9.00 AM to 9.00 PM
FREE GIFT WITH EVERY RENEWAL
FRASERVIEW REALTY LTD.
6653 Victoria Drive, Vancouver, B.C. V5P 3Y2
Ph. 321-6121
Chris Young
Res. 321-8240
We are pleased to announce THE OPENING OF Fraserview Realty. Whether Buying or Selling, Please do not hesitate to give us a call.
No obligation
ਬੈਨਿਟ-ਸਾਂਗਰਾ ਇਨਸ਼ੋਰੈਂਸ ਏਜੰਸੀ ਲਿ:

ਜਗਦੀਸ਼ ਸਿੰਘ
ਨੋਟਰੀ ਪਬਲਿਕ

ਜਗਦੀਸ਼ ਸਿੰਘ B.A.LL.B. (Pb.U.)
(ਸਾਬਕਾ ਐਡਵੋਕੇਟ ਪੰਜਾਬ ਹਾਈਕੋਰਟ)
ਜਿਨ੍ਹਾਂ ਦੇ ਦਫਤਰ ਵਿਚ ਨੋਟਰੀ ਪਬਲਿਕ ਦੇ ਆਮ ਕੰਮ ਕੀਤੇ ਜਾਂਦੇ ਹਨ ਜਿਵੇਂ ਕਿ :—
● ਘਰ ਜਾਂ ਜ਼ਮੀਨ ਖ੍ਰੀਦਣ, ਵੇਚਣ ਲਈ ਜਾਂ ਮੌਰਗੇਜ਼ ਲੈਣ, ਦੇਣ ਜਾਂ ਕੈਂਸਲ ਕਰਨੀ ਆਦਿ ਦੇ ਕਾਗਜ਼ਾਤ ਤਿਆਰ ਕਰਨੇ ਅਤੇ ਰਜਿਸਟਰੀ ਕਰਵਾਉਣੀ
● ਵਸੀਅਤ, ਮੁਖਤਿਆਰਨਾਮੇ, ਐਫੀਡੇਵਿਟ, ਡੇਕਲਾਰੇਸ਼ਨ, ਐਗਰੀਮੈਂਟ, ਬਾਹਰੋਂ ਆਏ ਰਿਸ਼ਤੇਦਾਰਾਂ ਲਈ "ਰਾਹਦਾਰੀ"
● ਪਾਸਪੋਰਟ ਨਾਂ ਦੀ ਤਬਦੀਲੀ
ਅਤੇ ਇਮੀਗਰੇਸ਼ਨ
ਦੇ ਆਮ ਮਸਲੇ ਤੇ ਇਮੀਗਰੇਸ਼ਨ ਅਪੀਲ ਬੋਰਡ ਦੇ ਕੇਸ ਲੜਨ ਲਈ ਜਾਣਕਾਰੀ ਤੇ ਯੋਗ ਸਹਾਇਤਾ
7-4857 Kingsway (Opp. Sears)
Burnaby, B.C. V5H 2C8
PHONE—Off. 433-8366
Res. 324-4160
ਸਮਾਂ : ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ
(ਦਫਤਰ ਸ਼ਨਿਚਰਵਾਰ ਖੁਲ੍ਹਾ ਰਹਿੰਦਾ ਹੈ)



ਬਾਬਾ ਨਿਰੰਜਨ ਸਿੰਘ ਪੰਡੋਰੀ ਦੇ ਜੀਵਨ ਤੇ ਆਧਾਰਤ ਪੁਸਤਕ ਰੀਲੀਜ਼ ਸਮਾਗਮ ਦੇ ਸਰੋਤੇ



ਸ੍ਰੀ ਬਿਸ਼ਨ ਸਿੰਘ ਐਂਜਲਾ (ਭਾਸ਼ਨ ਕਰਦੇ ਹੋਏ), ਸਟੇਜ ਸਕੱਤਰ ਦਰਸ਼ਨ ਗਿੱਲ, ਕੇਸਰ ਸਿੰਘ ਨਾਵਲਿਸਟ, ਤੇ ਬਾਬਾ ਜੀ ਦੇ ਪੋਤਰੇ ਜਗਜੀਤ ਸਿੰਘ ਢਿੱਲੋਂ

# ਜ਼ਰੂਰੀ ਸੂਚਨਾ!

## ਕੇ-ਮਾਰਟ ਤੇ ਹਿੰਦੁਸਤਾਨੀਆਂ ਵਲੋਂ ਲੱਗ ਰਹੀ ਪਿਕਟ ਤੇ ਪੁੱਜੋ

### "ਹੱਕ ਦਿੱਤੇ ਨਹੀਂ ਜਾਂਦੇ, ਲਏ ਜਾਂਦੇ ਹਨ"

ਸਰੀ—ਚਰਨਪਾਲ ਗਿੱਲ ਪ੍ਰਧਾਨ ਬੀ. ਸੀ. ਓ. ਐਫ. ਆਰ. ਹੋਰਾਂ ਨੇ ਫੋਨ ਰਾਹੀਂ ਦੱਸਿਆ ਕਿ 11 ਫਰਵਰੀ ਦਿਨ ਸਨਿਚਰਵਾਰ ਨੂੰ ਕੇ-ਮਾਰਟ ਸਟੋਰ ਜਾਂ ਡੇਲਟਾ ਵਿਚ 120 ਸਟਰੀਟ ਤੇ ਹੈ, ਪਿਕਟ ਲੱਗੇਗੀ। ਕੇ-ਮਾਰਟ ਦੇ ਮੈਨੇਜਰ ਨੇ ਬੀ. ਸੀ. ਓ. ਐਫ. ਆਰ. ਦੇ ਪ੍ਰਧਾਨ ਨਾਲ ਗੱਲਬਾਤ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਸਾਡੇ ਕਈ ਵਾਰ ਫੋਨ ਕਰਨ ਦੇ ਬਾਵਜੂਦ ਵੀ ਉਸ ਨੇ ਇਸ ਝਗੜੇ ਦਾ ਸਮਝੌਤਾ ਕਰਨ ਤੋਂ ਨਾਂਹ ਕਰ ਦਿੱਤੀ ਹੈ। ਇਸ ਖਾਤਰ ਅਸੀਂ 11 ਫਰਵਰੀ ਨੂੰ 12 ਵਜੇ ਸਕਾਟ ਰੋਡ ਤੇ 80 ਐਵੇਨਿਊ ਡੇਲਟਾ ਦੇ ਕੇ-ਮਾਰਟ ਸਟੋਰ ਤੇ ਪਿਕਟ ਲਾਵਾਂਗੇ। ਸਾਰੀ ਪਬਲਿਕ ਨੂੰ ਬੇਨਤੀ ਕੀਤੀ ਜਾਵੇਗੀ ਕਿ ਉਹ ਕੇ-ਮਾਰਟ ਸਟੋਰ ਦਾ ਬਾਈਕਾਟ ਕਰਨ ਜਿੰਨਾ ਚਿਰ ਕੇ-ਮਾਰਟ ਸਟੋਰ ਦਾ ਮੈਨੇਜਰ ਜੋਗਿੰਦਰ ਸਿੰਘ ਸੰਘੇੜਾ ਤੋਂ ਮਾਫੀ ਨਹੀਂ ਮੰਗਦਾ, ਉਨ੍ਹਾ ਚਿਰ ਇਹਨਾਂ ਸਟੋਰਾਂ ਤੋਂ ਕੋਈ ਚੀਜ਼ ਨਾ ਖਰੀਦਣ ਲਈ ਬੇਨਤੀ ਹੈ।

11 ਫਰਵਰੀ ਦਿਨ ਸਨਿਚਰਵਾਰ ਨੂੰ 12 ਵਜੇ ਪਿਕਟ ਨੂੰ ਤਕੜਾ ਕਰਨ ਲਈ ਹਿਸਾ ਪਾਓ। ਹੋਰ ਜਾਣਕਾਰੀ ਲਈ ਚਰਨ ਪਾਲ ਗਿੱਲ ਪ੍ਰਧਾਨ ਬੀ. ਸੀ. ਓ. ਐਫ. ਆਰ. ਨੂੰ ਫੋਨ ਕਰੋ 576-2307

# ਐਫ. ਸੀ. ਆਈ. ਨੂੰ 118 ਕਰੋੜ ਦਾ ਘਾਟਾ

ਨਵੀਂ ਦਿੱਲੀ—ਫੂਡ ਕਾਰਪੋਰੇਸ਼ਨ ਆਫ ਇੰਡੀਆਂ ਨੂੰ 1981-82 ਵਿਚ ਢੋਆ ਢੁਆਈ ਤੇ ਭੰਡਾਰ ਦੇ ਮਾਮਲੇ ਵਿਚ 6 ਲੱਖ 60 ਹਜ਼ਾਰ ਟਨ ਅਨਾਜ ਦਾ ਨੁਕਸਾਨ ਹੋਇਆ। ਇਹ 118 ਕਰੋੜ ਦਾ ਬਣਦਾ ਹੈ। ਇਸ ਤੋਂ ਪਿਛਲੇ ਸਾਲ ਨੁਕਸਾਨ 6 ਲੱਖ 58 ਹਜ਼ਾਰ ਟਨ (104 ਕਰੋੜ) ਦਾ ਸੀ। ਇਹ ਗੱਲ ਇਕ ਅਧਿਐਨ ਜਿਸ ਨੇ ਘਾਟੇ ਦੀ ਹਦ ਘਟਾਉਣ ਦੇ ਸੁਝਾਅ ਦੇਣ ਲਈ ਇਸ ਸਮਸਿਆ ਦੀ ਘੋਖ ਕੀਤੀ, ਵਿਚ ਕਹੀ ਗਈ ਹੈ।


ਗ਼ਦਰੀ ਬਾਬਾ ਨਿਰੰਜਨ ਸਿੰਘ

## 'ਗ਼ਦਰੀ ਤੇ ਕਾਮਾ' ਪੁਸਤਕ

**ਏਸ਼ੀਆ ਬੁੱਕ ਕੰਪਨੀ ਤੋਂ ਖਰੀਦੋ**

ਸੰਪਾਦਕ : ਕੇਸਰ ਸਿੰਘ ਨਾਵਲਿਸਟ

ਇਸ ਪੁਸਤਕ ਵਿਚ ਬਾਬਾ ਜੀ ਦੇ ਸਪੁੱਤਰ ਸ: ਗੁਰਦੇਵ ਸਿੰਘ ਢਿੱਲੋਂ 'ਯਕਦਮ' ਦੀਆਂ ਕਵਿਤਾਵਾਂ ਵੀ ਸ਼ਾਮਲ ਹਨ।

ਕੀਮਤ : ਪੰਜ ਡਾਲਰ



# ਮਾਨ ਮਿਊਜ਼ਿਕ ਵੀਡੀਓ ਐਂਡ ਫ਼ੋਟੋ ਸਟੂਡੀਓ

**6512 ਮੇਨ ਸਟਰੀਟ 49th Ave.**

**(ਪੰਜਾਬੀਮਾਰਕਿਟ ਵਿਚ)**

LOVE SONGS ਦੀਆਂ 8 ਟੇਪਾਂ (90 ਮਿੰਟਾਂ) ਮਾਨ ਮਿਊਜ਼ਿਕ ਤੋਂ ਖਰੀਦੋ, ਜਿੰਨ੍ਹਾਂ ਵਿਚ 1980 ਤੋਂ ਲੈ ਕੇ 1983 ਤੱਕ ਦੇ ਸਾਰੇ ਸੁਪਰ ਹਿਟ ਹਿੰਦੀ ਗਾਣੇ ਹਨ।

15 ਨੰਬਰ ਧਾਰਮਿਕ ਗਾਣਿਆਂ ਦੀ ਟੇਪ ਜਿਸ ਵਿਚ ਨਰਿੰਦਰ ਬੀਬਾ ਦੇ ਧਾਰਮਿਕ ਗਾਣੇ ਹਨ(ਭਗਤ ਰਵੀਦਾਸ ਦੇ)

ਇਸ ਤੋਂ ਇਲਾਵਾ 14 ਹੋਰ ਧਾਰਮਿਕ ਟੇਪਾਂ ਹਨ ਜਿੰਨ੍ਹਾਂ ਵਿਚ ਸਿਰਫ ਧਾਰਮਿਕ ਗੀਤ ਹਨ ਵੱਖ ਵੱਖ ਸਿੰਗਰਾਂ ਦੇ

**ਸ਼ਬਦਾਂ ਦੀਆਂ ਟੇਪਾਂ ਵੱਖ ਵੱਖ ਕੀਰਤਨੀਏ ਜੱਥੇ :**

ਜਿਵੇਂ ਭਾਈ ਗੋਪਾਲ ਸਿੰਘ ਰਾਗੀ
ਭਾਈ ਹਰਬੰਸ ਸਿੰਘ ਜਗਾਧਰੀ ਵਾਲੇ
ਭਾਈ ਦਰਸ਼ਨ ਸਿੰਘ ਜੀ(11VOL) , ਭਾਈ ਬਖਸ਼ੀਸ਼ ਸਿੰਘ, ਭਾਈ ਤਰਲੋਚਨ ਸਿੰਘ, ਭਾਈ ਬਲਵਿੰਦਰ ਸਿੰਘ ਰੰਗੀਲਾ, ਭਾਈ ਦਵਿੰਦਰ ਸਿੰਘ ਤੇ ਸੰਤ ਸਿੰਘ ਮਸਕੀਨ ਹੋਰਾਂ ਦੀਆਂ ਕੁਲ 25 ਟੇਪਾਂ ਦਾ ਸੈੱਟ

Mail Order Accepted

**Electric Iron 220 V Blender 220 V Available**

**ਪਾਸਪੋਰਟ ਜਾਂ ਸਿਟੀਜਨਸ਼ਿਪ ਦੀ ਫੋਟੋ ਸਿਰਫ 5 ਮਿੰਟ ਵਿਚ ਖਿਚਵਾਓ**

**ਵਿਆਹ ਦੀ ਵੀਡੀਓ ਮੂਵੀ ਬਨਾਉਣ ਲਈ ਜਾਂ ਫੋਟੋਆਂ ਖਿਚਵਾਉਣ ਲਈ**

**Proffessonal Service ਲਈ ਗੁਰਪਾਲ ਮਾਨ ਨੂੰ ਫੋਨ ਕਰੋ : (604)321-6667**

**ਹੋਰ ਜਾਣਕਾਰੀ ਲਈ : ਸੰਗੀਤ ਸੰਸਾਰ**

**ਹਰ ਐਤਵਾਰ 12.25 - 1.00 P.M.**
**8.05 - 9.00 P.M.**

**800 AM. C.J.J.C. LANGLEY**

**(Live From Punjabi Market)**

**ਪੰਜਾਬੀ ਫਿਲਮ, ਲੌਂਗ ਦਾ ਲਿਸ਼ਕਾਰਾ ਬਹੁਤ ਜਲਦ ਰੀਲੀਜ਼ ਹੋ ਰਹੀ ਹੈ**

**ਅਮੀਤਾਬ ਬਚਨ ਦੀ 'ਹਿਟ ਫਿਲਮ' ਕੁਲੀ ਰੀਲੀਜ਼ ਹੋ ਗਈ**

**ਇੰਡੀਆਂ ਦੀ ਬਿਜਲੀ ਤੇ ਚਲਣ ਵਾਲਾ 4 Band Radio ਨਾਲ 4 ਸਪੀਕਰ SANYO COMPANY ਦਾ 110-220 ਬਹੁਤ ਸਸਤੀ ਕੀਮਤ ਤੇ**

# AMBIKA'S

## SAVINGS ARE MORE ON YOUR FOOD DOLLAR

For your **649 LOTTO CENTRE**

lotto 649

# Watch For Gigantic Spring Sale

# Save Your Money On Our Special Sale

*Large varieties of fresh vegetables/fruits from Fiji*

*"SEEING IS BELIEVING"*

5125 Victoria Drive Vancouver, B.C.

**PHONE: 327-0295**

# ਫ਼ਿਲਮ ਦਰਪਨ



ਪਦਮਿਨੀ ਕੋਹਲਾਪੁਰੀ ਫਿਲਮ 'ਬੇਕਰਾਰ' ਵਿਚ

ਪ੍ਰਸਿੱਧ ਨਿਰਮਾਤਾ-ਨਿਰਦੇਸ਼ਕ ਪ੍ਰਕਾਸ਼ ਮਹਿਰਾਅਜਭਾਵੇਂ ਮੁਕੱਦਰ ਕਾ ਸਿਕੰਦਰ ਬਣ ਗਿਆਹੈਪਰਉਸਤੇ ਕਦੀ ਉਹ ਦਿਨ ਵੀ ਸਨ ਜਦੋਂ ਉਹ ਲਾਵਾਰਿਸਾਂ ਵਾਂਗ ਬਾ ਕਲਾਕਾਰ ਬਬਲੂ ਦੇਘਰ ਰਾਤ ਗੁਜ਼ਾਰਦਾ ਹੁੰਦਾਸੀ।ਅਜ ਉਸਦਾ ਫਿਲਮ ਨਿਰਮਾਣ ਵਿਚ ਸਭ ਤੋਂ ਵੱਡਾ ਭਾਈਵਾਲਸਤਿਯੇਨ ਪਾਲ ਚੌਧਰੀ ਵੀ ਉਸ ਨਾਲ ਹੁੰਦਾ ਸੀ। ਦੋਨੋਂ ਪੈਸੇ ਬਚਾਉਣ ਦੀ ਖਾਤਿਰ ਹੀ ਇਕ ਦੂਜੇ ਦੀ ਹਜਾਮਤ ਆਪ ਕਰਿਆ ਕਰਦੇ ਸਨ। ਪਰ ਅਜ ਇਹ ਮੁਕੱਦਰ ਕਾ ਸਿਕੰਦਰ ਆਪਣੀ ਔਕਾਤ ਭੂਲ ਗਿਆ ਹੈ ਤੇ ਉਸਨੇ ਆਪਣੀ ਨਵੀਂ ਫਿਲਮ 'ਇਨਸਾਨ ਕੀ ਔਲਾਦ' ਦੀਆਂ ਤਿੰਨਾਂ ਹੀਰੋਇਨਾਂ—ਆਰਤੀ ਗੁਪਤਾ, ਅਨੁਰਾਧਾ ਅਤੇ ਨਿਸ਼ੀ ਸਿੰਘ ਨੂੰ ਫਿਲਮ ਵਿਚੋਂ ਆਊਟ ਕਰ ਦਿਤਾ ਹੈ।ਯਾਦ ਰਹੇ ਫਿਲਮ ਦੀ ਸ਼ੂਟਿੰਗ 11-12 ਹਜ਼ਾਰ ਫੁਟ ਹੋ ਚੁਕੀ ਸੀ।

× ×

ਮੌਸਮੀ ਚੈਟਰਜੀ ਨੇ ਰੋਜ਼ਾਨਾ ਦਾਰੂ ਪੀਣ ਦਾ ਕੋਟਾ ਕਾਫੀ ਵਧਾ ਲਿਆ ਹੈ। ਕੋਈ ਸਮਾਂ ਸੀ ਜਦੋਂ ਮੌਸਮੀ ਦੋ ਪੈਗ ਪੀਣ ਪਿਛੋਂ ਤੋਬਾ ਕਰ ਦਿੰਦੀ ਸੀ ਪਰ ਅਜ ਕਲ ਉਹ ਪਾਰਟੀਆਂ ਵਿਚ ਪੈਗ ਪਿਛੋਂ ਪੈਗ ਚੜ੍ਹਾਈ ਜਾਂਦੀ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਏਨੀ ਦਾਰੂ ਪੀ ਕੇ ਉਹ ਕਦੀ ਆਊਟ ਵੀ ਨਹੀਂ ਹੋਈ।

× ×

ਰੀਨਾ ਰਾਇ ਦੀ ਰੀਸੇ ਦੀਪਤੀ ਨਵਲ ਵੀ ਆਪਣੀ ਫਿਲਮ 'ਕਿਕਟਰ' ਦੇ ਫਿਰੰਗੀ ਹੀਰੋ ਮਾਰਕ ਜ਼ੁਬੇਰ ਨਾਲ ਸ਼ਾਦੀ ਕਰਾਕੇ ਲੰਦਨ ਵਿਚ ਵਸਣ ਦੀ ਇਛਕ ਹੋ ਗਈ ਹੈ।

ਪਾਕਿਸਤਾਨੀ ਕ੍ਰਿਕਟਰ ਇਮਰਾਨ ਖਾਂ ਨੇ ਆਪਣੀ ਸਵੈ-ਜੀਵਨੀ ਲਿਖੀ ਹੈ ਜੋ ਕਿ ਭਾਰਤ ਵਿਚ ਵੀ ਰਿਲੀਜ਼ ਹੋ ਚੁਕੀ ਹੈ। ਜਦੋਂ ਜ਼ੀਨਤ ਅਮਾਨ (ਇਮਰਾਨ ਦੀ ਮਾਸ਼ੂਕਾਂ) ਨੂੰ ਇਸ ਕਿਤਾਬ ਬਾਰੇ ਪਤਾ ਲਗਾ ਤਾਂ ਉਸ ਨੇ ਫਟਾਫਟ ਇਹ ਪੁਸਤਕ(ਇਮਰਾਨ ਬਾਈ ਇਮਰਾਨ ਖਾਂ) ਖਰੀਦੀ ਪਰ ਉਸਨੇ ਜਦੋਂ 'ਕੱਲਾ ਕੱਲਾ ਸ਼ਬਦ ਪੜ੍ਹ ਮਾਰਿਆ ਤਾਂ ਉਸਨੂੰ ਇਸ ਗਲ ਦੀ ਬੇਹੱਦ ਨਿਰਾਸ਼ਾ ਹੋਈ ਕਿ ਕ੍ਰਿਕਟਰ ਨੇ ਆਪਣੀ ਸਾਬਕ ਮਾਸ਼ੂਕਾ ਜ਼ੀਨਤ ਬਾਰੇ ਇਕ ਵੀ ਲਾਈਨ ਨਹੀਂ ਲਿਖੀ।

× ×

'ਰਜ਼ੀਆ ਸੁਲਤਾਨ' ਫਿਲਮ ਦੀ ਸ਼ੂਟਿੰਗ ਦੁਬਾਰਾ ਕੀਤੀ ਜਾ ਰਹੀ ਹੈ। ਪਹਿਲਾਂ ਧਰਮਿੰਦਰ ਦੇ ਕੁਝ ਸੀਨ ਕੱਟ ਲਏ ਗਏ ਸਨ, ਹੁਣ ਉਨ੍ਹਾਂ ਨੂੰ ਦੁਬਾਰਾ ਫਿਲਮ ਵਿਚ ਸ਼ਾਮਲ ਕੀਤਾ ਜਾਏਗਾ। ਫਿਲਮ ਨੂੰ ਬੋਝਲ ਹੋਣ ਤੋਂ ਬਚਾਉਣ ਲਈ ਕੁਝ ਮਸਾਲਾ ਵੀ ਭਰਿਆ ਜਾ ਰਿਹਾ ਹੈ। ਇਹ ਕੰਮ ਕਰਨ ਲਈ ਨਿਰਦੇਸ਼ਕ ਕਮਾਲ ਅਮਰੋਹੀ ਕੰਨੀ ਕਤਰਾ ਰਹੇ ਹਨ, ਇਸ ਲਈ ਹੋਰ ਨਿਰਦੇਸ਼ਕਾਂ ਨਾਲ ਗਲਬਾਤ ਚਲ ਰਹੀ ਹੈ।

× ×

ਪਦਮਿਨੀ ਕੋਲ੍ਹਾਪੁਰੀ ਨੇ ਹੀਰੋਇਨਾਂ ਦੀ ਚੋਣ ਕਰਨ ਵਿਚ ਮਨਮਰਜ਼ੀ ਦੇ ਮਾਲਕ ਰਾਜ ਕਪੂਰ ਨੂੰ ਉਸਦੀ ਫਿਲਮ 'ਰਾਮ ਤੇਰੀ ਗੰਗਾ ਮੈਲੀ' ਵਿਚ ਕੰਮ ਕਰਨ ਤੋਂ ਕੋਰੀ ਨਾਂਹ ਕਰ ਦਿਤੀ ਹੈ। ਹੁਣ ਰਾਜ ਕਪੂਰ ਨੇ ਇਸ ਫਿਲਮ ਵਿਚ ਪਦਮਿਨੀ ਦੀ ਥਾਂ ਗੰਗਾ ਦੀ ਭੂਮਿਕਾ ਕਰਨ ਲਈ ਨਵੀਂ ਅਭਿਨੇਤਰੀ 'ਮਾਧੁਰੀ' ਨੂੰ ਸਾਈਨ ਕਰ ਲਿਆ ਹੈ।

× ×

ਟੀਨਾ ਮੁਨੀਮ ਨੇ ਕਿਹਾ ਹੈ ਕਿ ਉਸ ਨੂੰ ਦੂਜੀ ਪਤਨੀ ਬਣਨ ਵਿਚ ਕੋਈ ਝਿਜਕ ਨਹੀਂ। ਉਸ ਦਾ ਵਿਚਾਰ ਹੈ ਕਿ ਵਿਆਹੁਤਾ ਮਰਦ ਭਾਵੇਂ ਰਾਜੇਸ਼ ਖੰਨਾ ਹੋਵੇ ਜਾਂ ਕੋਈ ਹੋਰ, ਗੱਲ ਤਾਂ 'ਦਿਲ ਮਿਲੇ' ਤੇ ਆ ਕੇ ਮੁਕਦੀ ਹੈ। ਇਸ ਲਈ ਟੀਨਾ-ਰਾਜੇਸ਼ ਦਾ ਮਧੁਰ-ਮਿਲਾਪ ਹੋਣ ਵਿਚ ਹੁਣ ਕੋਈ ਕਸਰ ਬਾਕੀ ਰਹਿ ਗਈ ਨਜ਼ਰ ਨਹੀਂ ਆਉਂਦੀ।



ਕੁਣਾਲ ਗੋਸਵਾਮੀ ਤੇ ਸ੍ਰੀ ਦੇਵੀ ਫਿਲਮ 'ਕਲਾਕਾਰ' ਵਿਚ

ਕੁਝ ਦੇਰ ਪਹਿਲਾਂ ਲਗਦਾ ਸੀ ਕਿ ਸ੍ਰੀ ਦੇਵੀ ਸਿਰਫ ਜਤਿੰਦਰ ਦੀ ਹੀ ਜਾਗੀਰ ਬਣਕੇ ਰਹਿ ਗਈ ਹੈ ਪਰ ਇਹ ਸਾਰੇ ਅੰਦਾਜ਼ੇ ਗਲਤ ਨਿਕਲੇ ਹਨ ਕਿਉਂਕਿ ਜਿਥੇ ਉਸ ਤੇ ਡੋਰੇ ਪਾਉਣ ਲਈ ਵੱਡੇ-ਵੱਡੇ ਸਟਾਰ ਅਸਫਲ ਰਹੇ ਹਨ
ਉਥੇ 'ਭਾਰਤ ਦਾ ਲਾਲ' (ਮਨੋਜ ਦਾ ਪੁਤਰ ਕੁਨਾਲ ਗੋਸਵਾਮੀ) ਦੱਖਣ ਦੀ ਇਸ ਸੈਕਸ ਬੰਬ ਅਭਿਨੇਤਰੀ ਦੀਆਂ ਨਜ਼ਰਾਂ ਦਾ ਕੇਂਦਰ ਬਣ ਗਿਆ ਹੈ। ਬੰਬਈ ਵਿਚ ਜਿਸ ਦਿਨ 'ਕਲਾਕਾਰ' ਫਿਲਮ ਦੀ ਡਿਸਕ ਰਿਲੀਜ਼ ਕੀਤੀ
ਉਸ ਦਿਨ ਜਿਥੇ ਸ੍ਰੀ ਦੇਵੀ ਸਾਰੇ ਮਹਿਮਾਨਾਂ ਦੀਆਂ ਨਜ਼ਰਾਂ ਦਾ ਕੇਂਦਰ ਬਣੀ ਹੋਈ ਸੀ ਉਥੇ ਸ੍ਰੀ ਦੇਵੀ ਦੀਆਂ ਅੱਖਾਂ ਕਨਾਲ ਗੋਸਵਾਮੀ ਤੇ ਕੇਂਦ੍ਰਿਤ ਸਨ।

× ×

ਜਤਿੰਦਰ ਦੀ ਧਤਨੀ ਸ਼ੋਭਾ, ਜਤਿੰਦਰ ਦੀ ਕਿਸੇ ਵੀ ਹੀਰੋਇਨ (ਸ੍ਰੀ ਦੇਵੀ ਤੋਂ ਵੀ ਨਹੀਂ) ਡਰਦੀ ਪਰ ਉਸ ਨੂੰ ਮੌਸਮੀ ਚੈਟਰਜੀ ਤੋਂ ਕਾਫੀ ਭੈਅ ਆ ਰਿਹਾ ਹੈ। ਸ਼ੋਭਾ ਗੱਲਾਂ-ਗੱਲਾਂ ਵਿਚ ਮੌਸਮੀ ਨੂੰ 'ਸੋਤਨ' ਕਹਿੰਦੀ ਹੈ।
ਉਸ ਦਾ ਕਹਿਣਾ ਹੈ ਕਿ ਉਸ ਦੇ ਘਰ ਜਤਿੰਦਰ ਵਲੋਂ ਕੀਤੀਆਂ ਸਮੂੰਹ ਪਾਰਟੀਆਂ ਵਿਚ ਮੌਸਮੀ ਬਿਨਾਂ ਕਿਸੇ ਸੱਦੇ ਦੇ ਪਹੁੰਚ ਜਾਂਦੀ ਹੈ। ਸ਼ੋਭਾ ਨੂੰ ਇਸ ਗੱਲ ਦੀ ਵੀ ਹੈਰਾਨੀ ਹੈਰਾਨੀ ਹੈ ਕਿ ਉਸ ਦੇ ਘਰ ਵਿਚ ਹੋ ਰਹੀਆਂ ਪਾਰਟੀਆਂ ਦੇ ਗੁਪਤ ਭੇਦ ਵੀ ਮੌਸਮੀ ਨੂੰ ਕੌਣ ਦੱਸ ਰਿਹਾ ਹੈ। ਪਰ ਇਹ ਭੇਦ ਦੱਸਣ ਵਾਲਾ ਹੋਰ ਕੋਈ ਨਹੀਂ ਖੁਦ ਜਤਿੰਦਰ ਹੈ।

× ×

'ਮਜ਼ਦੂਰ' ਦੀ ਅਸਫਲਤਾ ਤੋਂ ਬੀ. ਆਰ. ਚੋਪੜਾ ਓਨਾ ਨਹੀਂ ਘਬਰਾ ਰਿਹਾ ਜਿੰਨਾ ਕਿ ਉਸ ਦਾ ਭਰਾ ਯਸ਼ ਚੋਪੜਾ ਘਬਰਾ ਰਿਹਾ ਹੈ। ਕਾਰਨ ਇਹ ਹੈ ਕਿ ਯਸ਼ ਚੋਪੜਾ ਨੇ 'ਸਿਲਸਿਲਾ' ਤੋਂ ਹੋਏ ਆਪਣੇ ਘਾਟੇ ਨੂੰ ਪੂਰਾ ਕਰਨ ਲਈ ਦਿਲੀਪ ਨੂੰ ਲੈ ਕੇ 'ਮਸ਼ਾਲ' ਫਿਲਮ ਬਣਾਈ ਹੈ ਜੋ ਕਿ ਰਿਲੀਜ਼ ਹੋਣ ਲਈ ਤਿਆਰ ਹੈ।
ਜਦੋਂ ਦੀ ਦਿਲੀਪ ਕੁਮਾਰ ਦੀ ਕਾਸਟ ਵਾਲੀ ਫਿਲਮ 'ਮਜ਼ਦੂਰ' ਫਲਾਪ ਹੋਈ ਹੈ ਉਦੋਂ ਦਾ ਯਸ਼ ਚੋਪੜਾ ਦੀਆਂ ਰਾਤਾਂ ਦਾ ਚੈਨ ਵੀ ਗਵਾਚਦਾ ਜਾ ਰਿਹਾ ਹੈ।

ਨਤਾਸ਼ਾ ਸਿਨਹਾ ਅਭਿਨੇਤਰੀ ਜਾਂ ਹੀਰੋਇਨ ਬਣ ਸਕਦੀ ਹੈ ਜਾਂ ਨਹੀਂ ਪਰ ਇਕ ਗੱਲ ਆਵੱਸ਼ ਕਹੀ ਜਾ ਸਕਦੀ ਹੈ ਕਿ ਉਹ ਦੇਵ ਆਨੰਦ ਦੇ ਘਰ ਦੀ ਬਹੂ ਜ਼ਰੂਰ ਬਣੇਗੀ।
ਇਸ ਗੱਲ ਦੀ ਪੁਸ਼ਟੀ ਨਤਾਸ਼ਾ ਤੇ ਸੁਨੀਲ ਆਨੰਦ ਦੋਵੇਂ ਕਰ ਰਹੇ ਹਨ। ਦੇਵ ਆਨੰਦ ਦਾ ਪੁੱਤਰ ਤਾਂ ਇਸ ਗੱਲ ਲਈ ਵੀ ਉਤਾਵਲਾ ਹੈ ਕਿ ਛਤੀ ਤੋਂ ਛੇਤੀ ਉਹ ਪਿਆਰ ਬੰਧਨ ਵਿਚ ਬੱਝ ਜਾਣ ਪਰ ਦੇਵ ਆਨੰਦ ਅਜੇ ਦੋਨਾਂ ਦੇ ਮਧੁਰ-ਮਿਲਣ ਵਿਚ ਰੋੜਾ ਬਣੇ ਹੋਏ ਹਨ।
ਦੇਵ ਅਨੰਦ ਦਾ ਖਿਆਲ ਹੈ ਕਿ ਜਿੰਨੀ ਦੇਰ 'ਆਨੰਦ ਔਰ ਆਨੰਦ' ਰਿਲੀਜ਼ ਨਹੀਂ ਹੁੰਦੀ, ਓਨੀ ਦੇਰ ਉਹ ਵਿਆਹ ਨਾ ਕਰਾਉਣ ਤਾਂ ਚੰਗਾ ਹੈ।

× ×

ਲਉ ਸੁਣੋ, ਕਮਾਲ ਅਮਰੋਹੀ ਸਾਹਿਬ ਕੀ ਕਹਿੰਦੇ ਹਨ—ਉਹਨਾਂ ਦਾ ਕਹਿਣਾ ਹੈ ਕਿ ਫਿਲਮ 'ਰਜ਼ੀਆ ਸੁਲਤਾਨ' ਸੁਪਰਹਿਟ ਫਿਲਮ ਹੈ ਤੇ ਇਸ ਤੇ ਅਸਫਲਤਾ ਦਾ ਲੇਬਲ ਉਸ ਦੇ ਦੁਸ਼ਮਣਾਂ ਵਲੋਂ ਲਾਇਆ ਜਾ ਰਿਹਾ ਹੈ। ਉਹਨਾਂ ਦਾ ਕਹਿਣਾ ਹੈ ਕਿ ਅਜਿਹੇ ਲੋਕਾਂ ਨੇ 'ਪਾਕੀਜ਼ਾ' ਤੇ 'ਮੁਗਲੇ ਆਜ਼ਮ' ਦੀ ਰੀਲੀਜ਼ ਵੇਲੇ ਵੀ ਇਸੇ ਤਰ੍ਹਾਂ ਦੀਆਂ ਅਫਵਾਹਾਂ ਉਡਾਈਆਂ ਸਨ ਪਰ ਇਹ ਫਿਲਮਾਂ ਆਪਣੇ ਸਮੇਂ ਦੀ ਸਭ ਤੋਂ ਵਧ ਬਿਜ਼ਨਿਸ ਕਰਨ ਵਾਲੀਆਂ ਸੁਪਰਹਿਟ ਫਿਲਮਾਂ ਸਾਬਿਤ ਹੋਈਆਂ ਸਨ। ਇਸੇ ਤਰ੍ਹਾਂ 'ਰਜ਼ੀਆ ਸੁਲਤਾਨ' ਵੀ ਸਫਲ ਫਿਲਮ ਸਾਬਤ ਹੋਵੇਗੀ।

× ×

ਕਮਾਲ ਅਮਰੋਹੀ ਸਾਹਿਬ ਸ਼ਾਇਦ ਭੁਲੇਖੇ ਵਿਚ ਅਜੇ ਵੀ ਵਿਚਰ ਰਹ ਹਨ ਜਦ ਕਿ ਫਿਲਮ ਦਾ ਨਾਂ ਹੁਣ ਥੇਟਰਾਂ ਵਿਚ ਤਾਂ ਕੀ, ਕਿਸੇ ਅਖਬਾਰ ਦੇ ਇਸ਼ਤਿਹਾਰੀ ਕਾਲਮਾਂ ਵਿਚ ਵੀ ਦਿਖਾਈ ਨਹੀਂ ਦੇ ਰਿਹਾ। ਕਮਾਲ ਅਮਰੋਹੀ ਸਾਹਬ ਨੂੰ ਇਹ ਵੀ ਸੋਚ ਲੈਣਾ ਚਾਹੀਦਾ ਹੈ ਕਿ ਦੁਸ਼ਮਣਾਂ ਵਲੋਂ ਉਡਾਈਆਂ ਅਫਵਾਹਾਂ ਬਹੁਤੀ ਦੇਰ ਨਹੀਂ ਰਹਿੰਦੀਆਂ ਤੇ ਆਖਿਰ ਸੱਚਾਈ ਹੀ ਸਾਹਮਣੇ ਉਘੜਕੇ ਆਉਂਦੀ ਹੈ।


# ਸਵ੍ਰ ਸਾਗਰ ਰੇਡੀਓ ਪ੍ਰੋਗਰਾਮ

ਸਵ੍ਰ ਸਾਗਰ ਪ੍ਰੋਗਰਾਮ ਨੂੰ ਸੁਣਨੋ ਨਾ ਭੁਲੋ

Ph.: 299-6767 Or 253-7596 24 hours. Pager 9090

ਹਿੰਦੀ ਅਤੇ ਪੰਜਾਬੀ ਦਾ ਹਰਮਨ ਪਿਆਰਾ ਰੇਡੀਓ ਪ੍ਰੋਗਰਾਮ

ਹਰ ਐਤਵਾਰ ਸਵੇਰੇ ਤੇ ਸ਼ਾਮ

ਰੇਡੀਓ ਤੇ ਸੀ. ਜੇ. ਸੀ(CJJC 800 AM DIAL)

Sunday Entertainment:

ਹਰ ਐਤਵਾਰ ਸਵੇਰੇ 10⁰⁵ ਤੋਂ 11⁰⁰

ਹਰ ਐਤਵਾਰ ਸ਼ਾਮ 7⁰⁵ ਤੋਂ 8⁰⁰



Producer Manjit Virdi

## ਗਜ਼ਲ

**ਇਕਬਾਲ ਚੌਹਾਨ, ਗੁਅਲਫ ਉਨਟੋਰੀਓ**

ਇਸ਼ਕ ਦੇ ਪੱਲੇ ਸਦਾ ਮਜਬੂਰੀਆਂ ।
ਹੁਸਨ ਦੇ ਨੈਣੀਂ ਸਦਾ ਮਗਰੂਰੀਆਂ ।
ਅੱਖ ਮਿਲਾ ਕੇ ਅੱਖ ਚੁਰਾਉਂਦਾ ਹੀ ਰਿਹੋਂ,
ਦੱਸ ਇਹ ਕਿੱਧਰ ਦੀਆਂ ਦਸਤੂਰੀਆਂ ।
ਵਸਲ ਦੇ ਵਾਅਦੇ ਹੰਢਾਏ ਰਾਤ ਦਿਨ,
ਉਡ ਗਏ ਕਾਂ ਖਾ ਖਾ ਕੇ ਚੂਰੀਆਂ ।
ਹਰ ਰਾਤ, ਮੱਸਿਆ ਦੀ ਤਰ੍ਹਾਂ ਕਾਲੀ ਸਿਆਹ,
ਕਿਸ ਤਰ੍ਹਾਂ ਲੱਭਾਂਗੇ ਉਹ ਕੋਹ - ਤੂਰੀਆਂ ।
ਤੇਰੇ ਨਕਸ਼ਾਂ ਦੀ ਹੀ ਇਕ ਅਣਹੋਂਦ ਤੋਂ,
ਹਰ ਤਰਫ ਹੋਈਆਂ ਨੇ ਕਿੰਝ ਬੇਨੂਰੀਆਂ ।


**ਵੈਨਕੂਵਰ ਸਿਟੀ ਸੇਵਿੰਗ ਕਰੈਡਿਟ ਯੂਨੀਅਨ ਦੇ ਡਾਇਰੈਕਟਰ ਲਈ ਆਪਣੇ ਵੋਟ**

**ਦਲਜੀਤ ਸਿੰਘ ਸਿੱਧੂ**

**ਲਈ ਰਾਖਵੇਂ ਕਰ ਲਓ !**



**ਦਲਜੀਤ ਸਿੰਘ ਸਿੱਧੂ ਅਗਾਂਹ ਵਧੂ ਵਿਚਾਰਾਂ ਵਾਲੇ ਤੇ ਨਿਰਪੱਖ ਸੱਜਣ ਹਨ ।**

**ਦਲਜੀਤ ਸਿੰਘ ਸਿੱਧੂ ਪੰਜਾਬੀ(ਇੰਡੀਆ) ਮਾਰਕਿਟ ਐਸੋਸੀਏਸ਼ਨ ਦੇ ਪ੍ਰਧਾਨ ਹਨ ਤੇ ਪ੍ਰਬੰਧਕੀ ਗੁਣਾਂ ਦੇ ਮਾਲਕ ਹਨ ।**

**ਦਲਜੀਤ ਸਿੰਘ ਸਿੱਧੂ ਤਜਰਬਾਕਾਰ ਤੇ ਵਪਾਰਕ ਨੁਕਤਿਆਂ ਨੂੰ ਪਰਖਣ ਦੇ ਮਾਹਰ ਹਨ ।**

**ਹੋਰ ਜਾਣਕਾਰੀ ਲਈ ਫੋਨ ਕਰੋ :**

**324-2311**

**●ਤਿੰਨ ਉਮੀਦਵਾਰਾਂ ਨੂੰ ਵੋਟ ਪਾਉਣੀ ਜ਼ਰੂਰੀ ਹੈ, ਨਹੀਂ ਵੋਟ ਕੈਂਸਲ ਹੋ ਜਾਵੇਗੀ ।**


(ਪੰਨਾ 13 ਦੀ ਬਾਕੀ)

ਕੁਝ ਵਿਦਵਾਨਾਂ ਨੇ ਵਾਕਾਂਸ਼, 'ਸਤਿ ਨਾਮ' ਦਾ ਅਰਥ, 'ਅੰਤਮ ਸੱਚ ਦਾ ਨਾਮ ਸਤਿ ਹੈ', ਕੀਤਾ ਹੈ। ਉਹਨਾਂ ਦੇ ਨੇੜ, ਪਰਮੇਸ਼ਰ, ਪ੍ਰਮਾਤਮਾ ਅਤੇ ਪ੍ਰਭੂ ਵਾਂਗ, 'ਸਤਿ' ਵੀ ਵਾਹਿਗੁਰੂ ਦਾ ਇਕ ਨਾਮ ਹੈ। ਅਸੀਂ 'ਸਤਿ ਨਾਮੁ' ਦਾ ਅਰਥ, 'ਓਅੰਕਾਰ ਦਾ ਨਾਮ ਸਦਾ ਰਹਿਣ ਵਾਲਾ ਹੈ', ਕਰਨਾ ਜ਼ਿਆਦਾ ਯੋਗ[1] ਸਮਝਦੇ ਹਾਂ ।

ਮੂਲ ਮੰਤ੍ਰ ਵਿਚ ਆਏ 'ਸਤਿ' ਸ਼ਬਦ ਦੇ ਅਰਥ ਨੂੰ ਵਧੇਰੇ ਸਪਸ਼ਟ ਕਰਨ ਦੇ ਮੰਤਵ ਨੂੰ ਮੁੱਖ ਰੱਖ, ਅਸੀਂ ਥੱਲੇ ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਦਾ ਹਵਾਲਾ ਦੇਣਾ ਜ਼ਰੂਰੀ ਸਮਝਦੇ ਹਾਂ :

ਜਪਿ ਮਨ ਨਿਰਭਉ ।
ਸਤਿ ਸਤਿ ਸਦਾ ਸਤਿ ।
ਨਿਰਵੈਰੁ ਅਕਾਲ ਮੂਰਤਿ ।
ਆਜੂਨੀ ਸੰਭਉ ।
(1201 : 15)

ਏਥੇ ਗੁਰੂ ਜੀ ਨੇ ਸਿੱਖ ਮੰਤ੍ਰ ਨੂੰ ਇਕ ਨਵੇਂ ਕ੍ਰਮ ਵਿਚ ਲਿਖਿਆ ਹੈ। ਇਹਨਾਂ ਤੁਕਾਂ ਵਿਚ, ਸ਼ਬਦ 'ਸਤਿ' ਦੀ ਤਿੰਨ ਵਾਰ ਵਰਤੋਂ, ਜਿਸ ਢੰਗ ਨਾਲ ਕੀਤੀ ਗਈ ਹੈ, ਉਸ ਤੋਂ ਸਾਫ ਪ੍ਰਗਟ ਹੁੰਦਾ ਹੈ ਕਿ ਮੂਲ ਮੰਤ੍ਰ ਦੇ ਸੰਦਰਭ (context) ਵਿਚ, ਇਸ ਸ਼ਬਦ ਨੂੰ ਵਿਸ਼ੇਸ਼ਣ ਦੇ ਰੂਪ ਵਿਚ, 'ਸਦੀਵੀ' ਦੇ ਅਰਥ ਵਿਚ, ਵਰਤਿਆ ਗਿਆ ਹੈ ।

ਅਸੀਂ ਜਾਣਦੇ ਹਾਂ ਕਿ 'ਸਤਿ' ਦੇ ਦੋ ਹੋਰ ਅਰਥ, 'ਸੱਚ' ਅਤੇ 'ਪ੍ਰਮਾਤਮਾ' ਵੀ ਹਨ, ਪਰ ਬਹੁ-ਅਰਥੀ ਸ਼ਬਦ ਦੇ ਕਿਸ ਅਰਥ ਦੀ ਵਰਤੋਂ ਕਿਸ ਥਾਂ ਤੇ ਕਰਨੀ ਹੈ ਇਸ ਗਲ ਦਾ ਫੈਸਲਾ ਵਿਸ਼ੇ ਦੇ ਪ੍ਰਕਰਨ ਦੀ ਲੋੜ ਨੂੰ ਮੁੱਖ ਰੱਖ ਕੇ ਕੀਤਾ ਜਾਂਦਾ ਹੈ। ਮੂਲ ਮੰਤ੍ਰ ਵਿਚ ਗੁਰੂ ਜੀ, ਵੱਖ ਵੱਖ ਗੁਣਵਾਚਕ ਪਦਾਂ ਦੀ ਵਰਤੋਂ ਦੁਆਰਾ, ਅੰਤਮ ਸਚਾਈ ਦੇ ਲੱਛਣਾਂ ਦਾ ਵਰਨਣ ਕਰ ਰਹੇ ਹਨ । ਇਸ ਲਈ 'ਸਤਿ' ਦਾ 'ਸਦਾ ਰਹਿਣ ਵਾਲਾ' ਅਰਥ ਲੈਣਾ ਜ਼ਿਆਦਾ ਅਨਕੂਲ ਅਤੇ ਉਚਿਤ ਭਾਸਦਾ ਹੈ । ਗੁਰੂ ਜੀ ਅੰਤਮ ਸਚਾਈ ਦਾ ਨਾਮ (ਓਅੰਕਾਰ) ਤਾਂ ਇਸ ਤੋਂ ਪਹਿਲਾਂ ਹੀ ਦੱਸ ਚੁੱਕੇ ਹਨ। ਗਿਣੇ ਮਿਣੇ ਅੱਖਰਾਂ ਦੇ ਮੰਤ੍ਰ ਵਿਚ ਉਸ ਦਾ ਦੂਸਰਾ ਨਾਮ (ਸਤਿ) ਦੱਸਣਾ, ਨਾ ਹੀ ਯੋਗ ਨਜ਼ਰ ਆਉਂਦਾ ਹੈ ਅਤੇ ਨਾ ਹੀ ਪ੍ਰਕਰਨ ਦੀ ਲੋੜ ਦੇ ਅਨੁਸਾਰ ਹੈ ।

ਉਪਰ ਆਈ ਵਿਚਾਰ ਤੋਂ ਪਿਛੋਂ ਅਸੀਂ ਸਿਖ ਮੱਤ ਦਾ ਇਕ ਹੋਰ ਸਿਧਾਂਤ ਵਰਨਣ ਕਰ ਸਕਦੇ ਹਾਂ । ਸਿਧਾਂਤ ਇਹ ਹੈ :

**ਓਅੰਕਾਰ ਇਕ ਸਦਾ ਰਹਿਣ ਵਾਲੀ ਸਚਾਈ ਹੈ ।**

(ਚਲਦਾ)

(1. ਭਾਈ ਕਾਨ੍ਹ ਸਿੰਘ, ਭਾਈ ਵੀਰ ਸਿੰਘ, ਪ੍ਰੋ: ਸਾਹਿਬ ਸਿੰਘ, ਪ੍ਰੋ: ਕਰਤਾਰ ਸਿੰਘ ਅਤੇ ਸ੍ਰੀ ਗੁਰੂ ਗਰੰਥ ਕੋਸ਼ ਦੇ ਕਰਤਾ ਨੇ 'ਸਤਿ ਨਾਮ' ਦਾ ਆਸ਼ਾ, 'ਓਅੰਕਾਰ ਦਾ ਨਾਮ ਸਦਾ ਹੋਂਦ ਰੱਖਣ ਵਾਲਾ', ਹੀ ਲਿਆ ਹੈ ।)

## ਸਿੱਖ ਸੁਸਾਇਟੀ ਆਫ ਮੈਨੀਟੋਬਾ ਦੀਆਂ ਚੋਣਾਂ ਸਰਬ-ਸੰਮਤੀ ਨਾਲ

ਵਿੱਨੀਪੈਗ ਸ਼ਹਿਰ ਤੋਂ ਬਾਹਰ ਵਸਦੇ ਸਿੱਖਾਂ ਦੀ ਜਾਣਕਾਰੀ ਲਈ ਲਿਖ ਰਿਹਾ ਹਾਂ ਕਿ ਸਿੱਖ ਸੁਸਾਇਟੀ ਆਫ ਮੈਨੀਟੋਬਾ ਦੀ ਜਨਰਲ ਬਾਡੀ ਦੀ ਮੀਟਿੰਗ 29 ਜਨਵਰੀ 1984 ਨੂੰ ਹੋਈ। ਜਿਸ ਸਾਲਾਨਾ ਮੀਟਿੰਗ ਵਿਚ ਸਾਲ 1984 ਲਈ ਪ੍ਰਬੰਧਕ ਕਮੇਟੀ ਦੀ ਚੋਣ ਸਰਬ-ਸੰਮਤੀ ਨਾਲ ਹੋਈ ।

ਵੈਨਕੂਵਰ ਤੋਂ ਛਪਣ ਵਾਲੇ ਪੰਜਾਬੀ ਪਰਚਿਆਂ ਦੇ ਸਿਆਣੇ ਪਾਠਕ ਆਪ ਹੀ ਚੰਗੀ ਤਰ੍ਹਾਂ ਜਾਣਗੇ ਕਿ ਵਿੱਨੀਪੈਗ ਦੇ ਗੁਰਦੁਆਰਾ ਵਿਚ ਕਿੰਨੀ ਕੁ ਗੜਬੜ ਹੈ ? ਕਿਉਂਕਿ ਕੁਝ ਕੁ ਲੋਕਾਂ ਨੇ ਪੰਜਾਬੀ ਪੇਪਰਾਂ ਵਿਚ, ਆਪਣੇ ਲੇਖਾਂ ਦੁਆਰਾ, ਵਿੱਨੀਪੈਗ ਦੇ ਗੁਰੂ ਘਰ ਦੇ ਪ੍ਰਬੰਧਕਾਂ ਉਪਰ, ਤਕਰੀਬਨ ਸਾਰਾ ਸਾਲ ਹੀ ਬਹੁਤ ਜ਼ਿਆਦਾ ਚਿੱਕੜ ਸੁਟਿਆ ਹੈ। ਵਿਨੀਪੈਗ ਨਿਵਾਸੀ ਤਾਂ ਇਹ ਜਾਣਦੇ ਹਨ, ਕਿ ਇਹ ਚਿੱਕੜ ਸਿਰਫ ਵਿੱਨੀਪੈਗ ਵਿਚ ਬਣ ਰਹੇ ਨਵੇਂ ਗੁਰੂ ਘਰ ਦੀ ਉਗਰਾਹੀ ਨੂੰ ਰੋਕਣ ਲਈ ਹੀ ਸੁਟਿਆ ਜਾ ਰਿਹਾ ਹੈ।

ਪਿਛਲੇ ਸਾਲ, ਕੁਝ ਲੋਕਾਂ ਨੇ ਵਿਨੀਪੈਗ ਵਿਚ ਗਲਤ ਪ੍ਰਚਾਰ ਰਾਹੀਂ ਗੁਰੂ ਘਰ ਨੂੰ ਨੁਕਸਾਨ ਪਹੁੰਚਾਣ ਦੀ ਕੋਸ਼ਿਸ਼ ਕੀਤੀ। ਪਰ ਜਦੋਂ ਕੋਈ ਪੇਸ਼ ਨਾ ਗਈ ਤਾਂ ਵੈਨਕੂਵਰ ਤੋਂ ਛਪਣ ਵਾਲੇ ਪੰਜਾਬੀ ਪਰਚੇ ਵਿਚ ਇਹਨਾਂ ਨੇ ਪ੍ਰਬੰਧਕਾਂ ਨੂੰ ਮਹੰਤ, ਮਸੰਦ, ਘੋਨ ਮੋਨ ਪ੍ਰਧਾਨ, ਹੰਕਾਰੀ, ਧੱਕੜ ਆਦਿ ਲਿਖਣਾ ਸ਼ੁਰੂ ਕਰ ਦਿਤਾ। ਕੁਝ ਕੁ ਅਨਭੋਲ ਲੋਕਾਂ ਨੇ ਸੁਝਾਅ ਵੀ ਦੇਣੇ ਸ਼ੁਰੂ ਕਰ ਦਿਤੇ ਕਿ "ਵਿਨੀਪੈਗ ਦੀ ਸੰਗਤ ਨੂੰ ਇਕਮਿਕ ਹੋਣੀ ਦੀ ਜ਼ਰੂਰਤ ਹੈ ਪਰ ਤੁਹਾਨੂੰ ਇਹ ਜਾਣਕੇ ਬਹੁਤ ਹੀ ਹੈਰਾਨੀ ਹੋਵੇਗੀ ਕਿ ਸਿੱਖ ਸੁਸਾਇਟੀ ਆਫ ਮੈਨੀਟੋਬਾ ਦੀ ਜਨਰਲ ਬਾਡੀ ਦੀ ਮੀਟਿੰਗ 2 ਅਕਤੂਬਰ 1983 ਨੂੰ ਹੋਈ, ਜਿਸ ਵਿਚ ਵੀ ਸਰਬ-ਸੰਮਤੀ ਨਾਲ ਗੁਰੂ ਘਰ ਬਨਾਉਣ ਦਾ ਫੈਸਲਾ ਕੀਤਾ ਗਿਆ । ਫਿਰ 29 ਜਨਵਰੀ ਨੂੰ 1984 ਨੂੰ ਸਾਲਾਨਾ ਮੀਟਿੰਗ ਹੋਈ, ਜਿਸ ਵਿਚ ਸਰਬ-ਸੰਮਤੀ ਨਾਲ ਪ੍ਰਬੰਧਕ ਕਮੇਟੀ ਚੁਣੀ ਗਈ। ਪਰ ਇਹਨਾਂ ਦੋਵੇਂ ਮੀਟਿੰਗਾਂ ਵਿਚ, ਕਿਸੇ ਨੇ ਵੀ ਇਕ ਵੀ, ਇਹੋ ਜਿਹਾ ਸੁਆਲ ਨਹੀਂ ਉਠਾਇਆ ਜੋ ਇਹਨਾਂ ਭਦਰ ਪੁਰਸ਼ਾਂ ਨੇ "ਕਮੇਟੀ ਉਤਰ ਦੇਵੇ", "ਕੁੱਤਾ ਰਾਜ ਬਹਾਲੀਏ, ਮੁੜ ਚੱਕੀ ਚੱਟੇ", "ਕੂੜ ਨਿਖੁਟੇ ਨਾਨਕਾ ਓੜਕ ਸਚ ਰਹੀ", "ਵਾਹ ਵਾਹ ਇਹ ਰੀਤ ਪੁਰਾਣੀ", "ਨੀਮ ਹਕੀਮ ਖਤਰਾ ਜਾਨ", "ਆਪਣੇ ਮੂੰਹ ਮੀਆਂ ਮਿੱਠੂ", "ਘੱਲੂ ਘਾਰਿਆਂ ਦਾ ਆਰੰਭ", ਆਦਿ ਵਾਲੇ ਲੇਖਾਂ ਵਿਚ ਅਣਗਿਣਤ ਬੇ-ਬੁਨਿਆਦ ਸੁਆਲ ਕੀਤੇ ।

ਪਾਠਕ ਆਪ ਅੰਦਾਜ਼ਾ ਲਾ ਸਕਦੇ ਹਨ ਕਿ ਉਪਰੋਕਤ ਨਾਮਾਂ ਵਾਲੇ ਛਪੇ ਲੇਖਾਂ ਵਿਚ ਕਿੰਨੀ ਕੁ ਸਚਾਈ ਹੈ । ਅਗਰ ਸੱਚ ਮੁਚ ਹੀ, ਵਿਨੀਪੈਗ ਵਿਚ ਇਤਨੀ ਗੜਬੜ ਹੁੰਦੀ ਤਾਂ ਫਿਰ ਪ੍ਰਬੰਧਕ ਕਮੇਟੀ ਦੀ ਚੋਣ ਸਰਬ-ਸੰਮਤੀ ਨਾਲ ਕਿਵੇਂ ਹੋ ਸਕਦੀ ਸੀ ।

ਕੁਝ ਕੁ ਹਫਤੇ ਹੋਏ, 'ਕੈਨੇਡਾ ਦਰਪਣ' ਵਿਚ ਸਿੱਖ ਸੁਸਾਇਟੀ ਆਫ ਮੈਨੀਟੋਬਾ ਦੇ ਪਿਛਲੇ ਅੱਠ ਸਾਲਾਂ ਦੇ ਪ੍ਰਧਾਨਾਂ ਦੇ ਦਸਤਖਤਾਂ ਥੱਲੇ ਇਕ "ਸਾਂਝਾ ਬਿਆਨ" ਛਪਿਆ ਸੀ, ਜੋ ਉਪਰੋਕਤ ਲੇਖਾਂ ਦੇ ਲਿਖਾਰੀ ਵਾਰੇ ਸੀ। ਜਿਸ ਨਾਲ ਪਾਠਕਾਂ ਅੰਦਰ ਪਿਆ ਭੁਲੇਖਾ ਦੂਰ ਹੋ ਗਿਆ ਹੋਵੇਗਾ । ਵਿਨੀਪੈਗ ਵਿਚ ਪ੍ਰਬੰਧਕ ਕਮੇਟੀ ਦੀ ਚੋਣ ਸਰਬ-ਸੰਮਤੀ ਨਾਲ ਹੋਣ ਦੀ ਖਬਰ ਪੜ੍ਹਕੇ ਪਾਠਕ ਹੋਰ ਵੀ ਅਸਲੀਅਤ ਤੋਂ ਜਾਣੂ ਹੋ ਗਏ ਹੋਣਗੇ ।

ਖਾਲਸਾ ਜੀ ਖਬਰਦਾਰ ਰਹੋ ! ਇਹੋ ਜਿਹੇ ਲਿਖਾਰੀ ਅਤੇ ਪੱਤਰਕਾਰ, ਉਹ ਕੌਮ ਘਾਤਕ ਹੁੰਦੇ ਹਨ ਜੋ ਆਪਣੇ ਨਿਜ਼ੀ ਫਾਇਦੇ ਲਈ ਕਿਸੇ ਸੂਬੇ ਜਾਂ ਦੇਸ਼ ਨੂੰ ਬੁੱਚੜਖਾਨਾ ਬਣਾਉਣ ਤੋਂ ਬਿਲਕੁਲ ਵੀ ਗੁਰੇਜ਼ ਨਹੀਂ ਕਰਦੇ । ਆਪਣੇ ਵਿਓਪਾਰ ਨੂੰ ਵਧਾਉਣ ਲਈ ਗੁਰੂ ਘਰਾਂ ਉਪਰ ਚਿੱਕੜ ਸੁੱਟਣ ਤੋਂ ਵੀ ਸੰਕੋਚ ਨਹੀਂ ਕਰਦੇ । ਸ਼ਾਇਦ ਇਹ ਭੁੱਲ ਗਏ ਹਨ ਕਿ ਪਾਪ ਦੀ ਕਮਾਈ ਫਲਦੀ ਨਹੀਂ ਹੁੰਦੀ । ਹੱਕ ਦੀ ਕਮਾਈ ਖਾਣਾ ਸਿਖੀ ਦਾ ਮੁਢਲਾ ਸਿਧਾਂਤ ਹੈ।

**ਪੰਥ ਦਾ ਦਾਸ**
**ਰਾਜ ਸਿੰਘ ਮਾਨ(ਵਿੱਨੀਪੈਗ)**

## ਹਾਣੀਆਂ ਦੀਆਂ ਧਾਹਾਂ

"ਸੁਰਜੀਤ" ਭਾਰਤੀ ਹਾਕੀ ਟੀਮ ਦਾ ਕੈਪਟਨ - ਪੰਜਾਬ ਦੇ ਜ਼ਿਲਾ ਗੁਰਦਾਸਪੁਰ ਦਾ ਜਮ ਪਲ ਸੀ - ਸਪੋਰਟਸ ਕਾਲਜ ਜਲੰਧਰ ਵਿਚ ਪੜ੍ਹਨ ਸਮੇਂ ਉਹ ਮੇਰਾ ਕਲਾਸ ਫੈਲੋ ਹੀ ਨਹੀਂ ਸਗੋਂ ਹੋਸਟਲ ਵਿਚ ਰੂਮ ਮੇਟ ਵੀ ਸੀ। ਕਿੱਡਾ ਵੱਡਾ ਦੁਖਾਂਤ ਹੈ ਕਿ ਭਰੀ ਜਵਾਨੀ ਵਿਚ "ਸੁਰਜੀਤ" ਦੀ ਮੌਤ ਐਕਸੀਡੈਂਟ ਦੇ ਕਾਰਨ ਕਰਤਾਰਪੁਰ ਨੇੜੇ ਜਲੰਧਰ ਜ਼ਿਲੇ ਵਿਚ ਹੋਈ। ਮੈਨੂੰ ਪ੍ਰਤੀਤ ਹੋਇਆ ਜਿਵੇਂ ਮੇਰਾ ਕੋਈ ਅਤੀ ਲੋੜੀਂਦਾ ਅੰਗ ਖੁਸ ਗਿਆ । ਅਤਿਅੰਤ ਦੁਖ ਹੋਇਆ। ਵਾਹਿਗੁਰੂ ਉਸਦੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਦੇਵੇ। ਉਸਦੇ ਦੋ ਛੋਟੇ ਛੋਟੇ ਬੱਚੇ ਹਨ। ਦੋ ਸਾਲ ਦੀ ਲੜਕੀ ਅਤੇ 5 ਸਾਲ ਦਾ ਲੜਕਾ ਜਿਨ੍ਹਾਂ ਦੀ ਉਂਗਲੀ ਉਹ ਸਦਾ ਲਈ ਛੱਡ ਗਿਆ ਹੈ। ਵਾਹਿਗੁਰੂ ਉਸ ਦੀ ਆਤਮਾ ਨੂੰ ਸ਼ਾਂਤੀ ਬਖਸ਼ੇ ।

'ਸੁਰਜੀਤ' ਦਾ ਇਕ ਮਿਤਰ
ਕਰਨੈਲ ਸਿੰਘ ਡਡਵਾਲ
ਸਪੁਤਰ ਕੈਪਟਨ ਬਖਤਾਵਰ ਸਿੰਘ ਡਡਵਾਲ, ਡੈਲਟਾ ਨਿਵਾਸੀ

(ਪੰਨਾ 4 ਦੀ ਬਾਕੀ)

ਦੇ ਪੱਖ ਵਿਚ ਹੋ ਗਿਆ ਸੀ ਇਸ ਕਰਕੇ ਉਸਦੇ ਮੁਕਾਬਲੇ ਉਤੇ ਤਾਕਤ ਖੜੀ ਕਰਨਾ ਜ਼ਰੂਰੀ ਸੀ । ਹੁਣ ਯੂਥ ਵਿੰਗ ਵਲੋਂ ਜਿਥੇ ਸੰਤ ਲੌਂਗੋਵਾਲ ਦੇ ਹਰ ਹੁਕਮ ਉਤੇ ਫੁੱਲ ਚੜ੍ਹਾਉਣ ਦਾ ਪ੍ਰਣ ਲਿਆ ਗਿਆ ਹੈ ਉਥੇ ਦਰਬਾਰ ਸਾਹਿਬ ਦੇ ਅਹਾਤੇ ਵਿਚ ਸੰਤ ਲੌਂਗੋਵਾਲ ਅਤੇ ਉਸਦੇ "ਸਾਥੀਆਂ" ਵਿਰੁੱਧ ਇਸ਼ਤਿਹਾਰ ਵੀ ਵੰਡੇ ਗਏ। ਇਨ੍ਹਾਂ ਇਸ਼ਤਿਹਾਰਾਂ ਵਿਚ "ਸੰਗਤ" ਵਲੋਂ 6 ਸੁਆਲਾਂ ਦੇ ਉਤਰ ਮੰਗੇ ਗਏ ਹਨ। ਇਸ਼ਤਿਹਾਰ ਉਤੇ ਪ੍ਰਕਾਸ਼ਕ ਅਤੇ ਛਾਪਕ ਦਾ ਕੋਈ ਨਾਂ ਨਹੀਂ ਲਿਖਿਆ ਗਿਆ - ਇਹ ਵੀ ਨਹੀਂ ਲਿਖਿਆ ਗਿਆ ਕਿ ਇਹ ਕਿਸੇ ਜਥੇਬੰਦੀ ਵਲੋਂ ਛਾਪੇ ਗਏ ਹਨ - ਇਸ ਵਿਚ ਮੁੱਖ ਤੌਰ ਉਤੇ ਪੁਛਿਆ ਗਿਆ ਹੈ ਕਿ (1) ਧਰਮ ਯੁੱਧ ਮੋਰਚੇ ਦੀਆਂ ਮੰਗਾਂ ਬਾਰੇ ਗੁਪਤ ਸੌਦੇਬਾਜ਼ੀ ਕਿਉਂ ਚੱਲ ਰਹੀ ਹੈ ? (2) ਸ੍ਰੀ ਬਾਦਲ ਕਿਸਦੀ ਆਗਿਆ ਨਾਲ ਮਾਸਕੋ ਵਿਚ ਰਾਜੀਵ ਗਾਂਧੀ ਨੂੰ ਅਤੇ ਨਿਊਯਾਰਕ ਵਿਚ ਇੰਦਰਾ ਗਾਂਧੀ ਨੂੰ ਮਿਲੇ ਸਨ (3) ਉਨ੍ਹਾਂ ਨੇ ਇੰਦਰਾ ਗਾਂਧੀ ਨੂੰ ਕਿਉਂ ਕਿਹਾ ਕਿ ਉਹ ਤਿੰਨਾਂ ਆਗੂਆਂ, ਤਲਵੰਡੀ, ਸੁਖਜਿੰਦਰ ਅਤੇ ਭਰਪੂਰ ਸਿੰਘ ਬਲਬੀਰ ਨੂੰ ਕੌਮੀ ਸੁਰੱਖਿਆ ਕਾਨੂੰਨ ਅਧੀਨ ਗ੍ਰਿਫਤਾਰ ਕਰਨ ? (4) 15 ਦਸੰਬਰ ਨੂੰ ਬਬਰ ਖਾਲਸਾ ਨਾਲ ਗੁਰੂ ਨਾਨਕ ਨਿਵਾਸ ਵਿਚ ਦੋ ਕਮਰਿਆਂ ਉਤੇ ਕਬਜ਼ੇ ਤੋਂ ਪੈਦਾ ਹੋਏ ਝਗੜੇ ਦੀ ਸਾਜ਼ਿਸ਼ ਭਿੰਡਰਾਂਵਾਲੇ ਨੂੰ ਗ੍ਰਿਫਤਾਰ ਕਰਵਾਉਣ ਲਈ ਕਿਉਂ ਰਚੀ ਗਈ ? (5) ਜਦੋਂ ਦਲ ਦੀਆਂ ਮੰਗਾਂ ਇਹ ਕਿਸਾਨਾਂ ਦੇ ਮਸਲੇ ਸ਼ਾਮਲ ਹੀ ਹਨ ਤਾਂ ਬਾਦਲ ਨੇ 31 ਜਨਵਰੀ ਦੇ ਕਿਸਾਨ ਅੰਦੋਲਨ ਵਿਚ ਅਨੰਦਪੁਰ ਮਤੇ ਨੂੰ ਛੱਡ ਕੇ ਸ਼ਾਮਲ ਹੋਣ ਲਈ ਸਹਿਮਤੀ ਕਿਉਂ ਪ੍ਰਗਟ ਕੀਤੀ ਗਈ ? (6) ਸੰਤ ਲੌਂਗੋਵਾਲ ਨੇ ਕਿਸੇ ਉਦੇਸ਼ ਲਈ ਰਣਜੀਤ ਸਿੰਘ ਨੂੰ ਗ੍ਰਿਫਤਾਰ ਕਰਵਾਇਆ ਅਤੇ ਭਿੰਡਰਾਂਵਾਲੇ ਵਿਰੁੱਧ ਬਿਆਨ ਦੇਣ ਵਾਲੇ ਅਕਾਲੀ ਆਗੂਆਂ ਹਰਚੰਦ ਸਿੰਘ ਫਤਣਵਾਲਾ, ਜੀਵਨ ਸਿੰਘ ਉਮਰਾਨੰਗਲ, ਨਿਰਲੇਪ ਕੌਰ ਅਤੇ ਸੁਰਜੀਤ ਸਿੰਘ ਸੇਖੀ ਵਿਰੁਧ ਕੋਈ ਕਾਰਵਾਈ ਕਿਉਂ ਨਹੀਂ ਕੀਤੀ ਗਈ ? — ਸੰਤ ਲੌਂਗੋਵਾਲ ਅਕਾਲੀ ਦਲ ਦੇ ਦਫਤਰ ਵਲੋਂ ਇਕ ਬੇਨਾਮੀ ਬਿਆਨ ਜਾਰੀ ਕਰਕੇ ਹੀ ਇਨ੍ਹਾਂ ਇਸ਼ਤਿਹਾਰਾਂ ਦਾ ਓਪਰਾ ਜਿਹਾ ਖੰਡਨ ਕੀਤਾ ਗਿਆ ਹੈ ।

25 ਜਨਵਰੀ, 84

## ਕਾਰਲ ਮਾਰਕਸ ਦੀ ਅੰਤਮ ਫੋਟੋ

ਬਰਲਨ—ਵਿਗਿਆਨਕ ਸਮਾਜਵਾਦ ਦੇ ਨਿਰਮਾਤਾ ਕਾਰਲ ਮਾਰਕਸ ਦੀ ਅੰਤਮ ਤਸਵੀਰ ਅਫਰੀਕੀ ਮਹਾਦੇਸ਼ ਵਿਚ ਬਣਾਈ ਗਈ। ਕਾਰਲ ਮਾਰਕਸ ਆਪਣੇ ਡਾਕਟਰ ਦੀ ਸਲਾਹ ਉਪਰ 1882 ਵਿਚ 20 ਫਰਵਰੀ ਤੋਂ 2 ਮਈ ਤਕ ਅਲਜੀਰੀਅਸ ਵਿਚ ਸਿਹਤ ਲਾਭ ਲਈ ਗਏ ਸੀ। ਕਾਰਲ ਮਾਰਕਸ ਦੇ ਏਥੇ ਪਹੁੰਚਣ ਦੇ ਕੁਝ ਹੀ ਦਿਨਾਂ ਮਗਰੋਂ ਉਹਨਾਂ ਦੀ ਇਕ ਤਸਵੀਰ ਬਣਾਈ ਗਈ ।

ਕਾਰਲ ਮਾਰਕਸ ਦੀਆਂ ਹੁਣ ਸਿਰਫ 15 ਤਸਵੀਰਾਂ ਮਿਲਦੀਆਂ ਹਨ ਇਹ ਸਾਰੀਆਂ ਤਸਵੀਰਾਂ ਮਾਰਕਸ ਏਂਗਲਜ਼ ਈਅਰ ਬੁਕ 6 ਵਿਚ ਸੰਗ੍ਰਹਿ ਕੀਤੀਆਂ ਗਈਆਂ ਹਨ । ਇਹ ਕਿਤਾਬ ਮਾਰਕਸ ਦੀ 165ਵੀਂ ਵਰ੍ਹੇ ਗੰਢ ਦੇ ਮੌਕੇ ਉਪਰ ਜਰਮਨ ਜਮਹੂਰੀ ਗਣਤੰਤਰ ਵਿਚ ਹੁਣੇ ਹੀ ਪ੍ਰਕਾਸ਼ਤ ਕੀਤੀ ਗਈ ਹੈ ।


**ਕੈਲਗਰੀ ਵਿਚ ਹਰ ਕਿਸਮ ਦੀ ਕਾਨੂੰਨੀ ਸਲਾਹ ਤੇ ਮਸ਼ਵਰੇ ਲਈ**

**ਏ. ਵੈਬਸਟਰ ਮੈਕਡਾਨਲਡ**
A. Webster Macdonald, Sr.
**Barrister And Solicitor**

**#202, 634 - 6th Ave. S.W.**
**CALGARY, ALBERTA T2P 0S4**

**ਨਰਿੰਦਰ ਨਾਥ ਮਲਿਕ**
Narinder N. Malik
**Barrister, Solicitor & Notary**
**ਜਾਇਦਾਦ, ਮਾਰਗੇਜ਼, ਐਕਸੀਡੈਂਟ ਕਲੇਮ, ਐਫੀਡੇਵਿਟ, ਤਲਾਕ ਆਦਿ ਸੇਵਾਵਾਂ ਵੀ**

**Ph.(403)263-1300**

TICKETS TO ANYWHERE

**GABA TRAVELS**

**ਤੁਹਾਡੇ ਰਿਸ਼ਤੇਦਾਰਾਂ, ਦੋਸਤਾਂ ਤੇ ਆਪਣੇ ਲਈ ਹਮੇਸ਼ਾਂ ਸਾਨੂੰ ਯਾਦ ਕਰੋ । ਅਸੀਂ ਵਾਜਬ ਕਿਰਾਏ ਤੇ ਵਧੀਆ ਸੇਵਾਵਾਂ ਦੀ ਗਰੰਟੀ ਦਿੰਦੇ ਹਾਂ ।**

**6612, MAIN ST.**
**VANCOUVER, B. C.**

**MANOHAR LAL GABA**
*GET HELP IN INDIA AT*
*NUR MAHAL PH: 49*
*JULLUNDUR PH: 74597*
*NEW DELHI PH: 44165*
*JANDIALA (JULLUNDUR)*
MOGA (Fareedkot)

**PHONE: 324-3336**

# AUJLA BROTHERS

PROUDLY PRESENT

# A.S. Kang, Parmjit Pummy & Party

## ਕੈਨੇਡਾ ਵਿੱਚ ਇੰਗਲੈਂਡ ਤੇ ਪੰਜਾਬ ਦੇ ਕਲਾਕਾਰਾਂ ਦੁਆਰਾ ਲੋਕ ਗੀਤਾਂ, ਗਜ਼ਲਾਂ, ਡਾਂਸ ਅਤੇ ਹਾਸਿਆਂ ਨਾਲ ਭਰਪੂਰ ਇਕ ਪ੍ਰਵਾਰਕ ਸ਼ਾਨਦਾਰ ਨਾ ਭੁੱਲਣ ਵਾਲੀ ਸ਼ਾਮ, ਤੁਹਾਡੇ ਸ਼ਹਿਰ ਵਿਚ

ਹਿੱਟ ਗੀਤ

- ਜੱਟੀ ਬੁਲਬੁਲ ਵਰਗੀ
- ਧੀਆਂ ਧਨ ਪਰਾਇਆ
- ਸੋਹਣੀ ਡੁੱਬ ਚੱਲੀ
- ਗਿੱਧਿਆਂ ਦੀਏ ਰਾਣੀਏ





- ਲੰਬੜਾਂ ਦੀ ਨੂੰਹ ਨੱਚਦੀ
- ਹੁੰਦੇ ਮਾਪਿਆਂ ਨੂੰ ਪੁੱਤਰ ਪਿਆਰੇ
- ਸਾਰੀ ਉਮਰ ਗਵਾ ਲਈ ਤੂੰ
- ਛੁੱਟੀਆਂ ਵੀਕ ਦੀਆਂ





ਸੀਤਲ ਸਿੰਘ
ਤਬਲੇ ਤੇ ਕਮਾਲ ਦਿਖਾਉਣ ਵਾਲਾ

**A.S. Kang :-** ਜਿਹੜਾ ਕਿ ਇੰਗਲੈਂਡ ਤੇ ਪੰਜਾਬ ਦੇ ਲੋਕਾਂ ਦੇ ਦਿਲਾਂ ਵਿੱਚ ਬੱਸ ਜਾਣ ਵਾਲੀ ਆਵਾਜ਼ ਵਾਲਾ ਮਸ਼ਹੂਰ ਸਿੰਗਰ ਹੈ। ਜੋ ਕਿ ਪੰਜਾਬੀ ਗੀਤਾਂ ਦਾ ਬਾਦਸ਼ਾਹ ਮੰਨਿਆ ਜਾਂਦਾ ਹੈ। ਇਸ ਦੇ ਗੀਤ ਇੰਗਲੈਂਡ, ਕੈਨੇਡਾ ਅਤੇ ਭਾਰਤ ਦੇ ਹਰ ਘਰ ਵਿੱਚ ਆਮ ਸੁਣੇ ਜਾਂਦੇ ਹਨ।

**Paramjit Pummy :-** ਜਿਸ ਦੀਦਿਲ ਵਿੱਚ ਉਭਰ ਜਾਣ ਵਾਲੀ ਆਵਾਜ਼ ਕੈਨੇਡਾ, ਇੰਗਲੈਂਡ ਅਤੇ ਭਾਰਤ ਵਿੱਚ ਧੁੰਮਾਂ ਪਾ ਰਹੀ ਹੈ। ਜਿਸ ਦੇ ਗੀਤ ਅੱਜ ਹਰੇਕ ਪਾਰਟੀ ਤੇ ਵੱਜਦੇ ਸੁਣੇ ਜਾਂਦੇ ਹਨ। ਜਿਵੇਂ ਜੱਟੀ ਬੁਲਬੁਲ ਵਰਗੀ, ਛੁੱਟੀਆਂ ਵੀਕ ਦੀਆਂ।



ਸਰਵਣ ਕੁਮਾਰ
ਢੋਲਕ ਮਾਸਟਰ

## ਹੁੰਮ ਹੁੰਮਾ ਕੇ ਪੁੱਜੋ

**ਸਨਿਚਰਵਾਰ March 3 1984**

**ਨਿਊਵੈਸਟਮਿਨਸਟਰ ਸੀਨੀਅਰ ਸੈਕੰਡਰੀ ਸਕੂਲ**

**(8th & Canada Way)**

**Show Time - 7.00 P.M.** Ticket $8, $10

**Door Open - 6.00 P.M.**

ਹੋਰ ਪੁੱਛ ਗਿੱਛ ਲਈ

**(403) 539-7631**

**Rana ਰਾਣਾ**

**ਮਾਨ ਵੀਡੀਓ**

**321-6667**



ਸੋਹਣ ਢੋਲਾ
ਹਾਸਿਆਂ ਦਾ ਬਾਦਸ਼ਾਹ

## ਪ੍ਰੋਗਰਾਮ

**Feb. 18, 1984 - ਟਰਾਂਟੋ**
**Feb. 19, 1984 - ਟਰਾਂਟੋ**
**Feb. 25, 1984 - ਪ੍ਰਿੰਸ ਜੌਰਜ**
**Feb. 26, 1984 - ਵਿਲੀਅਮਜ਼ ਲੇਕ**
**March 4, 1984 ਨਨਾਇਮੋ**
**March 10, 1984 ਐਡਮਿੰਟਨ, Alta**
**March 11, 1984 - ਕੈਲਗਰੀ, Alta**

**Tickets Available :**
Amar Foods - Abbotsford
Ambika Foods - Victoria Drive Van.
Samra Brothers - Delta. Mann Music & Photo Studio - Vancouver.